**214**

# ਸੈਕੰਡਰੀ ਕੋਰਸ

# ਅਰਥਸ਼ਾਸਤਰ

**ਪੁਸਤਕ-1-2**

**ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

**ਸੈਕੰਡਰੀ ਕੋਰਸ**

**214**

**ਅਰਥਸ਼ਾਸਤਰ**

**ਪੁਸਤਕ-1**

ਪਾਠਕ੍ਰਮ ਕੋਆਰਡੀਨੇਟਰ

**ਡਾ. ਮਨੀਸ਼ ਚੁੱਘ**

**ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

**(ਮਨੁੱਖੀ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ ਦੀ ਇੱਕ ਖੁਦਮੁਖਤਿਆਰ ਸੰਸਥਾ)**

**ਏ-24/25, ਵਿਦਿਅਕ ਜ਼ੋਨ, ਸੈਕਟਰ-62, ਨੋਇਡਾ-201309 (ਯੂ.ਪੀ.)**

**Website: www.nios.ac.in.**

**Toll Free No. 18001809393**

**ਮੁੜ ਪ੍ਰਕਾਸ਼ਨ: ਜਨਵਰੀ 2018**
**ਸਕੱਤਰ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਏ-24-25, ਵਿਦਿਅਕ ਜ਼ੋਨ, ਸੈਕਟਰ-62 ਨੋਇਡਾ-201309 (ਵੱਲੋਂ) ਪ੍ਰਕਾਸ਼ਿਤ ਅਤੇ ਮੈਨੂੰ ਇੰਡੀਅਨ ਪ੍ਰਿੰਟਿੰਗ ਵਰਕਸ ਈ- 4, ਰਾਣੀ ਝਾਂਸੀ ਰੋਡ, ਨਵੀਂ ਦਿੱਲੀ-110005, ਵੱਲੋਂ ਛਾਪਿਆ ਗਿਆ**

**ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

**ISBN 978-93-85808-23-4 (Book 1-2)**

**ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

**ਸਲਾਹਕਾਰ ਕਮੇਟੀ**

| | |
|---|---|
| **ਡਾ. ਐੱਸ. ਐੱਸ. ਜੈਨਾ** | **ਡਾ. ਕੁਲਦੀਪ ਅਗਰਵਾਲ** |
| ਚੇਅਰਮੈਨ | ਡਾਇਰੈਕਟਰ (ਅਕਾਦਮਿਕ) |
| ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ,ਨੋਇਡਾ | ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ, ਨੋਇਡਾ |

## ਪਾਠਕ੍ਰਮ ਕਮੇਟੀ

ਚੇਅਰਮੈਨ

ਡਾ. ਮੰਜੂ ਅਗਰਵਾਲ

ਐਸੋਸੀਏਟ ਪ੍ਰੋਫੈਸਰ ਸੀ.ਆਈ.ਈ.

ਦਿੱਲੀ ਯੂਨੀਵਰਸਿਟੀ, ਦਿੱਲੀ

ਸ੍ਰੀ ਜੇ. ਖੁੰਤਿਆ

ਐਸੋਸੀਏਟ ਪ੍ਰੋਫੈਸਰ

(ਅਰਥਸ਼ਾਸਤਰ) ਸਕੂਲ ਆਫ ਓਪਨ ਲਰਨਿੰਗ,

ਦਿੱਲੀ ਯੂਨੀਵਰਸਿਟੀ, ਦਿੱਲੀ

ਡਾ. ਮਨੀਸ਼ ਚੁੱਘ

ਅਕਾਦਮਿਕ ਅਧਿਕਾਰੀ (ਅਰਥਸ਼ਾਸਤਰ)

ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ,ਨੋਇਡਾ

ਸ੍ਰੀਮਤੀ ਰਿਤੂ ਗੁਪਤਾ

ਪ੍ਰਿੰਸੀਪਲ

ਸਨੇਹ ਇੰਟਰਨੈਸ਼ਨਲ ਸਕੂਲ

ਪ੍ਰੀਤ ਵਿਹਾਰ, ਦਿੱਲੀ

ਡਾ. ਪਦਮਾ ਸੁਰੇਸ਼

ਐਸੋਸੀਏਟ ਪ੍ਰੋਫੈਸਰ

(ਅਰਥਸ਼ਾਸਤਰ)

ਸ੍ਰੀ ਵੈਂਕਟੇਸ਼ਵਰ ਕਾਲਜ

ਦਿੱਲੀ ਯੂਨੀਵਰਸਿਟੀ, ਦਿੱਲੀ

ਪ੍ਰੋ. ਐੱਨ. ਐੱਸ. ਰਾਓ

ਐੱਮ.ਐੱਲ. ਐੱਸ. ਯੂ. (ਸੇਵਮੁਕਤ), ਉਦੇਪੁਰ, ਰਾਜਸਥਾਨ

ਕੁ. ਸਪਨਾ ਚੁੱਘ

ਪੀ.ਜੀ.ਟੀ. (ਅਰਥਸ਼ਾਸਤਰ)

ਐੱਸ.ਵੀ. ਪਬਲਿਕ ਸਕੂਲ

ਜੈਪੁਰ (ਰਾਜਸਥਾਨ)

ਸ੍ਰੀ ਏ. ਐੱਸ. ਗਰਗ

ਵਾਈਸ ਪ੍ਰਿੰਸੀਪਲ (ਸੇਵਾਮੁਕਤ)

ਆਰ.ਪੀ.ਵੀ.ਵੀ. ਗਾਂਧੀ ਨਗਰ

ਦਿੱਲੀ

ਸ੍ਰੀ ਐੱਚ. ਕੇ. ਗੁਪਤਾ

(ਸੇਵਾਮੁਕਤ) ਪੀ. ਜੀ. ਟੀ. (ਅਰਥਸ਼ਾਸਤਰ)

ਬੀ. ਆਰ. ਸਰਕਾਰੀ ਸਰਵੋਦਿਆ ਬਾਲ ਵਿਦਿਆਲਿਆ

ਸ਼ਾਹਦਰਾ, ਦਿੱਲੀ

ਡਾ. ਨੀਰਜਾ ਰਸ਼ਿਮ

ਐਸੋਸੀਏਟ ਪ੍ਰੋਫੈਸਰ

(ਅਰਥਸ਼ਸਤਰ ਵਿਭਾਗ)

ਐੱਨ.ਸੀ.ਈ. ਆਰ.ਟੀ. ਦਿੱਲੀ

ਡਾ. ਮੰਜੂ ਅਗਰਵਾਲ

ਐਸੋਸੀਏਟ ਪ੍ਰੋਫੈਸਰ ਸੀ.ਆਈ.ਈ.

ਦਿੱਲੀ ਯੂਨੀਵਰਸਿਟੀ, ਦਿੱਲੀ

ਅਨੁਵਾਦਕ

ਸ੍ਰੀ ਐੱਚ. ਕੇ. ਗੁਪਤਾ
ਪੀ.ਜੀ.ਟੀ. (ਸੇਵਾਮੁਕਤ)
ਬੀ. ਆਰ. ਸਰਕਾਰੀ
ਸਰਵੋਦਿਆ ਬਾਲ
ਵਿਦਿਆਲਿਆ
ਸ਼ਾਹਦਰਾ, ਦਿੱਲੀ

ਸ੍ਰੀ ਏ. ਐੱਸ. ਗਰਗ
ਵਾਈਸ ਪ੍ਰਿੰਸੀਪਲ (ਸੇਵਾਮੁਕਤ)
ਆਰ.ਪੀ. ਵੀ.ਵੀ. ਗਾਂਧੀ ਨਗਰ
ਦਿੱਲੀ

ਸੰਪਾਦਕ

ਸ੍ਰੀ ਏ. ਐੱਸ. ਗਰਗ
ਵਾਈਸ ਪ੍ਰਿੰਸੀਪਲ
(ਸੇਵਾਮੁਕਤ)
ਆਰ.ਪੀ. ਵੀ.ਵੀ. ਗਾਂਧੀ
ਨਗਰ
ਦਿੱਲੀ

ਸ੍ਰੀ ਐੱਚ. ਕੇ. ਗੁਪਤਾ
ਪੀ.ਜੀ.ਟੀ. (ਸੇਵਾਮੁਕਤ)
ਬੀ. ਆਰ. ਸਰਕਾਰੀ
ਸਰਵੋਦਿਆ ਬਾਲ
ਵਿਦਿਆਲਿਆ
ਸ਼ਾਹਦਰਾ, ਦਿੱਲੀ

ਡਾ. ਮਨੀਸ਼ ਚੁੱਘ
ਅਕਾਦਮਿਕ ਅਧਿਕਾਰੀ (ਅਰਥਸ਼ਾਸਤਰ)
ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ,
ਨੋਇਡਾ

ਰੇਖਾ ਚਿੱਤਰਕਾਰ

ਸ੍ਰੀ ਮਹੇਸ਼ ਸ਼ਰਮਾ
ਰੇਖਾ ਚਿੱਤਰਕਾਰ
ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ,ਨੋਇਡਾ

## ਚੇਅਰਮੈਨ ਵੱਲੋਂ

ਪਿਆਰੇ ਸਿਖਿਆਰਥੀਓ

ਕਿਉਂਕਿ ਸਮਾਜ ਦੀਆਂ ਲੋੜਾਂ ਆਮ ਤੌਰ ’ਤੇ ਅਤੇ ਖਾਸ ਤੌਰ 'ਤੇ ਕੁਝ ਵਰਗਾਂ ਦੀਆਂ ਲੋੜਾਂ ਸਮੇਂ ਦੇ ਨਾਲ ਬਦਲਦੀਆਂ ਹਨ, ਇਸ ਲਈ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਢੰਗਾਂ ਅਤੇ ਤਕਨੀਕਾਂ ਨੂੰ ਉਸ ਅਨੁਸਾਰ ਸੋਧਣਾ ਪੈਂਦਾ ਹੈ। ਸਿੱਖਿਆ ਤਬਦੀਲੀ ਦਾ ਸਾਧਨ ਹੈ। ਸਹੀ ਸਮੇਂ 'ਤੇ ਸਹੀ ਕਿਸਮ ਦੀ ਸਿੱਖਿਆ ਸਮਾਜ ਦੇ ਨਜ਼ਰੀਏ 'ਤੇ ਦ੍ਰਿੜ੍ਹ ਵਿਸ਼ਵਾਸ, ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਰਵੱਈਏ 'ਚ ਬਦਲਾਅ ਅਤੇ ਔਖੀਆਂ ਸਥਿਤੀਆਂ ਦਾ ਸਾਹਮਣਾ ਕਰਨ ਦੀ ਹਿੰਮਤ ਪੈਦਾ ਕਰ ਸਕਦੀ ਹੈ। ਇਹ ਨਿਯਮਤ ਸਮਾਜਿਕ ਪਾਠਕ੍ਰਮ ਨੂੰ ਨਵਿਆਉਣ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇੱਕ ਸਥਿਰ ਪਾਠਕ੍ਰਮ ਦਾ ਕੋਈ ਉਦੇਸ਼ ਨਹੀਂ ਹੁੰਦਾ ਕਿਉਂਕਿ ਇਹ ਵਿਅਕਤੀਆਂ ਅਤੇ ਸਮਾਜ ਦੀਆਂ ਮੌਜੂਦਾ ਲੋੜਾਂ ਅਤੇ ਇੱਛਾਵਾਂ ਨੂੰ ਪੂਰਾ ਨਹੀਂ ਕਰਦਾ।

ਇਸ ਮੰਤਵ ਲਈ ਦੇਸ਼ ਭਰ ਦੇ ਸਿੱਖਿਆ ਸ਼ਾਸਤਰੀ ਨਿਯਮਿਤ ਸਮੇਂ ਦੇ ਅੰਤਰਾਲ 'ਤੇ ਲੋੜ ਅਨੁਸਾਰ ਵਿਸ਼ੇ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਸਲਾਹ-ਮਸ਼ਵਰੇ ਲਈ ਸੰਪਰਕ ਕਰਦੇ ਹਨ। ਅਜਿਹੀਆਂ ਚਰਚਾਵਾਂ ਦਾ ਨਤੀਜਾ ਰਾਸ਼ਟਰੀ ਪਾਠਕ੍ਰਮ ਫਰੇਮਵਰਕ (NCF 2005) ਵਿੱਚ ਹੋਇਆ ਜੋ ਸਿੱਖਿਆ ਦੇ ਵੱਖ-ਵੱਖ ਪੱਧਰਾਂ, ਭਾਵੇਂ ਪ੍ਰਾਇਮਰੀ, ਐਲੀਮੈਂਟਰੀ, ਸੈਕੰਡਰੀ ਜਾਂ ਉੱਚ ਸੈਕੰਡਰੀ ਪੱਧਰਾਂ 'ਤੇ ਲੋੜੀਂਦੀ ਸਿੱਖਿਆ ਦੀਆਂ ਕਿਸਮਾਂ ਦਾ ਵਿਸਥਾਰ ਵਿੱਚ ਵਰਣਨ ਕਰਦਾ ਹੈ।

ਇਸ ਢਾਂਚੇ ਅਤੇ ਹੋਰ ਰਾਸ਼ਟਰੀ ਅਤੇ ਸਮਾਜਿਕ ਵਿਸ਼ਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਹਾਲ ਹੀ ਵਿੱਚ ਸੈਕੰਡਰੀ ਪੱਧਰ ਦੇ ਸਾਰੇ ਵਿਸ਼ਿਆਂ ਦੇ ਸਿਲੇਬਸ ਨੂੰ ਸੋਧਿਆ ਹੈ ਅਤੇ ਉਹਨਾਂ ਨੂੰ ਪ੍ਰਚੱਲਿਤ ਅਤੇ ਲੋੜ ਆਧਾਰਿਤ ਬਣਾਇਆ ਹੈ। ਪਾਠਕ੍ਰਮ ਸਮੱਗਰੀ ਦੀ ਸਿਰਜਣਾ, ਜੋ ਕਿ ਇੱਕ ਓਪਨ ਅਤੇ ਡਿਸਟੈਂਸ ਐਜੂਕੇਸ਼ਨ ਵਿਧੀ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ, ਓਪਨ ਸਕੂਲਿੰਗ ਦੀਆਂ ਸਾਰੀਆਂ ਰਾਸ਼ਟਰੀ ਸੰਸਥਾਵਾਂ ਦੇ ਪ੍ਰੋਗਰਾਮ ਦਾ ਇੱਕ ਅਨਿੱਖੜਵਾਂ ਅਤੇ ਜ਼ਰੂਰੀ ਹਿੱਸਾ ਹੈ। ਇਸ ਲਈ ਅਸੀਂ ਗਿਆਨ ਦੀ ਸਮੱਗਰੀ ਨੂੰ ਉਪਭੋਗਤਾ ਦੇ ਅਨੁਕੂਲ, ਦਿਲਚਸਪ ਅਤੇ ਤੁਹਾਡੇ ਲਈ ਆਕਰਸ਼ਕ ਬਣਾਉਣ ਲਈ ਵਿਸ਼ੇਸ਼ ਧਿਆਨ ਰੱਖਿਆ ਹੈ।

ਮੈਂ ਇਸ ਵਿਸ਼ੇ ਦੀ ਸਮੱਗਰੀ ਨੂੰ ਦਿਲਚਸਪ ਬਣਾਉਣ ਵਿੱਚ ਸ਼ਾਮਲ ਸਾਰੇ ਉੱਘੇ ਵਿਅਕਤੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਤੁਹਾਡੀ ਲੋੜ ਅਨੁਸਾਰ, ਮੈਂ ਉਮੀਦ ਕਰਦਾ ਹਾਂ ਕਿ ਤੁਹਾਨੂੰ ਇਹ ਦਿਲਚਸਪ ਲੱਗੇਗਾ ਅਤੇ ਤੁਸੀਂ ਇਸ ਨੂੰ ਗ੍ਰਹਿਣ ਕਰਨ ਦੇ ਯੋਗ ਹੋਵੋਗੇ।

ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ ਦੀ ਤਰਫ਼ੋਂ, ਮੈਂ ਤੁਹਾਡੇ ਸਾਰਿਆਂ ਦੇ ਉੱਜਵਲ ਅਤੇ ਸਫਲ ਭਵਿੱਖ ਦੀ ਕਾਮਨਾ ਕਰਦਾ ਹਾਂ।

**(ਡਾ. ਐੱਸ. ਐੱਸ. ਜੇਨਾ)**

**ਪ੍ਰਧਾਨ**

**ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

## ਨਿਰਦੇਸ਼ਕ ਵੱਲੋਂ

ਪਿਆਰੇ ਸਿਖਿਆਰਥੀਓ,

ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ ਦਾ ਅਕਾਦਮਿਕ ਵਿਭਾਗ ਅਕਸਰ ਤੁਹਾਡੀਆਂ ਲੋੜਾਂ ਅਤੇ ਇੱਛਾਵਾਂ ਦੇ ਅਨੁਸਾਰ ਜਦੋਂ ਅਸੀਂ ਸੈਕੰਡਰੀ ਪੱਧਰ 'ਤੇ ਸਾਰੇ ਵਿਸ਼ਿਆਂ ਦੇ ਸਿਲੇਬਸ ਨੂੰ ਸੋਧਦੇ ਹਾਂ ਤਾਂ ਨਵੇਂ ਪ੍ਰੋਗਰਾਮ ਲਿਆਉਣ ਦੀ ਕੋਸ਼ਿਸ਼ ਕਰਦੇ ਹਾਂ। ਇੱਕ ਅਜਿਹਾ ਪਾਠਕ੍ਰਮ ਤਿਆਰ ਕਰਨ ਲਈ ਜੋ ਦੇਸ਼ ਦੇ ਦੂਜੇ ਬੋਰਡਾਂ ਦੇ ਬਰਾਬਰ ਹੋਵੇ, ਅਸੀਂ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਅਤੇ ਕਈ ਰਾਜ ਸੈਕੰਡਰੀ ਸਿੱਖਿਆ ਬੋਰਡਾਂ ਦੇ ਵੱਖ-ਵੱਖ ਵਿਸ਼ਿਆਂ ਦੇ ਸਿਲੇਬਸ 'ਤੇ ਵਿਚਾਰ ਕੀਤਾ ਹੈ। ਨੈਸ਼ਨਲ ਕਾਉਂਸਿਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ ਦੁਆਰਾ ਵਿਕਸਤ ਕੀਤਾ ਗਿਆ ਰਾਸ਼ਟਰੀ ਪਾਠਕ੍ਰਮ ਫਰੇਮਵਰਕ ਆਧਾਰ ਬਿੰਦੂ ਰੱਖਿਆ ਗਿਆ। ਵਿਸਤ੍ਰਿਤ ਤੁਲਨਾਤਮਕ ਅਧਿਐਨ ਕਰਨ ਤੋਂ ਬਾਅਦ, ਅਸੀਂ ਇੱਕ ਪਾਠਕ੍ਰਮ ਤਿਆਰ ਕੀਤਾ ਜੋ ਕਾਰਜਸ਼ੀਲ, ਜੀਵਨ ਦੀਆਂ ਸਥਿਤੀਆਂ ਨਾਲ ਸਬੰਧਤ ਅਤੇ ਸਰਲ ਸੀ। ਦੇਸ਼ ਦੇ ਪ੍ਰਮੁੱਖ ਸਿੱਖਿਆ ਸ਼ਾਸਤਰੀਆਂ ਦੀ ਸ਼ਮੂਲੀਅਤ ਵਿੱਚ ਅਸੀਂ ਉਨ੍ਹਾਂ ਦੀ ਅਗਵਾਈ ਹੇਠ ਨਾਲ ਪਾਠਕ੍ਰਮ ਨੂੰ ਸੋਧਣ ਦੇ ਯੋਗ ਹੋਏ ਹਾਂ।

ਇਸਦੇ ਨਾਲ ਹੀ, ਅਸੀਂ ਪਾਠ ਸਮੱਗਰੀ 'ਤੇ ਧਿਆਨ ਕੇਂਦਰਿਤ ਕੀਤਾ। ਅਸੀਂ ਪੁਰਾਣੀ ਅਤੇ ਅਪ੍ਰਚੱਲਿਤ ਸੂਚਨਾ ਨੂੰ ਹਟਾ ਦਿੱਤਾ ਹੈ ਅਤੇ ਨਵੀਂ ਅਤੇ ਸਬੰਧਿਤ ਸਮੱਗਰੀ ਨੂੰ ਸ਼ਾਮਲ ਕਰਕੇ ਇਸਨੂੰ ਤੁਹਾਡੇ ਲਈ ਆਕਰਸ਼ਕ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਮੈਨੂੰ ਉਮੀਦ ਹੈ ਕਿ ਤੁਹਾਡੇ ਕੋਲ ਹੁਣ ਜੋ ਨਵੀਂ ਕੋਰਸ ਸਮੱਗਰੀ ਹੈ, ਉਹ ਤੁਹਾਡੇ ਲਈ ਦਿਲਚਸਪ ਅਤੇ ਖੋਜ ਭਰਪੂਰ ਹੋਵੇਗੀ, ਸੁਧਾਰ ਲਈ ਸੁਝਾਵਾਂ ਦਾ ਸੁਆਗਤ ਹੈ।

ਮੈਂ ਤੁਹਾਡੇ ਸਾਰਿਆਂ ਦੇ ਖੁਸ਼ਹਾਲ ਅਤੇ ਸਫਲ ਭਵਿੱਖ ਦੀ ਕਾਮਨਾ ਕਰਦਾ ਹਾਂ।

**(ਡਾ. ਕੁਲਦੀਪ ਅਗਰਵਾਲ)**
**ਡਾਇਰੈਕਟਰ (ਸਿੱਖਿਆ)**
**ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

## ਤੁਹਾਡੇ ਨਾਲ ਦੋ ਸ਼ਬਦ

ਪਿਆਰੇ ਸਿਖਿਆਰਥੀਓ,

ਅਰਥ ਸ਼ਾਸਤਰ ਦੇ ਸੋਧੇ ਹੋਏ ਸਿਲੇਬਸ ਵਿੱਚ ਤੁਹਾਡਾ ਸੁਆਗਤ ਹੈ। ਸਿੱਖਿਆ ਦੀ ਰਸਮੀ ਵਿਧੀ ਦੇ ਉਲਟ ਜਿੱਥੇ ਅਰਥ ਸ਼ਾਸਤਰ ਦਾ ਵਿਸ਼ਾ ਸਮਾਜਿਕ ਵਿਗਿਆਨ ਦੀ ਕਿਤਾਬ ਵਿੱਚ ਰੱਖਿਆ ਗਿਆ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ (ਐਨਆਈਓਐਸ), ਮੌਜੂਦਾ ਸਮੱਸਿਆਵਾਂ ਅਤੇ ਚੁਣੌਤੀਆਂ ਜਿਨ੍ਹਾਂ ਦਾ ਅੱਜ ਸਾਹਮਣਾ ਸਾਡੀ ਅਰਥਵਿਵਸਥਾ ਕਰ ਰਹੀ ਹੈ ਅਤੇ ਇਸ ਤੋਂ ਬਾਹਰ ਨਿਕਲਣ ਦਾ ਯਤਨ ਕਰ ਰਹੀ ਹੈ, ਇਸ ਦੇ ਨਾਲ ਤੁਹਾਨੂੰ ਅਰਥਸ਼ਾਸਤਰ ਦਾ ਇੱਕ ਸੁਤੰਤਰ ਵਿਸ਼ੇ ਦੇ ਰੂਪ  ਵਿੱਚ ਅਧਿਐਨ ਕਰਨ ਦਾ ਮੌਕਾ ਦਿੰਦਾ ਹੈ।

ਸਿਲੇਬਸ ਵਿੱਚ ਦੋ ਪੁਸਤਕਾਂ ਹਨ, ਜਿਨ੍ਹਾਂ ਵਿੱਚੋਂ ਇਹ ਪਹਿਲੀ ਪੁਸਤਕ ਹੈ। ਸਾਰਾ ਸਿਲੇਬਸ ਅੱਠ ਮੌਡਿਊਲਾਂ ਵਿੱਚ ਵੰਡਿਆ ਗਿਆ ਹੈ। ਪੁਸਤਕ-1 ਵਿੱਚ ਮੌਡਿਊਲ 1 ਤੋਂ IV ਤੱਕ ਸ਼ਾਮਲ ਹਨ, ਇਸ ਵਿੱਚ ਪਹਿਲੇ ਤੇਰ੍ਹਾਂ ਪਾਠ ਹਨ। ਲਗਭਗ ਸਾਰੇ ਮੌਡਿਊਲ ਅਤੇ ਪਾਠ ਤੁਹਾਡੇ ਆਰਥਿਕ ਜੀਵਨ ਅਤੇ ਦੇਸ਼ ਦੀ ਆਰਥਿਕ ਸਥਿਤੀ ਨਾਲ ਸਬੰਧਤ ਹਨ। ਉਦਾਹਰਨ ਲਈ, ਪਹਿਲੇ ਮੌਡਿਊਲ ਦੀ ਕੋਰਸ ਸਮੱਗਰੀ ਅਤੇ ਦੂਜੇ ਮੋਡਿਊਲ ਦੇ ਕੁਝ ਹਿੱਸੇ ਲੋੜਾਂ ਨਾਲ ਸਬੰਧਤ ਹਨ। ਸਾਡੇ ਸਾਰਿਆਂ ਦੀਆਂ ਜ਼ਰੂਰਤਾਂ ਹਨ, ਪਰ ਅਰਥ ਸ਼ਾਸਤਰ ਵਿੱਚ, ਜ਼ਰੂਰਤ ਦਾ ਅਸਲ ਅਰਥ ਕੀ ਹੈ ਅਤੇ ਇਹ ਇੱਛਾਵਾਂ ਤੋਂ ਕਿਵੇਂ ਵੱਖਰੀ ਹੈ। ਇਹਨਾਂ ਦੀਆਂ ਵਿਸ਼ੇਸ਼ਤਾਵਾਂ ਕੀ ਹਨ ਆਦਿ ਨੂੰ ਇਸ ਮੌਡਿਊਲ ਵਿੱਚ ਸਪੱਸ਼ਟ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਅਗਲੇ ਮੌਡਿਊਲ ਵਿੱਚ ਅਰਥ ਸ਼ਾਸਤਰ ਦੇ ਹੋਰ ਪਹਿਲੂਆਂ ਨੂੰ ਕ੍ਰਮਵਾਰ ਪੇਸ਼ ਕੀਤਾ ਹੈ। ਤੀਜੇ ਅਤੇ ਚੌਥੇ ਮੌਡਿਊਲ ਵਿੱਚ, ਅਸੀਂ ਉਤਪਾਦਨ, ਲਾਗਤ, ਆਮਦਨ ਅਤੇ ਵਸਤਾਂ  ਅਤੇ ਸੇਵਾਵਾਂ ਦੀ ਵੰਡ ਦੇ ਸੰਕਲਪਾਂ ਨੂੰ ਪੇਸ਼ ਕੀਤਾ ਹੈ।

ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਗਣਨਾ ਕਰਨ ਲਈ ਵਸਤਾਂ  ਅਤੇ ਸੇਵਾਵਾਂ ਆਰਥਿਕਤਾ ਦੇ ਬਹੁਤ ਮਹੱਤਵਪੂਰਨ ਪਹਿਲੂ ਹਨ। ਇਸ ਸੰਕਲਪ ਨੂੰ ਵਿਸਥਾਰ ਵਿੱਚ ਸਮਝਾਉਣ ਲਈ, ਅਸੀਂ ਚੌਥੇ ਮੌਡਿਊਲ ਵਿੱਚ ਮੰਗ ਅਤੇ ਸਪਲਾਈ ਦੀ ਚਰਚਾ ਕੀਤੀ ਹੈ। ਪੁਸਤਕ-1 ਦੇ ਵੱਖ-ਵੱਖ ਹਿੱਸਿਆਂ ਦਾ ਅਧਿਐਨ ਕਰਨ ਨਾਲ ਤੁਹਾਨੂੰ ਪੁਸਤਕ-2 ਵਿੱਚ ਦਿੱਤੇ ਗਏ ਵੱਖ-ਵੱਖ ਪਾਠਾਂ ਨੂੰ ਸਮਝਣ ਵਿੱਚ ਮਦਦ ਮਿਲੇਗੀ।

ਮੌਡਿਊਲ ਨੂੰ ਅਰਥ ਸ਼ਾਸਤਰ ਦੇ ਖੇਤਰ ਵਿੱਚ ਨਿਪੁੰਨ ਵਿਅਕਤੀਆਂ ਦੁਆਰਾ ਲਿਖਿਆ ਗਿਆ ਹੈ। ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਸਿਖਿਆਰਥੀਆਂ ਲਈ ਵਿਸ਼ਾ ਸਮੱਗਰੀ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰਨ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਅਰਥ ਸ਼ਾਸਤਰ ਦੀ ਮੌਜੂਦਾ ਅਧਿਐਨ ਸਮੱਗਰੀ ਤੁਹਾਨੂੰ ਅਰਥ ਸ਼ਾਸਤਰ ਦੀ ਵਿਸ਼ਾ ਸਮੱਗਰੀ ਵਿੱਚ ਪੂਰਾ ਗਿਆਨ ਪ੍ਰਦਾਨ ਕਰੇਗੀ। ਨਤੀਜੇ ਵਜੋਂ, ਤੁਹਾਡੇ ਅੰਦਰ ਭਵਿੱਖ ਵਿੱਚ ਵਿਸ਼ੇ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਉਤਸੁਕਤਾ ਪੈਦਾ ਹੋਵੇਗੀ।

ਮੈਂ ਤੁਹਾਨੂੰ ਤੁਹਾਡੇ ਭਵਿੱਖ ਦੇ ਯਤਨਾਂ ਵਿੱਚ ਸਫਲਤਾ ਦੀ ਕਾਮਨਾ ਕਰਦਾ ਹਾਂ।

**(ਡਾ. ਮਨੀਸ਼ ਚੁੱਘ)**

**ਸਿੱਖਿਆ ਅਧਿਕਾਰੀ (ਅਰਥਸ਼ਾਸਤਰ)**

**ਕੋਰਸ ਟੀਮ, ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ**

## ਅਧਿਐਨ ਸਮੱਗਰੀ ਦੀ ਵਰਤੋਂ ਕਿਵੇਂ ਕਰੀਏ

ਸ਼ੁਭਕਾਮਨਾਵਾਂ। ਤੁਸੀਂ ਇੱਕ ਸਵੈ-ਸਿੱਖਿਅਕ ਬਣਨ ਦੀ ਚੁਣੌਤੀ ਨੂੰ ਸਵੀਕਾਰ ਕੀਤਾ ਹੈ। ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਹਰ ਪੜਾਅ 'ਤੇ ਤੁਹਾਡੇ ਨਾਲ ਹੈ ਅਤੇ ਤੁਹਾਨੂੰ ਧਿਆਨ ਵਿੱਚ ਰੱਖਦੇ ਹੋਏ ਮਾਹਿਰਾਂ ਦੀ ਇੱਕ ਟੀਮ ਦੁਆਰਾ ਅਰਥਵਿਵਸਥਾ ਦੀ ਸਮੱਗਰੀ ਤਿਆਰ ਕੀਤੀ ਗਈ ਹੈ। ਸੁਤੰਤਰ ਗਿਆਨ ਦਾ ਸਮਰਥਨ ਕਰਨ ਵਾਲੇ ਮਾਡਲ ਦੀ ਪਾਲਣਾ ਕੀਤੀ ਗਈ ਹੈ। ਜੇਕਰ ਤੁਸੀਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋ ਤਾਂ ਤੁਸੀਂ ਇਸ ਸਮੱਗਰੀ ਦਾ ਵੱਧ ਤੋਂ ਵੱਧ ਲਾਭ ਲੈ ਸਕਦੇ ਹੋ। ਸਮੱਗਰੀ ਵਿੱਚ ਵਰਤੀਆਂ ਗਈਆਂ ਢੁਕਵੀਆਂ ਤਸਵੀਰਾਂ ਤੁਹਾਡੀ ਅਗਵਾਈ ਕਰਨਗੀਆਂ।

**ਸਿਰਲੇਖ:** ਇਹ ਵਿਸ਼ਾ ਸਮੱਗਰੀ ਲਈ ਸਪੱਸ਼ਟ ਸੰਕੇਤ ਪ੍ਰਦਾਨ ਕਰੇਗਾ। ਇਹ ਜ਼ਰੂਰ ਪੜ੍ਹੋ।

**ਭੂਮਿਕਾ**: ਇਹ ਤੁਹਾਨੂੰ ਪਾਠ ਤੋਂ ਜਾਣੂ ਕਰਵਾਏਗੀ ਅਤੇ ਇਸਨੂੰ ਪਿਛਲੇ ਪਾਠ ਨਾਲ ਵੀ ਜੋੜੇਗੀ।

**ਉਦੇਸ਼**: ਇਹ ਗਿਆਨ ਪ੍ਰਾਪਤ ਕਰਨ ਦੇ ਨਤੀਜਿਆਂ ਦੇ ਕਥਨ ਹੁੰਦੇ ਹਨ ਜੋ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਹਾਡੇ ਕੋਲ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਤੁਹਾਡੇ ਤੋਂ ਉਹਨਾਂ ਨੂੰ ਪ੍ਰਾਪਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਉਹਨਾਂ ਨੂੰ ਪੜ੍ਹਨਾ ਯਕੀਨੀ ਬਣਾਓ ਅਤੇ ਜਾਂਚ ਕਰੋ ਕਿ ਕੀ ਤੁਸੀਂ ਉਹਨਾਂ ਨੂੰ ਪ੍ਰਾਪਤ ਕੀਤਾ ਹੈ।

**ਵਿਸ਼ਾ ਸਮੱਗਰੀ:** ਸਮੁੱਚੀ ਵਿਸ਼ਾ ਸਮੱਗਰੀ ਨੂੰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਇੱਕ ਭਾਗ ਸਾਨੂੰ ਇੱਕ ਵਿਸ਼ੇ ਤੋਂ ਦੂਜੇ ਵਿਸ਼ੇ ਵਿੱਚ ਲੈ ਜਾਂਦੇ ਹਨ। ਬੋਲਡ, ਟੇਢੀ ਜਾਂ ਡੱਬੀ ਵਾਲੀ ਰੀਡਿੰਗ ਸਮੱਗਰੀ ਮਹੱਤਵਪੂਰਨ ਹੈ ਅਤੇ ਇਸ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

**ਟਿੱਪਣੀ**: ਹਰ ਪੰਨੇ 'ਤੇ ਤੁਹਾਡੇ ਲਈ ਮਹੱਤਵਪੂਰਨ ਨੁਕਤੇ ਜਾਂ ਟਿੱਪਣੀਆਂ ਕਰਨ ਲਈ ਹਾਸ਼ੀਏ ਵਿੱਚ ਇੱਕ ਖਾਲੀ ਥਾਂ ਹੈ।

**ਪਾਠਕ੍ਰਮ ਪ੍ਰਸ਼ਨ**: ਹਰੇਕ ਭਾਗ ਦੇ ਬਾਅਦ ਸਵੈ-ਟੈਸਟਿੰਗ ਉਦੇਸ਼ ਕਿਸਮ ਦੇ ਪ੍ਰਸ਼ਨਾਂ ਦੇ ਜਵਾਬ ਦਿੱਤੇ ਜਾਣੇ ਹਨ। ਇਹ ਪਾਠ ਦੇ ਅੰਤ ਵਿੱਚ ਦਿੱਤੇ ਗਏ ਹਨ। ਇਹ ਤੁਹਾਡੀ ਤਰੱਕੀ ਦੀ ਜਾਂਚ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਉਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ। ਸਫਲਤਾਪੂਰਵਕ ਸੰਪੂਰਨਤਾ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰੇਗੀ ਕਿ ਤੁਸੀਂ ਅੱਗੇ ਵਧਣਾ ਹੈ ਜਾਂ ਨਹੀਂ ਜਾਂ ਪਿੱਛੇ ਜਾਣਾ ਹੈ ਅਤੇ ਦੁਬਾਰਾ ਪੜ੍ਹਨਾ ਹੈ।

**ਤੁਸੀਂ ਕੀ ਸਿੱਖਿਆ**: ਇਹ ਪਾਠ ਦੇ ਮੁੱਖ ਨੁਕਤਿਆਂ ਦਾ ਸਾਰ ਹੈ। ਇਹ ਤੁਹਾਨੂੰ ਦੁਹਰਾਉਣ ਅਤੇ ਯਾਦ ਕਰਨ ਵਿੱਚ ਮਦਦ ਕਰੇਗਾ। ਇਸ ਵਿੱਚ ਤੁਹਾਡੇ ਆਪਣੇ ਪੁਆਇੰਟ ਜੋੜਨ ਲਈ ਵੀ ਤੁਹਾਡਾ ਸੁਆਗਤ ਹੈ।

**ਪਾਠ ਦੇ ਅੰਤ ਦੇ ਪ੍ਰਸ਼ਨ:** ਇਹ ਲੰਬੇ ਅਤੇ ਛੋਟੇ ਸਵਾਲ ਹਨ ਜੋ ਪੂਰੇ ਪਾਠ ਨੂੰ ਸਪੱਸ਼ਟ ਰੂਪ ਵਿੱਚ ਸਮਝਣ ਲਈ ਅਭਿਆਸ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।

**ਪਾਠਕ੍ਰਮ ਪ੍ਰਸ਼ਨਾਂ ਦੇ ਉੱਤਰ**: ਇਹ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰਨਗੇ ਕਿ ਤੁਸੀਂ ਕਿੰਨੇ ਪਾਠਕ੍ਰਮ ਪ੍ਰਸ਼ਨਾਂ ਦੇ ਸਹੀ ਜਵਾਬ ਦਿੱਤੇ ਹਨ।

**ਅੱਜ ਹੀ ਕਰੋ:** ਸੰਕਲਪ ਦੀ ਬਿਹਤਰ ਸਮਝ ਲਈ ਕੁਝ ਗਤੀਵਿਧੀਆਂ ਦਾ ਸੁਝਾਅ ਵੀ ਦਿੱਤਾ ਗਿਆ ਹੈ।

## ਵਿਸ਼ਾ ਸਮੱਗਰੀ ਦੀ ਸੰਖੇਪ ਝਲਕ

### 1


ਮੌਡਿਊਲ 1: ਅਰਥਸ਼ਾਸਤਰ ਨੂੰ ਸਮਝਣਾ

1 ਅਰਥਸ਼ਾਸਤਰ ਕੀ ਹੈ

2 ਮਨੁੱਖੀ ਜ਼ਰੂਰਤਾਂ

3 ਵਸਤਾਂ ਅਤੇ ਸੇਵਾਵਾਂ

ਮੌਡਿਊਲ 2 : ਅਰਥਵਿਵਸਥਾ ਦੇ ਵਿਸ਼ੇ ਵਿੱਚ

4 ਅਰਥਵਿਵਸਥਾ – ਅਰਥ ਅਤੇ ਕਿਸਮਾਂ

5 ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ

6. ਮੁੱਢਲੀਆਂ ਆਰਥਿਕ ਗਤੀਵਿਧੀਆਂ

ਮੌਡਿਊਲ 3: ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨਾ

7.ਉਤਪਾਦਨ

8. ਲਾਗਤ ਅਤੇ ਆਮਦਨ

ਮੌਡਿਊਲ 4: ਵਸਤਾਂ ਅਤੇ ਸੇਵਾਵਾਂ ਦੀ ਵੰਡ

9. ਮੰਗ

10. ਸਪਲਾਈ

11. ਕੀਮਤ ਅਤੇ ਮਾਤਰਾ ਦਾ ਨਿਰਧਾਰਨ

12. ਬਾਜ਼ਾਰ

13. ਕੀਮਤ ਅਤੇ ਮਾਤਰਾ ਦੇ ਨਿਰਧਾਰਨ ਵਿੱਚ ਸਰਕਾਰ ਦੀ ਭੂਮਿਕਾ

ਪ੍ਰਤੀਪੁਸ਼ਟੀ ਫਾਰਮ


### 2


ਮੌਡਿਊਲ 5: ਮੁਦਰਾ, ਬੈਂਕਿੰਗ ਅਤੇ ਬੀਮਾ

14. ਪੈਸਾ ਅਤੇ ਉਸ ਦੀ ਭੂਮਿਕਾ

15. ਬੈਂਕਿੰਗ ਅਤੇ ਕਰੈਡਿਟ

16. ਬੱਚਤ ਅਤੇ ਬੀਮਾ

ਮੌਡਿਊਲ: 6 ਅਰਥਵਿਵਸਥਾ ਵਿੱਚ ਅੰਕੜਿਆਂ ਦੀ ਪੇਸ਼ਕਾਰੀ ਅਤੇ ਵਿਸ਼ਲੇਸ਼ਣ

17. ਅੰਕੜਿਆਂ ਦਾ ਸੰਗ੍ਰਹਿ ਅਤੇ ਪੇਸ਼ਕਾਰੀ

18. ਅੰਕੜਿਆਂ ਦਾ ਵਿਸ਼ਲੇਸ਼ਣ

ਮੌਡਿਊਲ: 7 ਭਾਰਤੀ ਅਰਥਵਿਵਸਥਾ

19. ਭਾਰਤੀ ਅਰਥਵਿਵਸਥਾ- ਸੰਖੇਪ ਜਾਣਕਾਰੀ

20. ਭਾਰਤੀ ਅਰਥਵਿਵਸਥਾ ਦੇ ਖੇਤਰੀ ਪਹਿਲੂ

21. ਭਾਰਤੀ ਅਰਥਵਿਵਸਥਾ ਦੇ ਸਾਹਮਣੇ ਚੁਣੌਤੀਆਂ

22. ਭਾਰਤੀ ਅਰਥਵਿਵਸਥਾ-ਵਿਸ਼ਵ ਦੇ ਸੰਦਰਭ ਵਿੱਚ

ਮੌਡਿਊਲ: 8 ਸਮਕਾਲੀ ਆਰਥਿਕ ਸਮੱਸਿਆਵਾਂ

23. ਵਾਤਾਵਰਨ ਅਤੇ ਟਿਕਾਊ ਵਿਕਾਸ

24. ਖਪਤਕਾਰ ਜਾਗਰੂਕਤਾ

- ਪ੍ਰਸ਼ਨ ਪੱਤਰ ਦੀ ਰਚਨਾ
- ਬਲੂ ਪ੍ਰਿੰਟ
- ਨਮੂਨਾ ਪ੍ਰਸ਼ਨ ਪੱਤਰ
- ਅੰਕ ਯੋਜਨਾ
- ਪਾਠਕ੍ਰਮ
- ਪ੍ਰਤੀਪੁਸ਼ਟੀ ਫਾਰਮ

## ਵਿਸ਼ਾ ਸੂਚੀ


| | **ਮੌਡਿਊਲ: 1 ਅਰਥਸ਼ਾਸਤਰ ਨੂੰ ਸਮਝਣਾ** | ਪੇਜ ਨੰਬਰ |
|---|---|---|
| 1 | ਅਰਥਸ਼ਾਸਤਰ ਕੀ ਹੈ | 1-10 |
| 2 | ਮਨੁੱਖੀ ਜ਼ਰੂਰਤਾਂ | 11-21 |
| 2 | ਵਸਤਾਂ ਅਤੇ ਸੇਵਾਵਾਂ | 22-32 |
| | **ਮੌਡਿਊਲ: 2 ਅਰਥਵਿਵਸਥਾ ਦੇ ਵਿਸ਼ੇ ਬਾਰੇ** | |
| 4 | ਅਰਥਵਿਵਸਥਾ : ਅਰਥ ਅਤੇ ਕਿਸਮਾਂ | 33-50 |
| 5 | ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ | 51-61 |
| 6 | ਮੁੱਢਲੀਆਂ ਆਰਥਿਕ ਗਤੀਵਿਧੀਆਂ | 62-72 |
| | **ਮੌਡਿਊਲ: 3 ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨਾ** | |
| 7 | ਉਤਪਾਦਨ | 73-96 |
| 8 | ਲਾਗਤ ਅਤੇ ਆਮਦਨ | 97-110 |
| | **ਮੌਡਿਊਲ: 4 ਵਸਤੂਆਂ ਅਤੇ ਸੇਵਾਵਾਂ ਦੀ ਵੰਡ** | |
| 9 | ਮੰਗ | 111-128 |
| 10 | ਸਪਲਾਈ | 129-146 |
| 11 | ਕੀਮਤ ਅਤੇ ਮਾਤਰਾ ਦਾ ਨਿਰਧਾਰਨ | 147-158 |
| 12 | ਬਾਜ਼ਾਰ | 159-168 |
| 13 | ਕੀਮਤ ਅਤੇ ਮਾਤਰਾ ਦੇ ਨਿਰਧਾਰਨ ਵਿੱਚ ਸਰਕਾਰ ਦੀ ਭੂਮਿਕਾ | 169-180 |

# 1

# ਅਰਥਸ਼ਾਸਤਰ ਕੀ ਹੈ

ਅਸੀਮਤ ਮਾਤਰਾ ਵਿੱਚ ਉਤਪਾਦਨ ਨਹੀਂ ਕਰ ਸਕਦੇ। ਇਨ੍ਹਾਂ ਵਸਤਾਂ ਦਾ ਉਤਪਾਦਨ ਕਰਨ ਲਈ ਸਰੋਤਾਂ ਨੂੰ ਵੰਡਣਾ ਪੈਂਦਾ ਹੈ। ਮੰਨ ਲਓ, ਇਨ੍ਹਾਂ ਵਿੱਚੋਂ ਕਿਸੇ ਇੱਕ ਵਸਤੂ ਜਿਵੇਂ ਕਣਕ ਦੀ ਮੰਗ ਵਿੱਚ ਵਾਧਾ ਹੋ ਜਾਂਦਾ ਹੈ, ਇਸ ਲਈ ਇਸ ਨੂੰ ਜ਼ਿਆਦਾ ਮਾਤਰਾ ਵਿੱਚ ਉਤਪਾਦਨ ਕਰਨਾ ਪੈਂਦਾ ਹੈ ਜਿਸ ਲਈ ਸਾਨੂੰ ਜ਼ਿਆਦਾ ਸਰੋਤਾਂ ਦੀ ਜ਼ਰੂਰਤ ਪੈਂਦੀ ਹੈ। ਪਰ ਦਿੱਤਾ ਹੋਇਆ ਹੈ ਕਿ ਸਰੋਤ ਸੀਮਤ ਹਨ, ਅਸੀਂ ਜ਼ਿਆਦਾ ਕਣਕ ਦਾ ਉਤਪਾਦਨ ਸਿਰਫ਼ ਕੱਪੜੇ ਦੇ ਉਤਪਾਦਨ ਵਿੱਚੋਂ ਕੁਝ ਸਰੋਤਾਂ ਨੂੰ ਕੱਢ ਕੇ ਅਤੇ ਇਨ੍ਹਾਂ ਨੂੰ ਕਣਕ ਦੇ ਉਤਪਾਦਨ ਵਿੱਚ ਲਾ ਕੇ ਹੀ ਕਰ ਸਕਦੇ ਹਾਂ। ਨਤੀਜੇ ਵਜੋਂ, ਕੱਪੜੇ ਦਾ ਉਤਪਾਦਨ ਘੱਟ ਹੋ ਜਾਵੇਗਾ ਅਤੇ ਕਣਕ ਦੇ ਉਤਪਾਦਨ ਵਿੱਚ ਵਾਧਾ ਹੋ ਜਾਵੇਗਾ। ਇਸ ਉਦਾਹਰਨ ਨਾਲ ਸਾਡੇ ਕੋਲ ਦੋ ਵਿਕਲਪ ਹਨ:

**ਉਦੇਸ਼:**

ਇਸ ਪਾਠ ਨੂੰ ਪੜ੍ਹਨ ਦੇ ਬਾਅਦ ਤੁਸੀਂ ਸਮਰੱਥ ਹੋਵੇਗੇ :

- ਅਰਥਸ਼ਾਸਤਰ ਦੇ ਅਰਥ ਨੂੰ ਜਾਣਨ;
- ਅਰਥਸ਼ਾਸਤਰ ਦੀਆਂ ਮਹੱਤਵਪੂਰਨ ਸ਼ਾਖਾਵਾਂ ਦੀ ਵਿਆਖਿਆ ਕਰਨ;
- ਵਾਸਤਵਿਕ ਅਤੇ ਆਦਰਸ਼ ਅਰਥਸ਼ਾਸਤਰ ਵਿੱਚ ਅੰਤਰ ਕਰਨ;

## 1.1 ਅਰਥਸ਼ਾਸਤਰ ਦਾ ਅਰਥ

ਅਰਥਸ਼ਾਸਤਰ ਇੱਕ ਅਤਿਅੰਤ ਵਿਸ਼ਾਲ ਵਿਸ਼ਾ ਹੈ। ਇਸ ਲਈ ਅਰਥਸ਼ਾਸਤਰ ਦੀ ਕੋਈ ਨਿਸ਼ਚਤ ਪਰਿਭਾਸ਼ਾ ਜਾਂ ਅਰਥ ਦੇਣਾ ਆਸਾਨ ਨਹੀਂ ਹੈ ਕਿਉਂਕਿ ਇਸ ਦੀ ਸੀਮਾ ਅਤੇ ਖੇਤਰ ਜੋ ਇਸ ਵਿੱਚ ਸ਼ਾਮਲ ਹਨ, ਅਤਿਅੰਤ ਵਿਸ਼ਾਲ ਹੈ। ਜਿਸ ਸਮੇਂ ਤੋਂ ਇਹ ਸਮਾਜਿਕ ਵਿਗਿਆਨ ਦੇ ਅਧਿਐਨ ਦੀ ਇੱਕ ਅਹਿਮ ਸ਼ਾਖਾ ਦੇ ਰੂਪ ਵਿੱਚ ਉੱਭਰ ਕੇ ਆਇਆ ਹੈ, ਵਿਭਿੰਨ ਵਿਦਵਾਨਾਂ ਅਤੇ ਲੇਖਕਾਂ ਨੇ ਇਸ ਦਾ ਅਰਥ ਅਤੇ ਉਦੇਸ਼ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਹ ਧਿਆਨ ਦੇਣਾ ਚਾਹੀਦਾ ਹੈ ਕਿ ਸਮਾਂ ਅਤੇ ਸੱਭਿਅਤਾ ਦੇ ਵਿਕਾਸ ਨਾਲ ਅਰਥਸ਼ਾਸਤਰ ਦੀ ਪਰਿਭਾਸ਼ਾ ਵਿੱਚ





ਰੁਪਾਂਤਰਣ ਅਤੇ ਪਰਿਵਰਤਨ ਹੋਏ ਹਨ। ਆਓ, ਅਸੀਂ ਅਰਥਸ਼ਾਸਤਰ ਦੇ ਅਰਥ ਨਾਲ ਸਬੰਧਿਤ ਨਿਮਨ ਪ੍ਰਮੁੱਖ ਵਿਚਾਰਾਂ 'ਤੇ ਆਪਣਾ ਧਿਆਨ ਕੇਂਦਰਿਤ ਕਰੀਏ:

(1) ਅਠਾਰਵੀਂ ਸਦੀ ਦੇ ਅੰਤ ਅਤੇ ਉੱਨੀਵੀਂ ਸਦੀ ਦੀ ਸ਼ੁਰੂਆਤ ਵਿੱਚ ਅਨੇਕ ਵਿਦਵਾਨਾਂ ਅਤੇ ਲੇਖਕਾਂ ਦਾ ਮਤ ਸੀ ਕਿ ਅਰਥਸ਼ਾਸਤਰ ਧਨ ਦਾ ਵਿਗਿਆਨ ਹੈ। ਇਨ੍ਹਾਂ ਵਿਦਵਾਨਾਂ ਨੂੰ ਕਲਾਸਿਕੀ ਅਰਥਸ਼ਾਸਤਰੀ ਕਹਿੰਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਅਰਥਸ਼ਾਸਤਰ ਧਨ ਨਾਲ ਸਬੰਧਿਤ ਘਟਨਾਵਾਂ/ਪਦਾਰਥਾਂ ਦਾ ਅਧਿਐਨ ਕਰਦਾ ਹੈ ਜਿਸ ਵਿੱਚ ਧਨ ਦੀ ਪ੍ਰਕਿਰਤੀ ਅਤੇ ਉਦੇਸ਼, ਵਿਅਕਤੀਆਂ ਅਤੇ ਦੇਸ਼ਾਂ ਆਦਿ ਵੱਲੋਂ ਧਨ ਦੀ ਸਿਰਜਣਾ ਕਰਨਾ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

(2) ਧਨ ਦੀ ਪਰਿਭਾਸ਼ਾ ਵਿੱਚ ਸਮੱਸਿਆ ਸੀ ਕਿ ਇਹ ਉਨ੍ਹਾਂ ਲੋਕਾਂ ਬਾਰੇ ਗੱਲ ਨਹੀਂ ਕਰਦੀ ਸੀ ਜਿਨ੍ਹਾਂ ਕੋਲ ਧਨ ਨਹੀਂ ਹੁੰਦਾ। ਧਨ ਹੋਣਾ ਅਤੇ ਧਨ ਨਹੀਂ ਹੋਣਾ ਨੇ ਸਮਾਜ ਨੂੰ ਧਨੀ ਅਤੇ ਨਿਰਧਨ ਜਾਂ ਗਰੀਬ ਵਿੱਚ ਵੰਡ ਦਿੱਤਾ। ਉੱਨੀਵੀਂ ਸਦੀ ਦੀ ਸ਼ੁਰੂਆਤ ਵਿੱਚ ਅਨੇਕ ਵਿਗਿਆਨਾਂ ਨੇ ਸੋਚਿਆ ਕਿ ਅਰਥਸ਼ਾਸਤਰ ਨੂੰ 'ਸਮਾਜ ਦੇ ਕਲਿਆਣ' ਦੇ ਵਿਸ਼ੇ 'ਤੇ ਗੱਲ ਕਰਨੀ ਚਾਹੀਦੀ ਹੈ ਨਾ ਕਿ ਕੇਵਲ ਧਨ ਦੇ ਬਾਰੇ ਵਿੱਚ। ਉਸ ਅਨੁਸਾਰ ਅਰਥਸ਼ਾਸਤਰ ਨੂੰ ਕਲਿਆਣ ਦੇ ਵਿਗਿਆਨ ਦੇ ਰੂਪ ਵਿੱਚ ਦੇਖਿਆ ਗਿਆ। ਕਲਿਆਣ ਪ੍ਰਕਿਰਤੀ ਵਿੱਚ ਪਰਿਣਾਮਾਤਮਕ ਅਤੇ ਗੁਣਾਤਮਕ ਦੋਵੇਂ ਹੁੰਦਾ ਹੈ। ਵਸਤਾਂ ਅਤੇ ਸੇਵਾਵਾਂ ਦਾ ਉਪਭੋਗ, ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਆਦਿ ਕਲਿਆਣ ਦੇ ਪਰਿਣਾਤਮਕ ਪਹਿਲੂ ਹਨ। ਸ਼ਾਂਤੀ ਨਾਲ ਰਹਿਣਾ, ਛੁੱਟੀ ਦਾ ਆਨੰਦ ਲੈਣਾ, ਗਿਆਨ ਹਾਸਲ ਕਰਨਾ ਆਦਿ ਕਲਿਆਣ ਦੇ ਗੁਣਾਤਮਕ ਪਹਿਲੂ ਹਨ। ਕਲਿਆਣ ਦੇ ਵਿਗਿਆਨ ਦੇ ਰੂਪ ਵਿੱਚ ਅਰਥਸ਼ਾਸਤਰ ਦਾ ਸਬੰਧ ਕੇਵਲ ਪਰਿਮਾਣਾਤਮਕ ਕਲਿਆਣ ਤੋਂ ਹੀ ਮੰਨਿਆ ਗਿਆ ਕਿਉਂਕਿ ਉਸ ਨੂੰ ਮੁਦਰਾ ਵਿੱਚ ਮਾਪਿਆ ਜਾ ਸਕਦਾ ਹੈ।

(3) ਅਰਥਸ਼ਾਸਤਰ ਦੀ ਕਲਿਆਣ ਦੀ ਪਰਿਭਾਸ਼ਾ ਨੇ ਕਲਿਆਣ ਦੇ ਕੇਵਲ ਭੌਤਿਕ ਪਹਿਲੂਆਂ ਦੀ ਹੀ ਵਿਆਖਿਆ ਕੀਤੀ। ਪਰ ਲੋਕਾਂ ਨੂੰ ਭੌਤਿਕ ਵਸਤਾਂ ਅਤੇ ਅਭੌਤਿਕ ਸੇਵਾਵਾਂ ਦੋਹਾਂ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਹਰੇਕ ਵਿਅਕਤੀ ਜਾਂ ਸਮਾਜ ਕੋਲ ਉਪਲੱਬਧ ਸਰੋਤ ਘੱਟ ਹੁੰਦੇ ਹਨ, ਲੋਕ ਆਪਣੇ ਟੀਚਿਆਂ ਨੂੰ ਇਨ੍ਹਾਂ ਸਰੋਤਾਂ ਦੇ ਵਿਕਲਪਿਕ ਪ੍ਰਯੋਗ ਤੋਂ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਜੋ ਉਹ ਉਪਰੋਕਤ ਚੋਣ ਰਾਹੀਂ ਕਰਦੇ ਹਨ। ਇਸ ਲਈ ਅਰਥਸ਼ਾਸਤਰ ਨੂੰ ਸੀਮਤ ਅਤੇ ਚੋਣ ਦਾ ਵਿਗਿਆਨ ਕਿਹਾ ਗਿਆ। ਸੀਮਤ ਅਤੇ ਚੋਣ ਦੇ ਵਿਗਿਆਨ ਦੇ ਰੂਪ ਵਿੱਚ ਮਨੁੱਖੀ ਵਿਵਹਾਰ ਦੇ



ਨੋਟ

ਉਦੇਸ਼ਾਂ ਅਤੇ ਉਨ੍ਹਾਂ ਸੀਮਤ ਸਾਧਨਾਂ ਦੇ ਸਬੰਧਾਂ ਦਾ ਅਧਿਐਨ ਕਰਦਾ ਹੈ ਜਿਨ੍ਹਾਂ ਦਾ ਵਿਕਲਪਿਕ ਪ੍ਰਯੋਗ ਕੀਤਾ ਜਾ ਸਕਦਾ ਹੈ।

ਇੱਥੇ 'ਉਦੇਸ਼ਾਂ' ਤੋਂ ਮਤਲਬ 'ਜ਼ਰੂਰਤਾਂ' ਅਤੇ 'ਸੀਮਤ ਸਰੋਤਾਂ' ਤੋਂ ਮਤਲਬ 'ਦੁਰਲੱਭ ਸਰੋਤਾਂ' ਤੋਂ ਹੈ। ਘਾਟ ਦੀ ਪਰਿਭਾਸ਼ਾ ਅਨੁਸਾਰ ਸੀਮਤ ਸਰੋਤਾਂ ਦੇ ਵਿਕਲਪਿਕ ਪ੍ਰਯੋਗ ਹੋ ਸਕਦੇ ਹਨ। ਕੱਪੜਾ ਅਤੇ ਕਣਕ- ਦੋ ਵਸਤਾਂ ਦੀ ਉਦਾਹਰਨ ਲਓ। ਸੀਮਤ ਸਰੋਤਾਂ ਤੋਂ ਅਸੀਂ ਕੱਪੜੇ ਅਤੇ ਕਣਕ ਦੀ ਅਸੀਮਤ ਮਾਤਰਾ ਵਿੱਚ ਉਤਪਾਦਨ ਨਹੀਂ ਕਰ ਸਕਦੇ। ਇਨ੍ਹਾਂ ਵਸਤਾਂ ਦਾ ਉਤਪਾਦਨ ਕਰਨ ਲਈ ਸਰੋਤਾਂ ਨੂੰ ਵੰਡਣਾ ਪੈਂਦਾ ਹੈ। ਮੰਨ ਲਓ, ਇਨ੍ਹਾਂ ਵਿੱਚੋਂ ਕਿਸੇ ਇੱਕ ਵਸਤੂ ਜਿਵੇਂ ਕਣਕ ਦੀ ਮੰਗ ਵਿੱਚ ਵਾਧਾ ਹੋ ਜਾਂਦਾ ਹੈ, ਇਸ ਲਈ ਇਸ ਨੂੰ ਜ਼ਿਆਦਾ ਮਾਤਰਾ ਵਿੱਚ ਉਤਪਾਦਨ ਕਰਨਾ ਪੈਂਦਾ ਹੈ ਜਿਸ ਲਈ ਸਾਨੂੰ ਜ਼ਿਆਦਾ ਸਰੋਤਾਂ ਦੀ ਜ਼ਰੂਰਤ ਪੈਂਦੀ ਹੈ। ਪਰ ਦਿੱਤਾ ਹੋਇਆ ਹੈ ਕਿ ਸਰੋਤ ਸੀਮਤ ਹਨ, ਅਸੀਂ ਜ਼ਿਆਦਾ ਕਣਕ ਦਾ ਉਤਪਾਦਨ ਸਿਰਫ਼ ਕੱਪੜੇ ਦੇ ਉਤਪਾਦਨ ਵਿੱਚੋਂ ਕੁਝ ਸਰੋਤਾਂ ਨੂੰ ਕੱਢ ਕੇ ਅਤੇ ਇਨ੍ਹਾਂ ਨੂੰ ਕਣਕ ਦੇ ਉਤਪਾਦਨ ਵਿੱਚ ਲਾ ਕੇ ਹੀ ਕਰ ਸਕਦੇ ਹਾਂ। ਨਤੀਜੇ ਵਜੋਂ, ਕੱਪੜੇ ਦਾ ਉਤਪਾਦਨ ਘੱਟ ਹੋ ਜਾਵੇਗਾ ਅਤੇ ਕਣਕ ਦੇ ਉਤਪਾਦਨ ਵਿੱਚ ਵਾਧਾ ਹੋ ਜਾਵੇਗਾ। ਇਸ ਉਦਾਹਰਨ ਨਾਲ ਸਾਡੇ ਕੋਲ ਦੋ ਵਿਕਲਪ ਹਨ:

(1) ਕੱਪੜਾ ਅਤੇ ਕਣਕ ਦਾ ਉਸੀ ਮਾਤਰਾ ਵਿੱਚ ਉਤਪਾਦਨ ਕਰਦੇ ਰਹੋ।

(2) ਕਣਕ ਦੀ ਮੰਗ ਵਿੱਚ ਵਾਧਾ ਹੋਣ ਕਾਰਨ ਉਸ ਦਾ ਜ਼ਿਆਦਾ ਉਤਪਾਦਨ ਕਰੋ, ਇਸ ਕਾਰਨ ਕੱਪੜੇ ਦੀ ਕੁਝ ਮਾਤਰਾ ਘੱਟ ਕਰ ਦਿਓ।

ਕਿਉਂਕਿ ਅਰਥਵਿਵਸਥਾ ਨੂੰ ਜ਼ਿਆਦਾ ਕਣਕ ਦੀ ਜ਼ਰੂਰਤ ਹੈ, ਅਰਥਸ਼ਾਸਤਰ ਦਾ ਅਧਿਐਨ ਸਾਨੂੰ ਦੱਸਦਾ ਹੈ ਕਿ ਸੀਮਤ ਸਰੋਤਾਂ ਨਾਲ ਇਸ ਸਮੱਸਿਆ ਦਾ ਸਮਾਧਾਨ ਕਿਵੇਂ ਕੀਤਾ ਜਾ ਸਕਦਾ ਹੈ।

(3) ਵੀਹਵੀਂ ਸਦੀ ਵਿੱਚ ਪੂਰੀ ਅਰਥਵਿਵਸਥਾ ਦਾ ਵਾਧਾ ਅਤੇ ਵਿਕਾਸ ਪ੍ਰਾਪਤ ਕਰਨ ਦੇ ਉਦੇਸ਼ ਨੇ ਗਤੀ ਫੜੀ। ਆਰਥਿਕ ਵਾਧੇ ਅਤੇ ਵਿਕਾਸ ਵਿੱਚ ਸਰਕਾਰ ਦੀ ਭੂਮਿਕਾ ਅਤਿਅੰਤ ਮਹੱਤਵਪੂਰਨ ਹੋ ਗਈ। ਇਸ ਲਈ ਅਰਥਸ਼ਾਸਤਰ ਹੁਣ ਕੇਵਲ ਵਿਅਕਤੀਗਤ ਫੈਸਲੇ ਲੈਣ ਅਤੇ ਸਰੋਤਾਂ ਦੇ ਪ੍ਰਯੋਗ ਤੱਕ ਹੀ ਸੀਮਤ ਨਹੀਂ ਰਹਿ ਗਿਆ। ਸਮੇਂ ਨਾਲ ਵਸਤਾਂ ਦੇ ਉਤਪਾਦਨ ਅਤੇ ਉਪਭੋਗ ਨੂੰ ਸ਼ਾਮਲ ਕਰਕੇ ਇਸ ਖੇਤਰ ਵਿੱਚ ਵਿਸਥਾਰ ਕੀਤਾ ਗਿਆ ਤਾਂ ਕਿ ਅਰਥਵਿਵਸਥਾ ਵਿੱਚ ਵਾਧਾ ਅਤੇ ਵਿਕਾਸ ਹੋ ਸਕੇ।



ਨੋਟ

ਇਸ ਲਈ ਅਰਥਸ਼ਾਸਤਰ ਨੂੰ ਵਾਧੇ ਅਤੇ ਵਿਕਾਸ ਦਾ ਵਿਗਿਆਨ ਕਿਹਾ ਗਿਆ ਹੈ। ਅਸਲ ਵਿੱਚ ਇਹ ਸੱਚ ਹੈ ਕਿ ਅੱਜਕੱਲ੍ਹ ਲੋਕ ਵਿਅਕਤੀਆਂ ਅਤੇ ਪੂਰੇ ਦੇਸ਼ ਦੇ ਕਲਿਆਣ ਬਾਰੇ ਗੱਲ ਕਰਦੇ ਹਨ। ਇਹ ਸਮਝਿਆ ਜਾਂਦਾ ਹੈ ਕਿ ਕਿਸੇ ਵਿਅਕਤੀ ਨੂੰ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਦੇ ਯੋਗ ਬਣਾਉਣ ਲਈ ਇਹ ਲਾਜ਼ਮੀ ਹੈ ਕਿ ਪੂਰੀ ਅਰਥਵਿਵਸਥਾ ਵਿੱਚ ਵਾਧਾ ਹੋਣਾ ਚਾਹੀਦਾ ਹੈ ਅਤੇ ਵਾਧੇ ਦੇ ਲਾਭਾਂ ਨੂੰ ਵਿਅਕਤੀਗਤ ਨਾਗਰਿਕਾਂ ਵਿੱਚ ਵੰਡਣ ਲਈ ਢੁੱਕਵੇਂ ਸਾਧਨ ਹੋਣੇ ਚਾਹੀਦੇ ਹਨ। ਇਸ ਲਈ ਸਰੋਤਾਂ ਦੇ ਪ੍ਰਯੋਗ ਅਤੇ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਵੰਡ ਦੇ ਸਬੰਧ ਵਿੱਚ ਅਰਥਵਿਵਸਥਾ ਨੂੰ ਲਾਗੂ ਕਰਨਾ ਮਹੱਤਵਪੂਰਨ ਹੈ। ਅਰਥਵਿਵਸਥਾ ਨੂੰ ਆਪਣੇ ਸਰੋਤਾਂ ਦੀਆਂ ਵਿਭਿੰਨ ਵਿਕਲਪਿਕ ਗਤੀਵਿਧੀਆਂ ਵਿੱਚ ਵੰਡਣ, ਕੁਸ਼ਲ ਪ੍ਰਯੋਗ ਯਕੀਨੀ ਕਰਨਾ ਚਾਹੀਦਾ ਹੈ ਅਤੇ ਅਰਥਵਿਵਸਥਾ ਦੇ ਭਵਿੱਖੀ ਵਿਕਾਸ ਲਈ ਇਸ ਵਿੱਚ ਵਾਧਾ ਕਿਸ ਤਰ੍ਹਾਂ ਹੋਵੇਗਾ, ਇਸ ਦੇ ਤਰੀਕੇ ਲੱਭਣੇ ਚਾਹੀਦੇ ਹਨ। ਇਸ ਆਧਾਰ 'ਤੇ ਵਿਸ਼ਵ ਦੀਆਂ ਅਨੇਕ ਵਿਵਸਥਾਵਾਂ ਨੂੰ ਲਾਗੂ ਕਰਨਾ ਚੰਗਾ ਰਿਹਾ ਹੈ। ਉਦਾਹਰਨ ਲਈ ਸੰਯੁਕਤ ਰਾਜ (ਯੂਐੱਸਏ), ਯੂਰਪੀ ਦੇਸ਼, ਜਾਪਾਨ ਆਦਿ ਨੂੰ ਵਿਕਸਤ ਅਰਥਵਿਵਸਥਾਵਾਂ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਨੇ ਆਪਣੇ ਨਾਗਰਿਕਾਂ ਲਈ ਆਮਦਨ ਦੇ ਉੱਚ ਪੱਧਰ ਨੂੰ ਪ੍ਰਾਪਤ ਕੀਤਾ ਹੈ। ਸਾਡੀ ਭਾਰਤੀ ਅਰਥਵਿਵਸਥਾ ਵਿਕਾਸਸ਼ੀਲ ਅਰਥਵਿਵਸਥਾ ਹੈ ਕਿਉਂਕਿ ਇਸ ਦੇ ਅਨੇਕ ਨਾਗਰਿਕ ਅਜੇ ਵੀ ਗਰੀਬ ਹਨ। ਅਰਥਸ਼ਾਸਤਰ ਦਾ ਅਧਿਐਨ ਸਾਨੂੰ ਆਪਣੀ ਅਰਥਵਿਵਸਥਾ ਦੀ ਸਥਿਤੀ ਬਾਰੇ ਗਿਆਨ ਕਰਾਉਂਦਾ ਹੈ ਅਤੇ ਵਾਧੇ ਅਤੇ ਵਿਕਾਸ ਦੇ ਉੱਚੇ ਪੱਧਰ ਨੂੰ ਪ੍ਰਾਪਤ ਕਰਨ ਵਿੱਚ ਮਾਰਗਦਰਸ਼ਨ ਕਰਦਾ ਹੈ।

(4) ਵੀਹਵੀਂ ਸਦੀ ਦੇ ਅੰਤ ਦੇ ਅਰਥਸ਼ਾਸਤਰੀਆਂ ਨੇ ਭਵਿੱਖੀ ਪੀੜ੍ਹੀਆਂ ਦੇ ਕਲਿਆਣ ਅਤੇ ਵਾਤਾਵਰਣ ਦੀ ਸੁਰੱਖਿਆ ਦੇ ਵਿਸ਼ੇ ਵਿੱਚ ਵੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਲਈ ਅਰਥਸ਼ਾਸਤਰ ਨੂੰ ਟਿਕਾਊ ਵਿਕਾਸ ਦਾ ਵਿਗਿਆਨ ਵੀ ਕਿਹਾ ਜਾਂਦਾ ਹੈ। ਵਾਧੇ ਅਤੇ ਵਿਕਾਸ ਦਾ ਉੱਚ ਪੱਧਰ ਪ੍ਰਾਪਤ ਕਰਨ ਲਈ ਸਾਰੇ ਵਿਸ਼ਵ ਦੀਆਂ ਅਰਥਵਿਵਸਥਾਵਾਂ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ। ਵਸਤਾਂ ਅਤੇ ਸੇਵਾਵਾਂ ਦੇ ਉਪਭੋਗ ਦੇ ਨਤੀਜੇ ਵਜੋਂ ਅਨੇਕ ਵਿਅਰਥ ਪਦਾਰਥ ਵੀ ਉਤਪੰਨ ਹੋਏ ਹਨ। ਧਿਆਨ ਦਿਓ ਕਿ ਕੁਝ ਸਰੋਤਾਂ ਜਿਵੇਂ ਖਣਿਜ, ਖਣਿਜ ਤੇਲ, ਵਣ, ਵਰਤਮਾਨ ਪੀੜ੍ਹੀਆਂ ਵੱਲੋਂ ਉਨ੍ਹਾਂ ਦੇ ਵਧਦੇ ਹੋਏ ਉਪਯੋਗ ਕਾਰਨ ਉਨ੍ਹਾਂ ਦਾ ਤੀਬਰ ਗਤੀ ਨਾਲ ਨੁਕਸਾਨ ਹੋ ਰਿਹਾ ਹੈ। ਇਸ ਲਈ ਭਵਿੱਖੀ ਪੀੜ੍ਹੀਆਂ ਲਈ ਸਰੋਤ ਘਟ ਰਹਿ ਜਾਣਗੇ ਜਾਂ ਬਚਣਗੇ ਹੀ ਨਹੀਂ। ਉਪਲੱਬਧ ਘਾਟ ਸਰੋਤਾਂ ਦਾ ਤਰਕਸੰਗਤ,



ਨੋਟ

ਕੁਸ਼ਲਤਾਪੂਰਬਕ ਪ੍ਰਯੋਗ ਕਰਨਾ ਅਤੇ ਭਵਿੱਖੀ ਪੀੜ੍ਹੀਆਂ ਦਾ ਕਲਿਆਣ ਯਕੀਨੀ ਕਰਨਾ ਸਾਡਾ ਨੈਤਿਕ ਕਰੱਤਵ ਹੈ।

## ਪਾਠ ਅਧੀਨ ਪ੍ਰਸ਼ਨ 1.1

'ਅਰਸ਼ਾਸਤਰ ਧਨ ਦਾ ਵਿਗਿਆਨ ਹੈ?' ਇਸ ਦਾ ਕੀ ਭਾਵ ਹੈ?

1. ਅਰਥਸ਼ਾਸਤਰ ਕਲਿਆਣ ਦੇ ਵਿਗਿਆਨ ਦੇ ਰੂਪ ਵਿੱਚ ਕਲਿਆਣ ਦੇ ਕਿਸ ਪਹਿਲੂ ਦੀ ਗੱਲ ਕਰਦਾ ਹੈ?

### 1.1 ਅਰਥਸ਼ਾਸਤਰ ਦੀਆਂ ਸ਼ਾਖਾਵਾਂ

ਅਰਥਸ਼ਾਸਤਰ ਦੇ ਅਧਿਐਨ ਨੂੰ ਦੋ ਵਿਭਿੰਨ ਸ਼ਾਖਾਵਾਂ ਵਿੱਚ ਵੰਡਿਆ ਜਾਂਦਾ ਹੈ। ਉਹ ਹਨ:

(1) ਸੂਖਮ ਅਰਥਸ਼ਾਸਤਰ

(2) ਮੈਕਰੋ ਅਰਥਸ਼ਾਸਤਰ

### 1.1.1 ਸੂਖਮ ਅਰਥਸ਼ਾਸਤਰ (Micro Economics)

'Micro' ਸ਼ਬਦ ਦਾ ਅਰਥ ਬੇਹੱਦ ਸੂਖਮ ਹੁੰਦਾ ਹੈ। ਇਸ ਲਈ ਸੂਖਮ ਅਰਥਸ਼ਾਸਤਰ ਬੇਹੱਦ ਸੂਖਮ ਪੱਧਰ 'ਤੇ ਅਰਥਸ਼ਾਸਤਰ ਦੇ ਅਧਿਐਨ ਦਾ ਅਰਥ ਪ੍ਰਗਟ ਕਰਦਾ ਹੈ। ਇਸ ਦਾ ਵਾਸਤਵਿਕ ਅਰਥ ਕੀ ਹੈ? ਇੱਕ ਸਮਾਜ ਜਿਸ ਵਿੱਚ ਸਮੂਹਿਕ ਰੂਪ ਨਾਲ ਅਨੇਕ ਵਿਅਕਤੀ ਸ਼ਾਮਲ ਹਨ, ਹਰੇਕ ਇਕੱਲਾ ਵਿਅਕਤੀ ਉਸ ਦਾ ਇੱਕ ਸੂਖਮ ਭਾਗ ਹੈ। ਇਸ ਲਈ ਇੱਕ ਵਿਅਕਤੀ ਵੱਲੋਂ ਲਏ ਗਏ ਆਰਥਿਕ ਫੈਸਲੇ ਸੂਖਮ ਅਰਥਸ਼ਾਸਤਰ ਦਾ ਵਿਸ਼ਾ ਵਸਤੂ ਹੋ ਜਾਂਦੇ ਹਨ। ਇੱਕ ਵਿਅਕਤੀ ਵੱਲੋਂ ਲਏ ਜਾਣ ਵਾਲੇ ਫੈਸਲੇ ਕੀ ਹਨ? ਅਸੀਂ ਇਸ ਸਬੰਧ ਵਿੱਚ ਕੁਝ ਉਦਾਹਰਨਾਂ ਦਾ ਜ਼ਿਕਰ ਕਰ ਸਕਦੇ ਹਾਂ।

(ੳ) ਵਿਭਿੰਨ ਜ਼ਰੂਰਤਾਂ ਦੀ ਪੂਰਤੀ ਲਈ ਵਿਅਕਤੀ ਵਸਤਾਂ ਅਤੇ ਸੇਵਾਵਾਂ ਖਰੀਦਦਾ ਹੈ। ਵਸਤਾਂ ਅਤੇ ਸੇਵਾਵਾਂ ਖਰੀਦਣ ਲਈ ਵਿਅਕਤੀ ਨੂੰ ਆਪਣੀ ਆਮਦਨ ਦੀ ਸੀਮਤ ਰਾਸ਼ੀ ਵਿੱਚੋਂ ਕੁਝ ਕੀਮਤ ਦਾ ਭੁਗਤਾਨ ਕਰਨਾ ਪੈਂਦਾ ਹੈ। ਇਸ ਲਈ ਵਿਅਕਤੀ ਨੂੰ ਦਿੱਤੀ ਗਈ ਕੀਮਤ 'ਤੇ ਵਸਤੂ ਦੀ ਖਰੀਦੀ ਜਾਣ ਵਾਲੀ ਮਾਤਰਾ ਬਾਰੇ ਫੈਸਲਾ ਲੈਣਾ ਪੈਂਦਾ ਹੈ। ਉਸ ਨੂੰ ਦਿੱਤੀ ਗਈ ਆਮਦਨ ਵਿੱਚ ਖਰੀਦੀਆਂ ਜਾਣ ਵਾਲੀਆਂ ਵਿਭਿੰਨ ਵਸਤਾਂ ਦੇ ਸੰਜੋਗ ਦਾ ਵੀ ਫੈਸਲਾ ਲੈਣਾ ਪੈਂਦਾ ਹੈ ਤਾਂ ਕਿ ਖਰੀਦਦਾਰ ਦੇ ਰੂਪ ਵਿੱਚ ਉਸ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੋ ਸਕੇ।



ਨੋਟ

(ਅ) ਇੱਕ ਵਿਅਕਤੀ ਵਿਕਰੇਤਾ ਦੇ ਰੂਪ ਵਿੱਚ ਵਸਤਾਂ ਅਤੇ ਸੇਵਾਵਾਂ ਦਾ ਵਿਕਰੀ ਵੀ ਕਰਦਾ ਹੈ। ਇੱਥੇ ਉਸ ਨੂੰ ਦਿੱਤੀ ਗਈ ਕੀਮਤ 'ਤੇ ਵਸਤੂ ਦੀ ਸਪਲਾਈ ਦੀ ਮਾਤਰਾ ਬਾਰੇ ਫੈਸਲਾ ਲੈਣਾ ਪੈਂਦਾ ਹੈ ਤਾਂ ਕਿ ਉਹ ਕੁਝ ਲਾਭ ਕਮਾ ਸਕੇ।

(ੲ) ਅਸੀਂ ਸਾਰੇ ਕਿਸੇ ਵਸਤੂ ਨੂੰ ਖਰੀਦਣ ਲਈ ਕੀਮਤ ਦਾ ਭੁਗਤਾਨ ਕਰਦੇ ਹਾਂ। ਬਾਜ਼ਾਰ ਵਿੱਚ ਇਸ ਕੀਮਤ ਦਾ ਨਿਰਧਾਰਨ ਕਿਵੇਂ ਹੁੰਦਾ ਹੈ? ਸੂਖਮ ਅਰਥਸ਼ਾਸਤਰ ਇਸ ਪ੍ਰਸ਼ਨ ਦਾ ਉਤਰ ਦਿੰਦਾ ਹੈ।

(ਸ) ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਵਿਅਕਤੀਗਤ ਉਤਪਾਦਕ ਨੂੰ ਫੈਸਲਾ ਲੈਣਾ ਪੈਂਦਾ ਹੈ ਕਿ ਉਹ ਉਤਪਾਦਨ ਦੇ ਵਿਭਿੰਨ ਸਾਧਨਾਂ ਨੂੰ ਕਿਸ ਤਰ੍ਹਾਂ ਸੰਯੋਜਿਤ ਕਰੇ ਜਿਸ ਨਾਲ ਕਿ ਘੱਟ ਤੋਂ ਘੱਟ ਲਾਗਤ 'ਤੇ ਵੱਧ ਤੋਂ ਵੱਧ ਉਤਪਾਦਨ ਕਰ ਸਕੇ।

ਇਹ ਸਾਰੇ ਸੂਖਮ ਅਰਥਸ਼ਾਸਤਰ ਤਹਿਤ ਅਧਿਐਨ ਦੇ ਕੁਝ ਮੁੱਖ ਖੇਤਰ ਹਨ।

## 1.1.2 ਮੈਕਰੋ ਅਰਥਸ਼ਾਸਤਰ (Macro Economics)

'Macro' ਸ਼ਬਦ ਦਾ ਅਰਥ ਹੈ- ਬਹੁਤ ਵੱਡਾ। ਇੱਕ ਵਿਅਕਤੀ ਦੀ ਤੁਲਨਾ ਵਿੱਚ ਸਮਾਜ ਜਾਂ ਦੇਸ਼ ਜਾਂ ਸੰਪੂਰਨ ਅਰਥਵਿਵਸਥਾ ਬਹੁਤ ਵੱਡੀ ਹੈ। ਇਸ ਲਈ ਸੰਪੂਰਨ ਅਰਥਵਿਵਸਥਾ ਦੇ ਪੱਧਰ 'ਤੇ ਲਏ ਗਏ ਫੈਸਲੇ ਮੈਕਰੋ ਅਰਥਵਿਵਸਥਾ ਦਾ ਵਿਸ਼ਾ ਵਸਤੂ ਹਨ। ਸਰਕਾਰ ਵੱਲੋਂ ਲਏ ਗਏ ਆਰਥਿਕ ਫੈਸਲਿਆਂ ਦਾ ਉਦਾਹਰਨ ਲਓ। ਅਸੀਂ ਸਾਰੇ ਜਾਣਦੇ ਹਾਂ ਕਿ ਸਰਕਾਰ ਪੂਰੇ ਦੇਸ਼ ਦੀ ਪ੍ਰਤੀਨਿਧਤਾ ਕਰਦੀ ਹੈ, ਸਿਰਫ਼ ਇੱਕ ਵਿਅਕਤੀ ਦੀ ਨਹੀਂ। ਇਸ ਲਈ ਸਰਕਾਰ ਵੱਲੋਂ ਲਏ ਗਏ ਫੈਸਲੇ ਸੰਪੂਰਨ ਸਮਾਜ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੁੰਦੇ ਹਨ। ਉਦਾਹਰਨ ਲਈ ਸਰਕਾਰ ਕਰਾਂ ਨੂੰ ਇਕੱਤਰ ਕਰਨ, ਜਨਤਕ ਵਸਤਾਂ 'ਤੇ ਖਰਚ ਕਰਨ ਅਤੇ ਕਲਿਆਣ ਨਾਲ ਸਬੰਧਿਤ ਗਤੀਵਿਧੀਆਂ ਆਦਿ ਬਾਰੇ ਨੀਤੀਆਂ ਬਣਾਉਂਦੀ ਹੈ ਜੋ ਪੂਰੀ ਅਰਥਵਿਵਸਥਾ ਨੂੰ ਪ੍ਰਭਾਵਿਤ ਕਰਦੀ ਹੈ। 'ਇਹ ਨੀਤੀਆਂ ਕਿਸ ਤਰ੍ਹਾਂ ਕਾਰਜ ਕਰਦੀਆਂ ਹਨ' ਮੈਕਰੋ ਅਰਥਸ਼ਾਸਤਰ ਦਾ ਵਿਸ਼ਾ ਵਸੂਤ ਹਨ।

ਮੈਕਰੋ ਅਰਥਸ਼ਾਸਤਰ ਵਿੱਚ ਅਸੀਂ ਇੱਕ ਵਿਅਕਤੀ ਦੇ ਵਿਵਹਾਰ ਦਾ ਖਰੀਦਦਾਰ ਅਤੇ ਵਿਕਰੇਤਾ ਦੇ ਰੂਪ ਵਿੱਚ ਅਧਿਐਨ ਕਰਦੇ ਹਾਂ। ਇੱਕ ਖਰੀਦਦਾਰ ਦੇ ਰੂਪ ਵਿੱਚ ਵਿਅਕਤੀ ਵਸਤੂ ਅਤੇ ਸੇਵਾਵਾਂ 'ਤੇ ਧਨ/ਮੁਦਰਾ ਖਰਚ ਕਰਦਾ ਹੈ ਜੋ ਉਸ ਦਾ ਉਪਭੋਗ ਖਰਚ ਕਹਾਉਂਦਾ ਹੈ। ਜੇਕਰ ਅਸੀਂ ਸਾਰੇ ਵਿਅਕਤੀਆਂ ਦੇ ਉਪਭੋਗ ਖਰਚ ਨੂੰ ਜੋੜ ਦਈਏ ਤਾਂ ਸਾਨੂੰ ਸੰਪੂਰਨ ਸਮਾਜ ਦੇ ਸਮੁੱਚੇ ਉਪਭੋਗ ਖਰਚ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਸੀ ਤਰ੍ਹਾਂ ਵਿਅਕਤੀਆਂ ਦੀ ਆਮਦਨ ਨੂੰ ਜੋੜ ਕੇ ਸੰਪੂਰਨ ਦੇਸ਼ ਦੀ ਆਮਦਨ ਜਾਂ ਰਾਸ਼ਟਰੀ ਆਮਦਨ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਇਨ੍ਹਾਂ



ਨੋਟ

ਹਿੱਸਿਆਂ ਜਿਵੇਂ ਰਾਸ਼ਟਰੀ ਆਮਦਨ, ਦੇਸ਼ ਦਾ ਕੁੱਲ ਉਪਭੋਗ ਖਰਚ ਆਦਿ ਦਾ ਅਧਿਐਨ ਮੈਕਰੋ ਅਰਥਸ਼ਾਸਤਰ ਤਹਿਤ ਆਉਂਦਾ ਹੈ।

ਮੈਕਰੋ ਅਰਥਸ਼ਾਸਤਰ ਦਾ ਉਦਾਹਰਨ ਮਹਿੰਗਾਈ ਜਾਂ ਕੀਮਤ ਵਾਧਾ ਹੈ।

ਮਹਿੰਗਾਈ ਜਾਂ ਕੀਮਤਾਂ ਵਿੱਚ ਵਾਧਾ ਕੇਵਲ ਇੱਕ ਵਿਅਕਤੀ ਨੂੰ ਪ੍ਰਭਾਵਿਤ ਨਹੀਂ ਕਰਦਾ, ਬਲਕਿ ਇਹ ਸੰਪੂਰਨ ਅਰਥਵਿਵਸਥਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਇਸ ਦੇ ਕਾਰਨਾਂ, ਪ੍ਰਭਾਵਾਂ ਨੂੰ ਜਾਣਨਾ ਅਤੇ ਇਸ ਨੂੰ ਕੰਟਰੋਲ ਕਰਨਾ ਵੀ ਮੈਕਰੋ ਅਰਥਸ਼ਾਸਤਰ ਦੇ ਅਧਿਐਨ ਤਹਿਤ ਆਉਂਦਾ ਹੈ।

ਇਸੀ ਤਰ੍ਹਾਂ ਬੇਰੁਜ਼ਗਾਰੀ ਦੀ ਸਮੱਸਿਆ, ਆਰਥਿਕ ਵਾਧਾ ਅਤੇ ਵਿਕਾਸ ਆਦਿ ਦੇਸ਼ ਦੀ ਸੰਪੂਰਨ ਜਨਸੰਖਿਆ ਨਾਲ ਸਬੰਧਿਤ ਹੁੰਦੇ ਹਨ, ਇਸ ਲਈ ਮੈਕਰੋ ਅਰਥਸ਼ਾਸਤਰ ਦੇ ਅਧਿਐਨ ਤਹਿਤ ਆਉਂਦੇ ਹਨ।

## ਪਾਠ ਅਧੀਨ ਪ੍ਰਸ਼ਨ 1.2

**ਦੱਸੋ ਕਿ ਨਿਮਨਲਿਖਤ ਕਥਨ ਸਹੀ ਹਨ ਜਾਂ ਗਲਤ :**

(1) ਮਹਿੰਗਾਈ ਦਾ ਅਧਿਐਨ ਸੂਖਮ ਅਰਥਸ਼ਾਸਤਰ ਤਹਿਤ ਕੀਤਾ ਜਾਂਦਾ ਹੈ।

(2) ਕਿਸੇ ਵਸਤੂ ਦੀ ਕੀਮਤ ਦਾ ਨਿਰਧਾਰਨ ਮੈਕਰੋ ਅਰਥਸ਼ਾਸਤਰ ਦੀ ਸਮੱਸਿਆ ਹੈ।

(3) ਮੈਕਰੋ ਅਰਥਸ਼ਾਸਤਰ ਰੁਜ਼ਗਾਰ ਅਤੇ ਬੇਰੁਜ਼ਗਾਰੀ ਮੁੱਦਿਆਂ ਦਾ ਅਧਿਐਨ ਕਰਦਾ ਹੈ।

(4) ਸੂਖਮ ਅਰਥਸ਼ਾਸਤਰ ਕਿਸੇ ਵਸਤੂ ਦੇ ਖਰੀਦਣ ਬਾਰੇ ਵਿਅਕਤੀਗਤ ਫੈਸਲੇ ਲੈਣ ਦਾ ਅਧਿਐਨ ਕਰਦਾ ਹੈ।

## 1.2 ਵਾਸਤਵਿਕ ਬਨਾਮ ਆਦਰਸ਼ ਅਰਥਸ਼ਾਸਤਰ

ਅਰਥਸ਼ਾਸਤਰ ਦੇ ਅਧਿਐਨ ਵਿੱਚ ਸਾਡੇ ਚਹੁੰਆਂ ਪਾਸੇ ਹੋਣ ਵਾਲੀਆਂ ਘਟਨਾਵਾਂ, ਫੈਸਲੇ ਲੈਣ, ਨਿਯਮ ਅਤੇ ਵਿਵਸਥਾ ਬਣਾਉਣ ਅਤੇ ਆਰਥਿਕ ਸਮੱਸਿਆਵਾਂ ਨੂੰ ਹਲ ਕਰਨ ਲਈ ਨੀਤੀਆਂ ਲਾਗੂ ਕਰਨ ਦੇ ਸਬੰਧ ਵਿੱਚ ਵਾਸਤਵਿਕ ਅਤੇ ਆਦਰਸ਼ ਦੋਵੇਂ ਪਹਿਲੂ ਸ਼ਾਮਲ ਹੁੰਦੇ ਹਨ। ਵਾਸਤਵਿਕ ਅਰਥਸ਼ਾਸਤਰ 'ਕੀ ਹੈ' ਦੇ ਵਿਸ਼ੇ ਵਿੱਚ ਗੱਲ ਕਰਦਾ ਹੈ ਕਿ ਜਦੋਂਕਿ ਆਦਰਸ਼ ਅਰਥਸ਼ਾਸਤਰ 'ਕੀ ਹੋਣਾ ਚਾਹੀਦਾ ਹੈ' ਦੇ ਵਿਸ਼ੇ ਵਿੱਚ ਗੱਲ ਕਰਦਾ ਹੈ। ਵਾਸਤਵਿਕ ਅਰਥਸ਼ਾਸਰਤ ਆਰਥਿਕ ਵਿਸ਼ੇ ਵਿੱਚ ਜੋ ਕੁਝ ਹੋ ਰਿਹਾ ਹੈ ਜਾਂ ਹੋ ਸਕਦਾ ਹੈ, ਦੇ ਵਿਸ਼ੇ ਵਿੱਚ

ਨੋਟ

ਗੱਲ ਕਰਦਾ ਹੈ। ਆਦਰਸ਼ ਅਰਥਸ਼ਾਸਤਰ ਚੀਜ਼ਾਂ ਬਾਰੇ ਨੈਤਿਕ ਮੁੱਲਾਂਕਣ ਉਪਲੱਬਧ ਕਰਾਉਂਦਾ ਹੈ ਅਤੇ ਸਾਨੂੰ ਦੱਸਦਾ ਹੈ ਕਿ 'ਕੀ ਹੋਣਾ ਚਾਹੀਦਾ ਸੀ।' ਨਿਮਨਲਿਖਤ ਕਥਨਾ 'ਤੇ ਵਿਚਾਰ ਕਰੋ ;

(1) ਭਾਰਤ ਦੀ ਜਨਸੰਖਿਆ 100 ਕਰੋੜ ਦੀ ਸੀਮਾ ਨੂੰ ਪਾਰ ਕਰ ਚੁੱਕੀ ਹੈ। ਭਾਰਤ ਵਿਸ਼ਵ ਵਿੱਚ ਦੂਜਾ ਸਭ ਤੋਂ ਵੱਡੀ ਜਨਸੰਖਿਆ ਵਾਲਾ ਦੇਸ਼ ਹੈ।

(2) ਭਾਰਤ ਨੂੰ ਜਨਸੰਖਿਆ ਵਿੱਚ ਇੰਨੀ ਤੀਬਰ ਗਤੀ ਨਾਲ ਵਧਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਉਸ ਨੂੰ ਆਪਣੀ ਜਨਸੰਖਿਆ 'ਤੇ ਕੰਟਰੋਲ ਰੱਖਣਾ ਚਾਹੀਦਾ ਹੈ।

ਕਥਨ (1) ਇੱਕ ਘਟਨਾ ਦਾ ਵਰਣਨ ਕਰਦਾ ਹੈ ਜੋ ਹੋ ਰਹੀ ਹੈ। ਇਹ ਇੱਕ ਵਾਸਤਵਿਕ ਕਥਨ ਹੈ।

ਕਥਨ (2) ਭਾਰਤ ਦੀ ਜਨਸੰਖਿਆ ਦਾ ਨੈਤਿਕ ਮੁਲਾਂਕਣ ਪ੍ਰਦਾਨ ਕਰਦਾ ਹੈ। ਇਹ ਇੱਕ ਆਦਰਸ਼ ਕਥਨ ਹੈ।

ਹੁਣ ਹੇਠ ਦਿੱਤੇ ਗਏ ਕਥਨਾਂ ਦੇ ਇੱਕ ਹੋਰ ਸਮੂਹ 'ਤੇ ਵਿਚਾਰ ਕਰੋ:

(3) ਮਜ਼ਦੂਰ ਸਖ਼ਤ ਮਿਹਨਤ ਕਰਨਗੇ, ਜੇਕਰ ਉਨ੍ਹਾਂ ਨੂੰ ਜ਼ਿਆਦਾ ਮਜ਼ਦੂਰੀ ਦਿੱਤੀ ਜਾਵੇ।

(4) ਸਖ਼ਤ ਮਿਹਨਤ ਲਈ ਨਿਆਂ ਪ੍ਰਦਾਨ ਕਰਨ ਲਈ ਫੈਕਟਰੀਆਂ ਨੂੰ ਮਜ਼ਦੂਰਾਂ ਦੀ ਮਜ਼ਦੂਰੀ ਦੀ ਦਰ ਵਿੱਚ ਵਾਧਾ ਕਰਨਾ ਚਾਹੀਦਾ ਹੈ।

ਕਥਨ (3) ਇੱਕ ਵਾਸਤਵਿਕ ਕਥਨ ਹੈ। ਇਹ ਇੱਕ ਨਿਸ਼ਚਤ ਤੱਥ ਬਾਰੇ ਦੱਸਦਾ ਹੈ। ਕਥਨ (4) ਆਦਰਸ਼ ਪ੍ਰਕਿਰਤੀ ਦਾ ਹੈ ਕਿਉਂਕਿ ਇਹ ਸਹੀ ਚੀਜ਼ ਬਾਰੇ ਦੱਸਦਾ ਹੈ ਜੋ ਜੇਕਰ ਹੁੰਦੀ ਹੈ ਤਾਂ ਸਮਾਜ ਲਈ ਚੰਗਾ ਹੋਵੇਗਾ।

ਵਿਅਕਤੀਆਂ ਜਾਂ ਸਰਕਾਰ ਜਾਂ ਕਾਰੋਬਾਰੀ ਫਰਮਾਂ ਵੱਲੋਂ ਆਰਥਿਕ ਫੈਸਲੇ ਲੈਣ ਵਿੱਚ ਚੀਜ਼ਾਂ ਦੇ ਵਾਸਤਵਿਕ ਅਤੇ ਆਦਰਸ਼ ਦੋਵੇਂ ਪਹਿਲੂ ਸ਼ਾਮਲ ਰਹਿੰਦੇ ਹਨ।

ਉਦਾਹਰਨ ਲਈ ਕਥਨ (1) ਅਤੇ (2) ਵਿੱਚ ਦਿੱਤੇ ਗਏ ਅਨੁਸਾਰ ਕਿਉਂਕਿ ਭਾਰਤ ਦੀ ਜਨਸੰਖਿਆ ਵਿੱਚ ਤੀਬਰ ਗਤੀ ਨਾਲ ਵਾਧਾ ਹੋ ਰਿਹਾ ਹੈ ਅਤੇ ਸਮੱਸਿਆਵਾਂ ਖੜ੍ਹੀਆਂ ਹੋ ਰਹੀਆਂ ਹਨ, ਸਰਕਾਰ ਪਰਿਵਾਰ ਨਿਯੋਜਨ ਅਤੇ ਹੋਰ ਪ੍ਰਭਾਵਸ਼ਾਲੀ ਉਪਾਵਾਂ ਰਾਹੀਂ ਜਨਸੰਖਿਆ ਵਾਧੇ ਦੇ ਕੰਟਰੋਲ ਲਈ ਬਹੁਤ ਯਤਨ ਕਰ ਰਹੀ ਹੈ। ਇਸੀ ਤਰ੍ਹਾਂ ਕਥਨ (3) ਅਤੇ (4) ਦੇ ਆਧਾਰ 'ਤੇ ਸਰਕਾਰ ਨੇ ਘੱਟ ਤੋਂ ਘੱਟ ਮਜ਼ਦੂਰੀ ਕਾਨੂੰਨਾਂ ਨੂੰ ਲਾਗੂ ਕੀਤਾ ਹੈ ਤਾਂ ਕਿ ਮਜ਼ਦੂਰਾਂ ਨੂੰ ਨਿਆਂ ਮਿਲ ਸਕੇ।



ਨੋਟ

## ਪਾਠ ਅਧੀਨ ਪ੍ਰਸ਼ਨ 1.3

1. ਨਿਮਨਲਿਖਤ ਕਥਨਾਂ ਵਿੱਚ ਵਾਸਤਵਿਕ ਅਤੇ ਆਦਰਸ਼ ਕਥਨ ਦੀ ਪਛਾਣ ਕਰੋ:

(1) ਭਾਰਤ ਵਿੱਚ ਵੱਡੀ ਗਿਣਤੀ ਵਿੱਚ ਗਰੀਬ ਲੋਕ ਹਨ।

(2) ਸਰਕਾਰ ਨੂੰ ਸਿੱਖਿਆ 'ਤੇ ਜ਼ਿਆਦਾ ਖਰਚ ਕਰਨਾ ਚਾਹੀਦਾ ਹੈ।

(3) ਗਰੀਬ ਲੋਕ ਲਾਜ਼ਮੀ ਵਸਤਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਕਸ਼ਟ ਉਠਾ ਰਹੇ ਹਨ।

(4) ਬੈਂਕ ਨੇ ਆਪਣੀ ਵਿਆਜ ਦੀ ਦਰ ਨੂੰ ਵਧਾ ਦਿੱਤਾ ਹੈ।

(5) ਲੋਕਾਂ ਨੂੰ ਡਾਕਖਾਨੇ ਅਤੇ ਵਪਾਰਕ ਬੈਂਕਾਂ ਵਿੱਚ ਬੱਚਤ ਕਰਨ ਲਈ ਉਤਸਾਹਿਤ ਕਰਨਾ ਚਾਹੀਦਾ ਹੈ।

### ਤੁਸੀਂ ਕੀ ਸਿੱਖਿਆ

- ਅਰਥਸ਼ਾਸਤਰ ਨੂੰ ਸਮਾਜਿਕ ਵਿਗਿਆਨ ਦੇ ਵਿਸ਼ੇ ਵਸਤੂ ਦੇ ਰੂਪ ਵਿੱਚ ਇਨ੍ਹਾਂ ਦਾ ਵਿਗਿਆਨ ਕਿਹਾ ਗਿਆ ਹੈ- (ੳ) ਧਨ (ਅ) ਕਲਿਆਣ (ੲ) ਸੀਮਤ ਅਤੇ ਚੋਣ (ਸ) ਵਾਧਾ ਅਤੇ ਵਿਕਾਸ ਅਤੇ (ਹ) ਸਥਿਰ ਵਿਕਾਸ
- ਸੂਖਮ ਅਰਥਸ਼ਾਸਤਰ ਅਤੇ ਮੈਕਰੋ ਅਰਥਸ਼ਾਸਤਰ, ਅਰਥਸ਼ਾਸਤਰ ਦੀਆਂ ਦੋ ਮਹੱਤਵਪੂਰਨ ਸ਼ਾਖਾਵਾਂ ਹਨ।
- ਸੂਖਮ ਅਰਥਸ਼ਾਸਤਰ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਫੈਸਲੇ ਲੈਣ ਬਾਰੇ ਅਧਿਐਨ ਕਰਦਾ ਹੈ।
- ਮੈਕਰੋ ਅਰਥਸ਼ਾਸਤਰ ਸੰਪੂਰਨ ਅਰਥਵਿਵਸਥਾ ਦੇ ਪੱਧਰ 'ਤੇ ਆਰਥਿਕ ਸਮੁੱਚਤਾ ਦਾ ਅਧਿਐਨ ਕਰਦਾ ਹੈ।
- ਆਰਥਿਕ ਤੱਥ ਅਤੇ ਅੰਕਾਂ ਨੂੰ ਵਾਸਤਵਿਕ ਅਰਥਸ਼ਾਸਤਰ ਕਹਿੰਦੇ ਹਨ।
- ਆਦਰਸ਼ ਅਰਥਸ਼ਾਸਤਰ 'ਕੀ ਹੋਣਾ ਚਾਹੀਦਾ ਹੈ' ਦਾ ਅਧਿਐਨ ਕਰਦਾ ਹੈ।

## ਪਾਠ ਦੇ ਅੰਤ ਦੇ ਪ੍ਰਸ਼ਨ

1. ਅਰਥਸ਼ਾਸਤਰ ਸੀਮਤ ਅਤੇ ਚੋਣ ਦਾ ਵਿਗਿਆਨ ਹੈ। ਵਿਆਖਿਆ ਕਰੋ।

2. ਅਰਥਸ਼ਾਸਤਰ ਦੀ ਧਨ ਸਬੰਧੀ ਪਰਿਭਾਸ਼ਾ ਕਲਿਆਣ ਸਬੰਧੀ ਪਰਿਭਾਸ਼ਾ ਤੋਂ ਕਿਸ ਤਰ੍ਹਾਂ ਭਿੰਨ ਹੈ?

3. ਸੂਖਮ ਅਰਥਸ਼ਾਸਤਰ ਅਤੇ ਮੈਕਰੋ ਅਰਥਸ਼ਾਸਤਰ ਵਿੱਚ ਅੰਤਰ ਦਰਸਾਓ।

4. ਵਾਸਤਵਿਕ ਅਰਥਸ਼ਾਸਤਰ ਅਤੇ ਆਦਰਸ਼ ਅਰਥਸ਼ਾਸਤਰ ਵਿੱਚ ਉਦਾਹਰਨ ਦੇ ਕੇ ਅੰਤਰ ਸਪੱਸ਼ਟ ਕਰੋ।

## ਪ੍ਰਸ਼ਨਾਂ ਦੇ ਉੱਤਰ

## ਪਾਠ ਅਧੀਨ ਪ੍ਰਸ਼ਨ 1.1 ਦੇ ਉੱਤਰ

1. ਧਨ ਦੇ ਵਿਗਿਆਨ ਦੇ ਰੂਪ ਵਿੱਚ ਅਰਥਸ਼ਾਸਤਰ ਧਨ ਦੀ ਪ੍ਰਕਿਰਤੀ ਅਤੇ ਧਨ ਦੇ ਉਦੇਸ਼, ਵਿਅਕਤੀਆਂ ਅਤੇ ਦੇਸ਼ ਵੱਲੋਂ ਧਨ ਦੀ ਸਿਰਜਣਾ ਦੀ ਵਿਆਖਿਆ ਕਰਦਾ ਹੈ।

2. ਕਲਿਆਣ ਦਾ ਪਰਿਮਾਣਤਮਕ ਪਹਿਲੂ

## ਪਾਠ ਅਧੀਨ ਪ੍ਰਸ਼ਨ 1.2 ਦੇ ਉੱਤਰ

(1) ਗਲਤ

(2) ਗਲਤ

(3) ਸਹੀ

(4) ਸਹੀ

## ਪਾਠ ਅਧੀਨ ਪ੍ਰਸ਼ਨ 1. 3 ਦੇ ਉੱਤਰ

(1) ਵਾਸਤਵਿਕ

(2) ਆਦਰਸ਼

(3) ਵਾਸਤਵਿਕ

(4) ਵਾਸਤਵਿਕ

(5) ਆਦਰਸ਼





# 2

# ਮਨੁੱਖੀ ਜ਼ਰੂਰਤਾਂ

ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਦੇਖਦੇ ਹਾਂ ਕਿ ਲੋਕ ਵੱਖ-ਵੱਖ ਕਿਸਮ ਦੀਆ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ। ਉਦਾਹਰਨ ਲਈ ਕੁਝ ਲੋਕ ਖੇਤੀ ਵਿੱਚ ਸ਼ਾਮਲ ਹਨ, ਕੁਝ ਦਫ਼ਤਰਾਂ ਵਿੱਚ ਕੰਮ ਕਰਦੇ ਹਨ, ਕੁਝ ਸਬਜ਼ੀਆਂ ਵੇਚਦੇ ਹਨ, ਕੁਝ ਕੋਲ ਵਿਭਿੰਨ ਕਿਸਮ ਦੀਆਂ ਦੁਕਾਨਾਂ ਹਨ, ਕੁਝ ਫੈਕਟਰੀਆਂ ਚਲਾ ਰਹੇ ਹਨ ਆਦਿ। ਇਹ ਲੋਕ ਆਮਦਨ ਹਾਸਲ ਕਰਨ ਲਈ ਵਿਭਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹਨ। ਉਨ੍ਹਾਂ ਨੂੰ ਆਮਦਨ ਹਾਸਲ ਕਰਨੀ ਪੈਂਦੀ ਹੈ ਕਿਉਂਕਿ ਉਨ੍ਹਾਂ ਨੂੰ ਅਨੇਕ ਜ਼ਰੂਰਤਾਂ ਦੀ ਪੂਰਤੀ ਕਰਨੀ ਪੈਂਦੀ ਹੈ।

ਆਮਦਨ ਹਾਸਲ ਕਰਨ ਲਈ ਲੋਕ ਮਨੁੱਖ ਨਿਰਮਤ ਜਾਂ ਕੁਦਰਤੀ ਸਰੋਤਾਂ ਦਾ ਪ੍ਰਯੋਗ ਕਰਦੇ ਹਨ। ਜ਼ਰੂਰਤਾਂ ਅਸੀਮਤ ਹਨ, ਪਰ ਸਰੋਤ ਸੀਮਤ ਹਨ।

## ਉਦੇਸ਼

ਇਸ ਪਾਠ ਨੂੰ ਪੜ੍ਹਨ ਦੇ ਬਾਅਦ ਤੁਸੀਂ:

- ਜ਼ਰੂਰਤਾਂ ਦੇ ਅਰਥ ਦੀ ਵਿਆਖਿਆ ਕਰਨ;
- ਜ਼ਰੂਰਤਾਂ ਦਾ ਉਦੈ ਅਤੇ ਉਨ੍ਹਾਂ ਵਿੱਚ ਪ੍ਰਸਾਰ ਕਿਵੇਂ ਹੁੰਦਾ ਹੈ , ਦੀ ਵਿਆਖਿਆ ਕਰ ਸਕੋਗੇ;
- ਸਾਰੀਆਂ ਜ਼ਰੂਰਤਾਂ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ, ਇਹ ਸਮਝ ਸਕੋਗੇ;
- ਜ਼ਰੂਰਤਾਂ ਦੀਆਂ ਵਿਸ਼ੇਸ਼ਤਾਵਾਂ ਦੱਸ ਸਕੋਗੇ;
- ਸਰੋਤ ਕਿਵੇਂ ਜ਼ਰੂਰਤਾਂ ਦੀ ਪੂਰਤੀ ਕਰਦੇ ਹਨ, ਜਾਣ ਸਕੋਗੇ;
- ਆਰਥਿਕ ਅਤੇ ਗੈਰ ਆਰਥਿਕ ਜ਼ਰੂਰਤਾਂ ਵਿੱਚ ਅੰਤਰ ਕਰ ਸਕੋਗੇ;ਵਿਕਾਸ ਦੇ ਨਾਲ ਨਾਲ ਜ਼ਰੂਰਤਾਂ ਵਿੱਚ ਪਰਿਵਰਤਨ ਅਤੇ ਵਿਸਥਾਰ ਦੀ ਵਿਆਖਿਆ ਕਰ ਸਕੋਗੇ;
- ਜ਼ਰੂਰਤਾਂ ਨੂੰ ਸੀਮਤ ਕਰਨ ਦੇ ਭਾਰਤੀ ਦਰਸ਼ਨ ਨੂੰ ਸਮਝ ਸਕੋਗੇ।

## 2.1 ਜ਼ਰੂਰਤਾਂ ਦਾ ਅਰਥ

ਅਨੇਕ ਵਸਤਾਂ ਦੀ ਅਭਿਲਾਸ਼ਾ ਕਰਨਾ ਮਨੁੱਖ ਦਾ ਸੁਭਾਅ ਹੈ। ਅਜਿਹੀਆਂ ਅਭਿਲਾਸ਼ਾਵਾਂ ਦੀ ਇੱਕ ਅੰਤਹੀਣ ਸੂਚੀ ਹੋਵੇਗੀ। ਇਨ੍ਹਾਂ ਅਭਿਲਾਸ਼ਾਵਾਂ ਨੂੰ ਅਸੀਂ 'ਜ਼ਰੂਰਤਾਂ' ਕਹਿ ਸਕਦੇ ਹਾਂ। ਕੋਈ

ਨੋਟ

ਵੀ ਚੰਗੇ ਮਕਾਨ, ਕਾਰ, ਕੰਪਿਊਟਰ, ਵਧੀਆ ਭੋਜਨ, ਸ਼ਾਨਦਾਰ ਵਸਤੂ ਅਤੇ ਹੋਰ ਬਹੁਤ ਸਾਰੀਆਂ ਵਸਤਾਂ ਦੀ ਇੱਛਾ ਕਰ ਸਕਦਾ ਹੈ। ਕੋਈ ਇਨ੍ਹਾਂ ਸਭ ਵਸਤਾਂ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਕੋਈ ਇਨ੍ਹਾਂ ਸਾਰੀਆਂ ਵਸਤਾਂ ਨੂੰ ਪ੍ਰਾਪਤ ਕਰ ਸਕਦਾ ਹੈ, ਜੇਕਰ ਉਸ ਕੋਲ ਉੱਚਿਤ ਪੈਸਾ ਹੋਵੇ। ਜੇਕਰ ਕਿਸੇ ਕੋਲ ਉਚਿੱਤ ਧਨ ਨਹੀਂ ਹੈ ਤਾਂ ਇਨ੍ਹਾਂ ਵਿੱਚੋਂ ਕੇਵਲ ਇੱਕ ਜਾਂ ਦੋ ਵਸਤਾਂ ਜਾਂ ਇਨ੍ਹਾਂ ਵਿੱਚੋਂ ਕੁਝ ਵੀ ਨਹੀਂ ਖਰੀਦ ਸਕੇਗਾ। ਸਾਡੀਆਂ ਕਿਹੜੀਆਂ ਜ਼ਰੂਰਤਾਂ ਪੂਰੀਆਂ ਹੋਣਗੀਆਂ। ਇਹ ਸਾਡੀ ਭੁਗਤਾਨ ਕਰਨ ਦੀ ਸਮਰੱਥਾ ਜਾਂ ਕਾਰਜ ਸ਼ਕਤੀ 'ਤੇ ਨਿਰਭਰ ਕਰਦਾ ਹੈ। ਇਹੀ ਕਾਰਨ ਹੈ ਕਿ ਸਾਡੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋ ਸਕਦੀਆਂ ਕਿਉਂਕਿ ਉਨ੍ਹਾਂ ਦੀ ਪੂਰਤੀ ਲਈ ਸਾਨੂੰ ਧਨ ਦੀ ਜ਼ਰੂਰਤ ਹੁੰਦੀ ਹੈ। ਕੇਵਲ ਉਹੀ ਜ਼ਰੂਰਤਾਂ ਜਿਨ੍ਹਾਂ ਦੀ ਪੂਰਤੀ ਲਈ ਸਾਡੇ ਕੋਲ ਉਚਿੱਤ ਧਨ ਹੋਵੇ ਅਤੇ ਜਿਨ੍ਹਾਂ 'ਤੇ ਅਸੀਂ ਖਰਚ ਕਰਨ ਲਈ ਤਤਪਰ ਹੋਏ , ਸਾਡੀਆਂ ਜ਼ਰੂਰਤਾਂ ਕਹਾਉਂਦੀਆਂ ਹਨ। ਇੱਕ ਭਿਖਾਰੀ ਦੇ ਮਨ ਵਿੱਚ ਵੀ ਕਾਰ ਦੀ ਇੱਛਾ ਹੋ ਸਕਦੀ ਹੈ, ਪਰ ਉਸ ਦੀ ਇਸ ਇੱਛਾ ਨੂੰ ਅਸੀਂ ਜ਼ਰੂਰਤ ਨਹੀਂ ਕਹਿ ਸਕਦੇ , ਕਿਉਂਕਿ ਉਸ ਕੋਲ ਕਾਰ ਖਰੀਦਣ ਲਈ ਉਚਿੱਤ ਧਨ ਨਹੀਂ ਹੁੰਦਾ ਹੈ। ਪਰ ਜੇਕਰ ਇੱਕ ਅਮੀਰ ਆਦਮੀ ਕਾਰ ਦੀ ਇੱਛਾ ਕਰੇ ਅਤੇ ਉਸ 'ਤੇ ਧਨ ਖਰਚ ਕਰਨ ਨੂੰ ਤਿਆਰ ਹੋਵੇ ਤਾਂ ਉਸ ਦੀ ਇਹੀ ਇੱਛਾ ਇੱਕ ਜ਼ਰੂਰਤ ਦਾ ਰੂਪ ਧਾਰਨ ਕਰ ਲੈਂਦੀ ਹੈ।




## 2.2 ਜ਼ਰੂਰਤਾਂ ਦਾ ਉਦੇ ਅਤੇ ਪ੍ਰਸਾਰ ਕਿਵੇਂ ਹੁੰਦਾ ਹੈ?

ਜ਼ਰੂਰਤਾਂ ਸਾਡੇ ਜੀਵਨ ਦਾ ਅੰਗ ਹਨ। ਸਾਡੇ ਜੀਵਨ ਦੇ ਨਾਲ ਹੀ ਉਹ ਵੀ ਉਤਪੰਨ ਹੋ ਜਾਂਦੀਆਂ ਹਨ। ਜੇਕਰ ਮਨੁੱਖ ਜੰਗਲ ਵਿੱਚ ਰਹਿਣ ਵਿੱਚ ਹੀ ਸੰਤੁਸ਼ਟ ਸੀ, ਉਹ ਨਦੀਆਂ ਦਾ ਜਲ ਪੀਂਦਾ ਸੀ ਅਤੇ ਭੁੱਖ ਲੱਗਣ 'ਤੇ ਦਰੱਖਤਾਂ ਦੇ ਫਲ ਜਾਂ ਪਸ਼ੂਆਂ ਦਾ ਮਾਸ ਖਾ ਲੈਂਦਾ ਸੀ। ਉਸ ਦੀਆਂ ਜ਼ਰੂਰਤਾਂ, ਕੇਵਲ ਭੋਜਨ, ਆਵਾਸ ਅਤੇ ਕੱਪੜਿਆਂ ਦੀਆਂ ਜ਼ਰੂਰਤਾਂ ਤੱਕ ਹੀ ਸੀਮਤ ਸਨ। ਹਾਂ , ਸਮੇਂ ਦੇ ਨਾਲ-ਨਾਲ ਇਨ੍ਹਾਂ ਜ਼ਰੂਰਤਾਂ ਵਿੱਚ ਬੇਹੱਦ ਵਾਧਾ ਹੋ ਗਿਆ ਹੈ। ਇਹ ਕਿਵੇਂ ਹੋਇਆ?



ਨੋਟ

## ਮਨੁੱਖੀ ਜ਼ਰੂਰਤਾਂ

ਅੱਗ ਦੀ ਖੋਜ ਦੇ ਬਾਅਦ ਮਨੁੱਖ ਨੇ ਭੋਜਨ ਪਕਾਉਣਾ ਸ਼ੁਰੂ ਕਰ ਦਿੱਤਾ। ਫਿਰ ਤਾਂ ਨਵੀਆਂ - ਨਵੀਆਂ ਖੁਰਾਕ ਸਮੱਗਰੀਆਂ ਇਕੱਠੀਆਂ ਕੀਤੀਆਂ ਜਾਣ ਲੱਗੀਆਂ। ਇਸ ਤਰ੍ਹਾਂ ਮਨੁੱਖ ਦੇ ਸੁਆਦ ਦਾ ਪਸਾਰ ਸ਼ੁਰੂ ਹੋ ਗਿਆ। ਹੁਣ ਤਾਂ ਤੁਹਾਨੂੰ ਅਨੇਕ ਕਿਸਮ ਦੇ ਰੰਗ , ਗੰਧ, ਆਕਾਰ ਦੇ ਖਾਦ ਪਦਾਰਥ ਸਹਿਜੇ ਹੀ ਮਿਲ ਜਾਂਦੇ ਹਨ।

ਕੱਪੜਿਆਂ ਦੇ ਮਾਮਲੇ ਵਿੱਚ ਵੀ ਪਸ਼ੂਆਂ ਦੀ ਖਾਲ ਲਪੇਟਣ ਜਾਂ ਵੱਡੇ ਪੱਤਿਆਂ ਤੋਂ ਤਨ ਢਕਣ ਦੇ ਯਤਨ ਤੋਂ ਅਸੀਂ ਬਹੁਤ ਅੱਗੇ ਨਿਕਲ ਕੇ ਵਿਭੰਨ ਕਿਸਮ ਦੇ ਕੱਪੜਿਆਂ ਵੱਲ ਆ ਗਏ ਹਾਂ। ਆਪਣੇ ਜੀਵਨ ਨੂੰ ਹੋਰ ਬਿਹਤਰ ਬਣਾਉਣ ਦੇ ਯਤਨ ਵਿੱਚ ਮਨੁੱਖ ਨੇ ਨਵੇਂ -ਨਵੇਂ ਕੱਪੜਿਆਂ ਦੀ ਖੋਜ ਕੀਤੀ ਹੈ। ਜਿਵੇਂ ਜਿਵੇਂ ਸਾਡਾ ਗਿਆਨ , ਇੱਛਾਵਾਂ ਅਤੇ ਸੁੰਦਰਤਾ ਬੋਧ ਵਿਕਸਤ ਹੁੰਦਾ ਹੈ , ਅਸੀਂ ਨਵੀਆਂ-ਨਵੀਆਂ ਸਮੱਗਰੀਆਂ ਦਾ ਪ੍ਰਯੋਗ ਕਰ ਕੇ ਨਿੱਤ ਨਵੇਂ ਨਵੇਂ ਕੱਪੜਿਆਂ ਦੀ ਰਚਨਾ ਕਰ ਰਹੇ ਹਾਂ।

ਇਸੇ ਢੰਗ ਨਾਲ ਆਵਾਸ ਦੀ ਜ਼ਰੂਰਤ ਵਿੱਚ ਵੀ ਹੈਰਾਨੀਜਨਕ ਵਾਧਾ ਹੋਇਆ ਹੈ। ਗੁਫਾਵਾਂ ਤੋਂ ਚੱਲ ਕੇ ਮਨੁੱਖ ਝੌਂਪੜੀਆਂ ਦੇ

ਰਸਤੇ ਚੱਲ ਕੇ ਪੱਕੀਆਂ ਇੱਟਾਂ ਦੇ ਬਣੇ ਘਰਾਂ ਤੱਕ ਪਹੁੰਚਿਆ ਹੈ। ਅੱਜਕੱਲ੍ਹ ਲੱਕੜੀ ਨਾਲ ਬਣੇ ਹੋਏ ਮਕਾਨ, ਪੱਕੇ ਮਕਾਨ, ਬੰਗਲੇ ਅਤੇ ਮਹਿਲਾਂ ਦਾ ਪ੍ਰਯੋਗ ਹੋ ਰਿਹਾ ਹੈ ਜਿਨ੍ਹਾਂ ਵਿੱਚ ਸੁੰਦਰ ਦਰਵਾਜ਼ੇ-ਖਿੜਕੀਆਂ ਅਤੇ ਅਨੇਕ ਕਿਸਮ ਦਾ ਸਜਾਵਟੀ ਸਾਮਾਨ ਹੁੰਦਾ ਹੈ।

ਪਰ ਕੁਝ ਜ਼ਰੂਰਤਾਂ ਜੀਵਨ ਦੀ ਹੋਂਦ ਲਈ ਜ਼ਰੂਰੀ ਹੁੰਦੀਆਂ ਹਨ। ਉਦਾਹਰਨ ਲਈ ਰੋਟੀ , ਕੱਪੜਾ, ਮਕਾਨ। ਇਨ੍ਹਾਂ ਨੂੰ ਬੁਨਿਆਦੀ ਜ਼ਰੂਰਤਾਂ ਜਾਂ ਲਾਜ਼ਮੀ ਜ਼ਰੂਰਤਾਂ ਕਹਿੰਦੇ ਹਨ। ਕੁਝ ਹੋਰ ਜ਼ਰੂਰਤਾਂ ਹਨ ਜੋ ਸਾਡੇ ਜੀਵਨ ਨੂੰ ਸਰਲ ਅਤੇ ਸੁੱਖਮਈ

ਬਣਾਉਂਦੀਆਂ ਹਨ। ਇਨ੍ਹਾਂ ਨੂੰ ਸੁਵਿਧਾਵਾਂ ਕਹਿੰਦੇ ਹਨ। ਸੁਵਿਧਾਵਾਂ ਦੇ ਉਦਾਹਰਨ ਹਨ ਕੂਲਰ , ਸਕੂਟਰ ਆਦਿ। ਕੁਝ ਵਸਤਾਂ ਸਾਨੂੰ ਆਨੰਦ ਦਾ ਅਹਿਸਾਸ ਕਰਾਉਂਦੀਆਂ ਹਨ। ਪਰ ਇਹ ਬੇਹੱਦ ਕੀਮਤੀ ਹੁੰਦੀਆਂ ਹਨ। ਉਦਾਹਰਨ ਲਈ ਵਿਲਾਸੀ ਕਾਰ , ਹੀਰੇ ਦੇ ਗਹਿਣੇ ਆਦਿ। ਇਨ੍ਹਾਂ ਵਸਤਾਂ ਨੂੰ ਅਸੀਂ ਵਿਲਾਸਤਾਵਾਂ ਕਹਿੰਦੇ ਹਾਂ।

## 2.3 ਜ਼ਰੂਰਤਾਂ ਦੀ ਪੂਰਤੀ

ਕੀ ਸਾਡੀਆਂ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਹੋ ਜਾਂਦੀ ਹੈ , ਨਹੀਂ, ਜਿਵੇਂ ਹੀ ਇੱਕ ਜ਼ਰੂਰਤ ਦੀ ਪੂਰਤੀ ਹੁੰਦੀ ਹੈ ਤਾਂ ਦੂਜੀ ਜ਼ਰੂਰਤ ਉਤਪੰਨ ਹੋ ਜਾਂਦੀ ਹੈ। ਸਾਡੀਆਂ ਜ਼ਰੂਰਤਾਂ ਵਿੱਚ ਵਾਧਾ ਹੁੰਦਾ ਹੈ ਕਿਉਂਕਿ ਅਸੀਂ ਬਿਹਤਰ ਅਤੇ ਸੁੱਖਮਈ ਜੀਵਨ ਬਤੀਤ ਕਰਨ ਦੀ ਇੱਛਾ ਰੱਖਦੇ ਹਾਂ। ਜਿਵੇਂ ਹੀ

ਨੋਟ

ਨਵੀਆਂ ਵਸਤਾਂ ਅਤੇ ਸੇਵਾਵਾਂ ਦਾ ਵਿਕਾਸ ਹੁੰਦਾ ਹੈ , ਸਾਨੂੰ ਉਨ੍ਹਾਂ ਦੀ ਜ਼ਰੂਰਤ ਮਹਿਸੂਸ ਹੋਣ ਲੱਗਦੀ ਹੈ। ਜ਼ਰੂਰਤਾਂ ਦੀ ਪੂਰਤੀ ਵਸਤਾਂ ਅਤੇ ਸੇਵਾਵਾਂ ਰਾਹੀਂ ਹੁੰਦੀ ਹੈ। ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਸਰੋਤਾਂ ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ। ਜ਼ਮੀਨ , ਕਿਰਤ, ਪੂੰਜੀ ਅਤੇ ਉੱਦਮ ਨੂੰ ਸਰੋਤ ਕਹਿੰਦੇ ਹਨ ਜੋ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਸਹਾਇਤਾ ਕਰਦੇ ਹਨ। ਜ਼ਰੂਰਤਾਂ ਅਨੰਤ ਹਨ , ਪਰ ਉਨ੍ਹਾਂ ਦੀ ਪੂਰਤੀ ਕਰਨ ਵਾਲੇ ਸਰੋਤ ਘੱਟ ਹਨ। ਜਿਵੇਂ ਹੀ ਕਿਸੇ ਇੱਕ ਜ਼ਰੂਰਤ ਦੀ ਪੂਰਤੀ ਹੁੰਦੀ ਹੈ , ਦੂਜੀ ਉਤਪੰਨ ਹੋ ਜਾਂਦੀ ਹੈ। ਇਨ੍ਹਾਂ ਜ਼ਰੂਰਤਾਂ ਵਿੱਚੋਂ ਕੁਝ ਦੀ ਪੂਰਤੀ ਮਨੁੱਖ ਆਪਣੀ ਸੀਮਤ ਆਮਦਨ ਨਾਲ ਕਰ ਸਕਦਾ ਹੈ , ਜਦੋਂਕਿ ਹੋਰ ਦੀ ਪੂਰਤੀ ਕਰਨ ਵਿੱਚ ਉਹ ਸਮਰੱਥ ਨਹੀਂ ਹੋ ਸਕਦਾ। ਇਸ ਲਈ ਸਾਡੀਆਂ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਕਰਨਾ ਸੰਭਵ ਨਹੀਂ ਹੈ, ਹਾਂ ਇੱਕ ਜ਼ਰੂਰਤ ਦੀ ਪੂਰਤੀ ਸੰਭਵ ਹੈ।

## 2.4 ਜ਼ਰੂਰਤਾਂ ਦੀਆਂ ਵਿਸ਼ੇਸ਼ਤਾਵਾਂ

ਜ਼ਰੂਰਤਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ :

### 1. ਜ਼ਰੂਰਤਾਂ ਅਸੀਮਤ ਹਨ

ਪ੍ਰਸਿੱਧ ਅਰਥਸ਼ਾਸਤਰੀ ਮਾਰਸ਼ਲ ਨੇ ਸੱਚ ਹੀ ਕਿਹਾ ਹੈ ਕਿ ਮਨੁੱਖੀ ਜ਼ਰੂਰਤਾਂ ਗਿਣਤੀ ਵਿੱਚ ਅਨੰਤ ਹਨ ਅਤੇ ਉਨ੍ਹਾਂ ਦੇ ਅਨੇਕ ਰੂਪ ਹਨ। ਇੱਕ ਜ਼ਰੂਰਤ ਪੂਰੀ ਹੁੰਦੇ ਹੀ ਕੋਈ ਹੋਰ ਜ਼ਰੂਰਤ ਜਨਮ ਲੈ ਲੈਂਦੀ ਹੈ। ਜ਼ਰੂਰਤਾਂ ਦਾ ਇਹ ਅਨੰਤ ਚੱਕਰ ਜੀਵਨ ਭਰ ਚੱਲਦਾ ਰਹਿੰਦਾ ਹੈ। ਉਦਾਹਰਨ ਲਈ ਜਿਸ ਵਿਅਕਤੀ ਨੇ ਕਦੇ ਪੱਖੇ

ਦੀ ਵਰਤੋਂ ਨਹੀਂ ਕੀਤੀ ਹੈ , ਉਹ ਪੱਖਾ ਹਾਸਲ ਕਰਨ ਲਈ ਤਤਪਰ ਰਹਿੰਦਾ ਹੈ। ਪੱਖਾ ਮਿਲਦੇ ਹੀ ਉਸ ਦੇ ਮਨ ਵਿੱਚ ਏਅਰ ਕੂਲਰ, ਸਕੂਟਰ ਆਦਿ ਦੀ ਕਾਮਨਾ ਪੈਦਾ ਹੋ ਜਾਂਦੀ ਹੈ। ਜਦੋਂ ਇਨ੍ਹਾਂ ਜ਼ਰੂਰਤਾਂ ਦੀ ਪੂਰਤੀ ਹੋ ਜਾਂਦੀ ਹੈ ਤਾਂ ਉਹ ਏਅਰ ਕੰਡੀਸ਼ਨਰ , ਕਾਰ ਆਦਿ ਅਨੇਕ ਵਸਤਾਂ ਦੀ ਕਾਮਨਾ ਕਰਨ ਲੱਗਦਾ ਹੈ। ਇਸ ਤਰ੍ਹਾਂ ਸਾਡੀਆਂ ਜ਼ਰੂਰਤਾਂ ਕਦੇ ਖਤਮ ਨਹੀਂ ਹੁੰਦੀਆਂ।

### 2. ਕਿਸੇ ਇੱਕ ਜ਼ਰੂਰਤ ਦੀ ਪੂਰਤੀ ਸੰਭਵ ਹੈ

ਜੇਕਰ ਕਿਸੇ ਇੱਕ ਜ਼ਰੂਰਤ ’ਤੇ ਵਿਚਾਰ ਕਰੀਏ ਤਾਂ ਉਸ ਦੀ ਪੂਰਤੀ ਸੰਭਵ ਹੁੰਦੀ ਹੈ। ਇਹ ਠੀਕ ਹੀ ਕਿਹਾ ਗਿਆ ਹੈ ਕਿ ਇੱਕ ਵਿਸ਼ੇਸ਼ ਜ਼ਰੂਰਤ ਦੀ ਇੱਕ ਸੀਮਾ ਹੁੰਦੀ ਹੈ। ਉਦਾਹਰਨ ਲਈ ਜੇਕਰ ਕਿਸੇ ਵਿਅਕਤੀ ਨੂੰ ਪਿਆਸ ਲੱਗੀ ਹੈ ਤਾਂ ਉਸ ਨੂੰ ਇੱਕ ਜਾਂ ਦੋ ਜਾਂ ਤਿੰਨ ਗਿਲਾਸ ਪਾਣੀ ਪੀ ਕੇ ਬੁਝਾ ਜਾ ਸਕਦਾ ਹੈ ਅਤੇ ਉਸ ਦੇ ਬਾਅਦ ਉਸ ਸਮੇਂ ਉਸ ਦਾ ਪਾਣੀ ਪੀਣ ਨੂੰ ਮਨ ਨਹੀਂ ਕਰੇਗਾ।



ਨੋਟ

### 3. ਕੁਝ ਜ਼ਰੂਰਤਾਂ ਬਾਰ-ਬਾਰ ਮਹਿਸੂਸ ਹੁੰਦੀਆਂ ਹਨ

ਸਾਡੀਆਂ ਜ਼ਿਆਦਾਤਰ ਜ਼ਰੂਰਤਾਂ ਸਾਨੂੰ ਬਾਰ -ਬਾਰ ਮਹਿਸੂਸ ਹੁੰਦੀਆਂ ਰਹਿੰਦੀਆਂ ਹਨ। ਜੇਕਰ ਉਨ੍ਹਾਂ ਦੀ ਇੱਕ ਬਾਰ ਪੂਰਤੀ ਹੋ ਜਾਂਦੀ ਹੈ ਤਾਂ ਉਹ ਇੱਕ ਨਿਸ਼ਚਤ ਸਮੇਂ ਦੇ ਬਾਅਦ ਫਿਰ ਉਤਪੰਨ ਹੋ ਜਾਂਦੀ ਹੈ। ਅਸੀਂ ਖਾਣਾ ਖਾ ਕੇ ਭੁੱਖ ਦੀ ਪੂਰਤੀ ਕਰ ਲੈਂਦੇ ਹਾਂ, ਪਰ ਕੁਝ ਘੰਟੇ ਹੀ ਬਾਅਦ ਸਾਨੂੰ ਫਿਰ ਭੁੱਖ ਸਤਾਉਣ ਲੱਗਦੀ ਹੈ ਅਤੇ ਸਾਨੂੰ ਆਪਣੀ ਭੁੱਖ ਦੀ ਪੂਰਤੀ ਫਿਰ ਤੋਂ ਖਾਣਾ ਖਾ ਕੇ ਕਰਨੀ ਪੈਂਦੀ ਹੈ। ਇਸ ਤਰ੍ਹਾਂ ਭੁੱਖ , ਪਿਆਸ ਆਦਿ ਅਜਿਹੀਆਂ ਜ਼ਰੂਰਤਾਂ ਹਨ ਜੋ ਬਾਰ -ਬਾਰ ਮਹਿਸੂਸ ਹੁੰਦੀਆਂ ਹਨ।

### 4. ਜ਼ਰੂਰਤਾਂ ਦੀ ਵਿਭਿੰਨ ਪ੍ਰਕਿਰਤੀ

ਜ਼ਰੂਰਤਾਂ ਵਿੱਚ ਸਮਾਂ, ਸਥਾਨ ਅਤੇ ਵਿਅਕਤੀ ਅਨੁਸਾਰ ਪਰਿਵਰਤਨ ਹੁੰਦੇ ਰਹਿੰਦੇ ਹਨ। ਉਹ ਅਨੇਕ ਕਾਰਕਾਂ ਜਿਵੇਂ ਆਮਦਨ , ਰਿਵਾਜ, ਫੈਸ਼ਨ ਅਤੇ ਇਸ਼ਤਿਹਾਰ ਆਦਿ ਰਾਹੀਂ ਵੀ ਪ੍ਰਭਾਵਿਤ ਹੁੰਦੇ ਹਨ। ਉਦਾਹਰਨ ਲਈ ਸਾਨੂੰ ਦਵਾਈਆਂ ਦੀ

ਜ਼ਰੂਰਤ ਕੇਵਲ ਉਦੋਂ ਹੁੰਦੀ ਹੈ ਜਦੋਂ ਅਸੀਂ ਬਿਮਾਰ ਹੁੰਦੇ ਹਾਂ। ਬਰਫ਼ ਦੀ ਜ਼ਰੂਰਤ ਸਿਰਫ਼ ਗਰਮੀਆਂ ਵਿੱਚ ਹੀ ਪੈਂਦੀ ਹੈ। ਸ੍ਰੀਨਗਰ ਵਰਗੇ ਸਥਾਨਾਂ 'ਤੇ ਤਾਂ ਗਰਮੀ ਦੇ

ਮਹੀਨਿਆਂ ਵਿੱਚ ਵੀ ਊਨੀ ਕੱਪੜਿਆਂ ਦੀ ਜ਼ਰੂਰਤ ਪੈਂਦੀ ਹੈ। ਇਸੀ ਤਰ੍ਹਾਂ ਲੋਕਾਂ ਦੀ ਆਮਦਨ ਵਿੱਚ ਵਾਧਾ ਅਤੇ ਫੈਸ਼ਨ ਵਿੱਚ ਤਬਦੀਲੀ ਕਾਰਨ ਟੀ .ਵੀ., ਮੋਬਾਇਲ ਫੋਨ, ਕਾਰਾਂ ਆਦਿ ਅਨੇਕ ਵਿਲਾਸਮਈ ਵਸਤਾਂ ਦਾ ਉਪਯੋਗ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਲਈ ਦੇਸ਼ ਦੇ ਆਰਥਿਕ ਵਿਕਾਸ ਦੇ ਨਾਲ-ਨਾਲ ਜ਼ਰੂਰਤਾਂ ਵਿੱਚ ਤਬਦੀਲੀ ਅਤੇ ਵਾਧਾ ਹੁੰਦਾ ਰਹਿੰਦਾ ਹੈ।

### 5. ਵਰਤਮਾਨ ਜ਼ਰੂਰਤਾਂ ਭਵਿੱਖੀ ਜ਼ਰੂਰਤਾਂ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀਆਂ ਹਨ

ਅਸੀਂ ਆਪਣੀਆਂ ਵਰਤਮਾਨ ਜ਼ਰੂਰਤਾਂ ਨੂੰ ਹੀ ਜ਼ਿਆਦਾ ਮਹੱਤਵ ਦਿੰਦੇ ਹਾਂ। ਵਿਅਕਤੀ ਆਪਣੇ ਜ਼ਿਆਦਾਤਰ ਸੀਮਤ ਸਾਧਨਾਂ ਨੂੰ ਵਰਤਮਾਨ ਜ਼ਰੂਰਤਾਂ ਦੀ ਪੂਰਤੀ ਕਰਨ ਵਿੱਚ ਹੀ ਪ੍ਰਯੋਗ ਕਰਦਾ ਹੈ। ਉਹ ਆਪਣੀਆਂ ਭਵਿੱਖ ਦੀਆਂ ਜ਼ਰੂਰਤਾਂ ਦੀ ਇੰਨੀ ਚਿੰਤਾ ਨਹੀਂ ਕਰਦਾ ਕਿਉਂਕਿ ਭਵਿੱਖ ਅਨਿਸ਼ਚਤ ਹੁੰਦਾ ਹੈ ਅਤੇ ਭਵਿੱਖ ਦੀਆਂ ਜ਼ਰੂਰਤਾਂ ਇੰਨੀਆਂ ਲਾਜ਼ਮੀ ਨਹੀਂ ਹੁੰਦੀਆਂ। ਉਦਾਹਰਨ ਲਈ ਵਰਤਮਾਨ ਵਿੱਚ ਬੱਚਿਆਂ ਦੀ ਚੰਗੀ ਸਿੱਖਿਆ ਦੀ ਵਿਵਸਥਾ ਕਰਨਾ , ਭਵਿੱਖ ਵਿੱਚ ਬੁਢਾਪੇ ਦਾ ਨਿਰਵਾਹ ਕਰਨ ਲਈ ਧਨ ਦੀ ਬੱਚਤ ਕਰਨ ਤੋਂ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।

### 6. ਜ਼ਰੂਰਤਾਂ ਵਿੱਚ ਵਿਕਾਸ ਨਾਲ ਪਰਿਵਰਤਨ ਅਤੇ ਵਿਸਥਾਰ ਹੁੰਦਾ ਹੈ

ਜ਼ਰੂਰਤਾਂ ਵਿੱਚ ਪਰਿਵਰਤਨ ਕਿਸ ਤਰ੍ਹਾਂ ਹੋ ਰਹੇ ਹਨ , ਇਸ ਨੂੰ ਪ੍ਰਦਰਸ਼ਿਤ ਕਰਨ ਲਈ ਸਭ ਤੋਂ ਚੰਗਾ ਉਦਾਹਰਨ ਟੈਲੀਫੋਨ ਹੈ। ਪਹਿਲਾਂ ਪੇਂਡੂ ਖੇਤਰਾਂ ਵਿੱਚ ਜ਼ਿਆਦਾ ਟੈਲੀਫੋਨ ਨਹੀਂ ਹੁੰਦੇ ਸਨ , ਪਰ ਅੱਜ ਇਹ ਆਪਣੇ ਰਿਸ਼ਤੇਦਾਰਾਂ ਨਾਲ ਸੰਪਰਕ ਬਣਾ ਕੇ ਰੱਖਣ ਦਾ ਸਭ ਲਈ ਲਾਜ਼ਮੀ ਸਾਧਨ ਬਣ ਗਿਆ ਹੈ। ਜੋ ਲੋਕ ਪਹਿਲਾਂ ਟੈਲੀਫੋਨ ਦਾ ਪ੍ਰਯੋਗ ਕਰਦੇ ਸਨ , ਹੁਣ ਉਹ ਮੋਬਾਇਲ ਫੋਨ ਦਾ ਪ੍ਰਯੋਗ ਕਰਨ ਲੱਗੇ ਹਨ। ਹੁਣ ਉਨ੍ਹਾਂ ਨੂੰ ਮੋਬਾਈਲ ਫੋਨ ਵਿੱਚ ਵੀ ਜ਼ਿਆਦਾ ਸੁਵਿਧਾਵਾਂ ਜਿਵੇਂ ਕਿ ਕੈਮਰਾ, ਇੰਟਰਨੈੱਟ ਆਦਿ ਦੀ ਜ਼ਰੂਰਤ ਹੋ ਰਹੀ ਹੈ।

### ਪਾਠਕ੍ਰਮ ਪ੍ਰਸ਼ਨ 2.1

1. ਇੱਛਾ ਜ਼ਰੂਰਤ ਤੋਂ ਕਿਵੇਂ ਵੱਖ ਹੁੰਦੀ ਹੈ?
2. ਜ਼ਰੂਰਤਾਂ ਵਿੱਚ ਉਦੈ ਅਤੇ ਪ੍ਰਸਾਰ ਹੁੰਦਾ ਹੈ , ਇਸ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਉਦਾਹਰਨ ਦਿਓ।
3. ਸਾਰੀਆਂ ਜ਼ਰੂਰਤਾਂ ਦੀ ਪੂਰਤੀ ਕਿਉਂ ਸੰਭਵ ਨਹੀਂ ਹੁੰਦੀ?
4. ਜ਼ਰੂਰਤਾਂ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰੋ।
5. ਕੋਈ ਇੱਛਾ ਜ਼ਰੂਰਤ ਕਦੋਂ ਬਣ ਜਾਂਦੀ ਹੈ?

## 2.5 ਸਰੋਤ ਜ਼ਰੂਰਤਾਂ ਦੀ ਪੂਰਤੀ ਕਿਵੇਂ ਕਰਦੇ ਹਨ

ਜਿਵੇਂ ਕਿ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਜ਼ਰੂਰਤਾਂ ਦੀ ਪੂਰਤੀ ਵਸਤੂ ਅਤੇ ਸੇਵਾਵਾਂ ਰਾਹੀਂ ਹੁੰਦੀ ਹੈ। ਇਨ੍ਹਾਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨ ਲਈ ਸਰੋਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਧਦੀਆਂ ਹੋਈਆਂ ਜ਼ਰੂਰਤਾਂ ਦੇ ਨਾਲ ਨਾਲ ਅਸੀਂ ਸਰੋਤਾਂ ਦਾ ਵੀ ਜ਼ਿਆਦਾ ਪ੍ਰਯੋਗ ਕਰ ਰਹੇ ਹਾਂ। ਸਰੋਤ ਕੁਦਰਤੀ ਅਤੇ ਮਨੁੱਖ ਨਿਰਮਤ ਦੋਵੇਂ ਹੋ ਸਕਦੇ ਹਨ। ਸਾਰੇ ਸਰੋਤਾਂ ਨੂੰ ਭੂਮੀ, ਮਜ਼ਦੂਰੀ, ਪੂੰਜੀ ਅਤੇ ਉੱਦਮ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਉਦਾਹਰਨ ਲਈ ਕਣਕ ਦੇ ਉਤਪਾਦਨ ਵਿੱਚ ਅਸੀਂ ਭੂਮੀ , ਮਜ਼ਦੂਰੀ, ਟਰੈਕਟਰ, ਪੰਪਸੈੱਟ (ਪੂੰਜੀ) ਦਾ ਪ੍ਰਯੋਗ ਕਰਦੇ ਹਾਂ। ਕਿਸਾਨ (ਉੱਦਮੀ) ਕਣਕ ਦਾ ਉਤਪਾਦਨ ਕਰਨ ਲਈ ਇਨ੍ਹਾਂ ਸਾਰੇ ਸਾਧਨਾਂ ਨੂੰ ਸੰਗਠਿਤ ਕਰਦਾ ਹੈ। ਇਸ ਪ੍ਰਕਿਰਿਆ ਵਿੱਚ ਉਹ ਬੀਜ , ਖਾਦ ਅਤੇ ਕੀਟਨਾਸ਼ਕਾਂ ਆਦਿ ਦਾ ਵੀ ਪ੍ਰਯੋਗ ਕਰਦਾ ਹੈ। ਇਸ ਤਰ੍ਹਾਂ ਕਣਕ ਦੇ ਉਤਪਾਦਨ ਵਿੱਚ ਸਰੋਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤਰ੍ਹਾਂ ਹੋਰ ਸਾਰੀਆਂ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਸਰੋਤਾਂ ਦਾ ਪ੍ਰਯੋਗ ਹੁੰਦਾ ਹੈ। ਕੀ ਜ਼ਰੂਰਤਾਂ ਦੀ ਤਰ੍ਹਾਂ ਸਾਡੇ ਸਰੋਤ ਵੀ ਅਸੀਮਤ ਹਨ ? ਇਸ ਦਾ ਉੱਤਰ ਹੈ –ਨਹੀਂ। ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਅਸੀਂ ਜਿਨ੍ਹਾਂ ਸਰੋਤਾਂ ਦਾ ਪ੍ਰਯੋਗ ਕਰਦੇ ਹਾਂ , ਉਹ



ਨੋਟ

ਸੀਮਤ ਹਨ। ਵਿਕਾਸ ਦੇ ਨਾਲ ਨਾਲ ਨਵੀਆਂ ਨਵੀਆਂ ਵਸਤਾਂ ਦੀ ਖੋਜ ਹੁੰਦੀ ਹੈ ਜਿਸ ਨਾਲ ਸਾਡੀਆਂ ਜ਼ਰੂਰਤਾਂ ਵਿਚ ਵਾਧਾ ਹੁੰਦਾ ਹੈ , ਪਰ ਸਾਡੇ ਸਰੋਤ ਉਸ ਅਨੁਪਾਤ ਵਿੱਚ ਨਹੀਂ ਵਧਦੇ। ਇਸ ਨਾਲ ਸਾਡੇ ਸਰੋਤ ਖਤਮ ਹੋ ਸਕਦੇ ਹਨ।

## 2.6 ਆਰਥਿਕ ਅਤੇ ਗੈਰ ਆਰਥਿਕ ਜ਼ਰੂਰਤਾਂ

ਹੁਣ ਤੱਕ ਅਸੀਂ ਇਹ ਪ ੜ੍ਹ ਚੁੱਕੇ ਹਾਂ ਕਿ ਜ਼ਰੂਰਤਾਂ ਅਸੀਮਤ ਹੁੰਦੀਆਂ ਹਨ। ਉਨ੍ਹਾਂ ਦਾ ਸਵਰੂਪ ਹਰੇਕ ਵਿਅਕਤੀ ਲਈ ਵੱਖਰਾ ਹੋ ਸਕਦਾ ਹੈ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਸਾਡੀਆਂ ਜ਼ਿਆਦਾਤਰ ਜ਼ਰੂਰਤਾਂ ਦੀ

ਪੂਰਤੀ ਲਈ ਅਨੇਕ ਵਸਤਾਂ ਅਤੇ ਸੇਵਾਵਾਂ ਪ੍ਰਯੋਗ ਹੁੰਦੀਆਂ ਹਨ। ਉਨ੍ਹਾਂ ਵਸਤਾਂ ਅਤੇ ਸੇਵਾਵਾਂ ਨੂੰ ਅਸੀਂ ਬਾਜ਼ਾਰ ਤੋਂ ਉਨ੍ਹਾਂ ਦੀ ਕੀਮਤ ਅਦਾ ਕਰਕੇ ਖਰੀਦ ਲੈਂਦੇ ਹਾਂ। ਜਿਨ੍ਹਾਂ ਜ਼ਰੂਰਤਾਂ ਦੀ ਪੂਰਤੀ ਇਸ ਤਰ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਰਾਹੀਂ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਆਰਥਿਕ ਜ਼ਰੂਰਤਾਂ ਕਹਿੰਦੇ ਹਨ।

ਅਸੀਂ ਆਪਣੀਆਂ ਕੁਝ ਜ਼ਰੂਰੀ ਵਸਤਾਂ ਬਿਨਾਂ ਬਾਜ਼ਾਰ ਤੋਂ ਖਰੀਦੇ ਹੀ ਪ੍ਰਾਪਤ ਕਰ ਲੈਂਦੇ ਹਾਂ। ਅਜਿਹੀਆਂ ਜ਼ਰੂਰਤਾਂ ਗੈਰ ਆਰਥਿਕ ਜ਼ਰੂਰਤਾਂ ਕਹਾਉਂਦੀਆਂ ਹਨ। ਉਦਾਹਰਨ ਵਜੋਂ ਸਾਨੂੰ ਸਾਹ ਲੈਣ ਲਈ ਹਵਾ, ਖੇਤਾਂ ਦੀ ਸਿੰਚਾਈ ਕਰਨ ਲਈ ਮੀਂਹ ਦੇ ਪਾਣੀ ਦੀ ਜ਼ਰੂਰਤ ਹੁੰਦੀ ਹੈ। ਜਦੋਂ ਸਾਨੂੰ ਖਾਣਾ ਬਣਾਉਣ ਲਈ ਨੌਕਰਾਣੀ ਚਾਹੀਦੀ ਹੈ ਤਾਂ ਇਹ ਸਾਡੀ ਆਰਥਿਕ ਜ਼ਰੂਰਤ ਹੈ। ਪਰ ਜੇਕਰ ਖਾਣਾ ਮਾਂ ਬਣਾਉਂਦੀ ਹੈ ਤਾਂ ਇਹ ਸਾਡੀ ਗੈਰ ਆਰਥਿਕ ਜ਼ਰੂਰਤ ਬਣ ਜਾਂਦੀ ਹੈ।

## ਪਾਠਕ੍ਰਮ ਪ੍ਰਸ਼ਨ 2.2

1.ਕਣਕ ਦੇ ਉਤਪਾਦਨ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸਰੋਤਾਂ ਦੇ ਨਾਂ ਲਿਖੋ।

2. ਨਿਮਨਲਿਖਤ ਵਿੱਚੋਂ ਕਿਸ ਦੀ ਸਪਲਾਈ ਘੱਟ ਹੈ?

(ੳ) ਸਰੋਤ (ਅ) ਜ਼ਰੂਰਤਾਂ

3. ਆਰਥਿਕ ਜ਼ਰੂਰਤਾਂ ਦੇ ਦੋ ਉਦਾਹਰਨ ਲਿਖੋ।

4. ਗੈਰ ਆਰਥਿਕ ਜ਼ਰੂਰਤਾਂ ਦੇ ਦੋ ਉਦਾਹਰਨ ਲਿਖੋ।

## 2.7 ਜ਼ਰੂਰਤਾਂ ਵਿੱਚ ਵਿਕਾਸ ਨਾਲ ਤਬਦੀਲੀ ਅਤੇ ਵਿਸਥਾਰ ਹੁੰਦਾ ਹੈ

ਪ੍ਰਾਚੀਨ ਕਾਲ ਵਿੱਚ ਮਨੁੱਖ ਭੋਜਨ, ਕੱਪੜੇ ਅਤੇ ਮਕਾਨ ਆਦਿ ਦੀਆਂ ਸਾਧਾਰਨ ਵਸਤਾਂ ਤੋਂ ਸੰਤੁਸ਼ਟ ਸੀ। ਪਰ ਵਿਕਾਸ ਦੇ ਨਾਲ ਨਾਲ ਇਨ੍ਹਾਂ ਜ਼ਰੂਰਤ ਦੀ ਪ੍ਰਕਿਰਤੀ ਅਤੇ ਇਨ੍ਹਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਸਾਡੇ ਭੋਜਨ ਲਈ ਸਾਡੀ ਇੱਛਾ ਬਦਲ ਗਈ ਹੈ। ਅਸੀਂ ਸਿਰਫ਼ ਬਿਹਤਰ ਅਤੇ ਪੌਸ਼ਟਿਕ ਭੋਜਨ ਹੀ ਨਹੀਂ ਸਗੋਂ ਵੱਖ-ਵੱਖ ਕਿਸਮਾਂ ਦੇ

ਭੋਜਨ ਖਾਣਾ ਚਾਹੁੰਦੇ ਹਾਂ। ਇਸੇ ਤਰ੍ਹਾਂ ਅਸੀਂ ਸਿਰਫ ਇੱਕ ਜੋੜਾ ਕੱਪੜਾ ਨਹੀਂ ਪਹਿਨਣਾ ਚਾਹੁੰਦੇ ਹਾਂ, ਪਰ ਅਸੀਂ ਫੈਸ਼ਨ ਦੇ ਅਨੁਸਾਰ ਵਿਭਿੰਨਤਾ ਦੇ ਨਾਲ-ਨਾਲ ਨਵੀਨਤਮ ਡਿਜ਼ਾਈਨ ਵੀ ਚਾਹੁੰਦੇ ਹਾਂ। ਅਸੀਂ ਆਧੁਨਿਕ ਸੁਵਿਧਾਵਾਂ ਜਿਵੇਂ ਕਿ ਏਅਰ ਕੰਡੀਸ਼ਨਰ, ਗੀਜ਼ਰ ਆਦਿ ਨਾਲ ਇੱਕ ਵਧੀਆ ਘਰ ਚਾਹੁੰਦੇ ਹਾਂ। ਤੁਸੀਂ ਸਾਰੇ ਜਾਣਦੇ ਹੋ ਕਿ ਸੰਚਾਰ ਲਈ ਸਾਨੂੰ ਨਾ ਸਿਰਫ਼ ਇੱਕ ਸਾਧਾਰਨ ਟੈਲੀਫ਼ੋਨ ਚਾਹੀਦਾ ਹੈ, ਸਗੋਂ ਇੱਕ ਮੋਬਾਈਲ ਫ਼ੋਨ ਵੀ ਚਾਹੀਦਾ ਹੈ ਜਿਸ ਵਿੱਚ ਕੈਮਰਾ, ਇੰਟਰਨੈੱਟ, ਵੀਡੀਓ ਰਿਕਾਰਡਿੰਗ ਆਦਿ ਵਰਗੀਆਂ ਬਹੁਤ ਸਾਰੀਆਂ ਸਹੂਲਤਾਂ ਹੋਣ। ਇਸ ਤਰ੍ਹਾਂ, ਮਨੁੱਖ ਦੀਆਂ ਸਦਾ ਵਧਦੀਆਂ ਅਤੇ ਬਦਲਦੀਆਂ ਇੱਛਾਵਾਂ ਬਹੁਤ ਸਾਰੀਆਂ ਕਾਢਾਂ ਅਤੇ ਖੋਜਾਂ ਵੱਲ ਲੈ ਜਾਂਦੀਆਂ ਹਨ ਜਿਸ ਦੇ ਨਤੀਜੇ ਵਜੋਂ ਵਸਤਾਂ ਅਤੇ ਸੇਵਾਵਾਂ ਦੀ ਨਵੀਂ ਅਤੇ ਬਿਹਤਰ ਗੁਣਵੱਤਾ ਹੁੰਦੀ ਹੈ।

## 2.8 ਇੱਛਾਵਾਂ ਨੂੰ ਸੀਮਤ ਕਰਨ ਦਾ ਭਾਰਤੀ ਦਰਸ਼ਨ

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੀਆਂ ਇੱਛਾਵਾਂ ਅਸੀਮਤ ਹਨ ਪਰ ਇਹਨਾਂ ਇੱਛਾਵਾਂ ਨੂੰ ਪੂਰਾ ਕਰਨ ਲਈ ਸਾਡੇ ਸਰੋਤ ਸੀਮਤ ਹਨ। ਇਸ ਲਈ ਜੇਕਰ ਅਸੀਂ ਆਪਣੀਆਂ ਇੱਛਾਵਾਂ ਨੂੰ ਅਸੀਮਤ ਅਤੇ ਵਧਦੇ ਰਹਿੰਦੇ ਹਾਂ, ਤਾਂ ਅਸੀਂ ਆਪਣੇ ਸੀਮਤ ਸਾਧਨਾਂ ਨਾਲ ਉਨ੍ਹਾਂ ਸਾਰੀਆਂ ਨੂੰ ਪੂਰਾ ਨਹੀਂ ਕਰ ਸਕਾਂਗੇ। ਇਹ ਬਹੁਤ ਜ਼ਿਆਦਾ ਅਸੰਤੁਸ਼ਟੀ ਨੂੰ ਜਨਮ ਦੇਵੇਗਾ, ਪਰ ਦੂਜੇ ਪਾਸੇ, ਜੇਕਰ ਅਸੀਂ ਆਪਣੀਆਂ ਇੱਛਾਵਾਂ ਨੂੰ ਸੀਮਤ ਕਰਦੇ ਹਾਂ ਤਾਂ ਅਸੀਂ ਆਪਣੇ ਸੀਮਤ ਸਾਧਨਾਂ ਨਾਲ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਸੰਤੁਸ਼ਟ ਕਰ ਸਕਾਂਗੇ ਅਤੇ ਇਸ ਨਾਲ ਸਾਨੂੰ ਹੋਰ ਅਤੇ ਵਧੇਰੇ ਸੰਤੁਸ਼ਟੀ ਮਿਲੇਗੀ। ਭਾਰਤੀ ਦਰਸ਼ਨ ਹਮੇਸ਼ਾ ਸਾਡੀਆਂ ਇੱਛਾਵਾਂ ਨੂੰ ਸੀਮਤ ਕਰਨ 'ਤੇ ਰਿਹਾ ਹੈ ਤਾਂ ਜੋ ਅਸੀਂ ਜੀਵਨ ਵਿੱਚ ਸੰਤੁਸ਼ਟ ਮਹਿਸੂਸ ਕਰ ਸਕੀਏ। ਇਹ ਸਾਨੂੰ ਇੱਕ ਖੁਸ਼ਹਾਲ ਜੀਵਨ ਜਿਊਣ ਵਿੱਚ ਮਦਦ ਕਰਦਾ ਹੈ ਕਿਉਂਕਿ ਸਾਨੂੰ ਅਧੂਰੀਆਂ ਇੱਛਾਵਾਂ ਕਾਰਨ ਕੋਈ ਦੁੱਖ ਨਹੀਂ ਝੱਲਣਾ ਪੈਂਦਾ।



ਨੋਟ

## ਮਨੁੱਖੀ ਜ਼ਰੂਰਤਾਂ

ਇੱਥੋਂ ਤੱਕ ਕਿ ਸਾਡੇ ਰਾਸ਼ਟਰ ਪਿਤਾ, ਗਾਂਧੀ ਜੀ ਨੇ ਵੀ ਹਮੇਸ਼ਾ ਆਪਣੀਆਂ ਇੱਛਾਵਾਂ ਨੂੰ ਨਿਯੰਤਰਿਤ ਕਰਨ ਦੀ ਵਕਾਲਤ ਕੀਤੀ ਤਾਂ ਜੋ ਅਸੀਂ ਇੱਕ ਸੰਤੁਸ਼ਟ

ਜੀਵਨ ਪ੍ਰਾਪਤ ਕਰ ਸਕੀਏ ਅਤੇ ਸਾਨੂੰ ਆਪਣੇ ਸੀਮਤ ਸਾਧਨਾਂ ਵਿੱਚੋਂ ਅਸੀਮਤ ਇੱਛਾਵਾਂ ਨੂੰ ਪੂਰਾ ਕਰਨ ਲਈ ਗਲਤ ਕੰਮਾਂ

ਜਾਂ ਅਭਿਆਸਾਂ ਵਿੱਚ ਸ਼ਾਮਲ ਨਾ ਹੋਣਾ ਪਵੇ। ਬਹੁਤ ਸਾਰੇ ਮਹਾਨ ਚਿੰਤਕ ਹੋਏ ਹਨ ਜਿਨ੍ਹਾਂ ਨੇ ਇਸ ਦੀ ਵਕਾਲਤ ਕੀਤੀ ਹੈ।

## ਪਾਠਕ੍ਰਮ ਪ੍ਰਸ਼ਨ 2.3

1. ਸੀਮਤ ਸਾਧਨਾਂ ਰਾਹੀਂ ਜ਼ਰੂਰਤਾਂ ਦੀ ਪੂਰਤੀ ਦੇ ਸਬੰਧ ਵਿੱਚ ਭਾਰਤੀ ਦਰਸ਼ਨ ਕੀ ਹੈ?
2. ਜ਼ਰੂਰਤਾਂ ਵਿੱਚ ਵਿਕਾਸ ਦੇ ਨਾਲ ਬਦਲਾਅ ਅਤੇ ਵਿਸਥਾਰ ਹੁੰਦਾ ਹੈ , ਇਹ ਸਾਬਤ ਕਰਨ ਲਈ ਸੰਚਾਰ ਪ੍ਰਣਾਲੀ ਦੀ ਇੱਕ ਉਦਾਹਰਣ ਦਿਓ।

**ਤੁਸੀਂ ਕੀ ਸਿੱਖਿਆ**

-ਉਹ ਇੱਛਾਵਾਂ ਜਿਨ੍ਹਾਂ ਲਈ ਸਾਡੇ ਕੋਲ ਉਚਿੱਤ ਪੈਸਾ ਹੋਵੇ ਅਤੇ ਜਿਨ੍ਹਾਂ 'ਤੇ ਅਸੀਂ ਖਰਚ ਕਰਨ ਨੂੰ ਤਤਪਰ ਹੋਈਏ, ਜ਼ਰੂਰਤਾਂ ਕਹਾਉਂਦੀਆਂ ਹਨ।

-ਜ਼ਰੂਰਤਾਂ ਦੀ ਪੂਰਤੀ ਵਸਤੂ ਅਤੇ ਸੇਵਾਵਾਂ ਰਾਹੀਂ ਹੁੰਦੀ ਹੈ।

-ਆਰਥਿਕ ਜ਼ਰੂਰਤਾਂ ਦੀ ਪੂਰਤੀ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਨਾਲ ਹੁੰਦੀ ਹੈ ਜੋ ਬਾਜ਼ਾਰ ਤੋਂ ਕੀਮਤ ਅਦਾ ਕਰਕੇ ਖਰੀਦੀ ਜਾਂਦੀ ਹੈ।

-ਗੈਰ ਆਰਥਿਕ ਜ਼ਰੂਰਤਾਂ ਦੀ ਪੂਰਤੀ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਤੋਂ ਹੁੰਦੀ ਹੈ ਜੋ ਕੀਮਤ ਅਦਾ ਕਰਕੇ ਬਾਜ਼ਾਰ ਤੋਂ ਨਹੀਂ ਖਰੀਦੀਆਂ ਜਾਂਦੀਆਂ।

-ਨਵੀਆਂ ਨਵੀਆਂ ਖੋਜਾਂ ਦੇ ਨਾਲ ਨਾਲ ਨਵੀਆਂ ਨਵੀਆਂ ਜ਼ਰੂਰਤਾਂ ਦਾ ਜਨਮ ਹੁੰਦਾ ਹੈ ਅਤੇ ਉਨ੍ਹਾਂ ਵਿੱਚ ਵਾਧਾ ਹੁੰਦਾ ਹੈ।

-ਕੁਝ ਜ਼ਰੂਰਤਾਂ ਜੀਵਨ ਦੀ ਹੋਂਦ ਲਈ ਲਾਜ਼ਮੀ ਹੁੰਦੀਆਂ ਹਨ। ਇਨ੍ਹਾਂ ਨੂੰ ਜ਼ਰੂਰਤਾਵਾਂ ਕਹਿੰਦੇ ਹਨ।

-ਅਜਿਹੀਆਂ ਜ਼ਰੂਰਤਾਂ ਜੋ ਸਾਡੇ ਜੀਵਨ ਨੂੰ ਸਰਲ ਅਤੇ ਸੁਖੀ ਬਣਾਉਂਦੀਆਂ ਹਨ , ਸੁਵਿਧਾਵਾਂ ਕਹਾਉਂਦੀਆਂ ਹਨ।

-ਕੁਝ ਜ਼ਰੂਰਤਾਂ ਸਾਨੂੰ ਆਨੰਦ ਦਾ ਅਹਿਸਾਸ ਕਰਾਉਂਦੀਆਂ ਹਨ , ਪਰ ਉਨ੍ਹਾਂ ਦੀ ਪੂਰਤੀ ਕੀਮਤੀ ਵਸਤਾਂ ਰਾਹੀਂ ਹੁੰਦੀ ਹੈ, ਉਹ ਵਿਲਾਸਤਾਵਾਂ ਕਹਾਉਂਦੀਆਂ ਹਨ।

-ਜੇਕਰ ਇੱਕ ਜ਼ਰੂਰਤ ਦੀ ਪੂਰਤੀ ਸੰਭਵ ਹੈ, ਸਰੋਤਾਂ ਦੀ ਘਾਟ ਦੇ ਕਾਰਨ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਸੰਭਵ ਨਹੀਂ ਹੈ।

-ਜ਼ਰੂਰਤਾਂ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹਨ:

ਜ਼ਰੂਰਤਾਂ ਅਸੀਮਤ ਹਨ, ਕਿਸੇ ਇੱਕ ਜ਼ਰੂਰਤ ਦੀ ਪੂਰਤੀ ਸੰਭਵ ਹੈ , ਕੁਝ ਜ਼ਰੂਰਤਾਂ ਬਾਰ ਬਾਰ ਮਹਿਸੂਸ ਹੁੰਦੀਆਂ ਹਨ, ਜ਼ਰੂਰਤਾਂ ਵਿੱਚ ਸਮਾਂ, ਸਥਾਨ ਅਤੇ ਵਿਅਕਤੀ ਦੇ ਅਨੁਸਾਰ ਤਬਦੀਲੀ ਹੁੰਦੀ ਹੈ, ਵਰਤਮਾਨ ਜ਼ਰੂਰਤਾਂ ਭਵਿੱਖੀ ਜ਼ਰੂਰਤਾਂ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀਆਂ ਹਨ। ਜ਼ਰੂਰਤਾਂ ਵਿੱਚ ਵਿਕਾਸ ਦੇ ਨਾਲ ਤਬਦੀਲੀ ਅਤੇ ਵਿਸਥਾਰ ਹੁੰਦਾ ਹੈ।

-ਜ਼ਰੂਰਤਾਂ ਵਿੱਚ ਵਿਕਾਸ ਨਾਲ ਤਬਦੀਲੀ ਅਤੇ ਵਿਸਥਾਰ ਹੁੰਦਾ ਹੈ।

-ਭਾਰਤੀ ਵਿਚਾਰਕਾਂ ਦੀ ਹਮੇਸ਼ਾਂ ਤਾਕੀਦ ਰਹੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਕਰਨ ਲਈ ਅਸੀਂ ਆਪਣੀਆਂ ਜ਼ਰੂਰਤਾਂ ਨੂੰ ਸੀਮਤ ਕਰੀਏ।

## ਪਾਠ ਦੇ ਅੰਤ ਦੇ ਪ੍ਰਸ਼ਨ

1. ਇੱਛਾਵਾਂ ਨੂੰ ਜ਼ਰੂਰਤਾਂ ਵਿੱਚ ਬਦਲਣ ਲਈ ਦੋ ਉਦਾਹਰਨਾਂ ਦਿਓ।
2. ਜ਼ਰੂਰਤਾਂ ਦਾ ਉਦੈ ਅਤੇ ਪਸਾਰ ਕਿਵੇਂ ਹੁੰਦਾ ਹੈ ? ਇੱਕ ਉਦਾਹਰਨ ਦੀ ਸਹਾਇਤਾ ਨਾਲ ਸਮਝਾਓ।
3. ਸਾਰੀਆਂ ਜ਼ਰੂਰਤਾਂ ਦੀ ਪੂਰਤੀ ਸੰਭਵ ਨਹੀਂ ਹੈ। ਸਮਝਾਓ ਕਿਉਂ?
4. ਜ਼ਰੂਰਤਾਂ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰੋ।
5. ਵਰਤਮਾਨ ਜ਼ਰੂਰਤਾਂ ਭਵਿੱਖੀ ਜ਼ਰੂਰਤਾਂ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀਆਂ ਹਨ, ਇੱਕ ਉਦਾਹਰਨ ਰਾਹੀਂ ਸਿੱਧ ਕਰੋ।
6. ਸਰੋਤ ਜ਼ਰੂਰਤਾਂ ਦੀ ਪੂਰਤੀ ਕਿਵੇਂ ਕਰਦੇ ਹਨ?
7. ਆਰਥਿਕ ਅਤੇ ਗੈਰ ਆਰਥਿਕ ਜ਼ਰੂਰਤਾਂ ਵਿੱਚ ਅੰਤਰ ਕਰੋ।
8. 'ਜ਼ਰੂਰਤਾਂ ਵਿੱਚ ਵਿਕਾਸ ਨਾਲ ਤਬਦੀਲੀ ਅਤੇ ਵਿਸਥਾਰ ਹੁੰਦਾ ਹੈ' ਸਮਝਾਓ।



ਨੋਟ

9. ਸਾਨੂੰ ਆਪਣੀਆਂ ਜ਼ਰੂਰਤਾਂ ਨੂੰ ਸੀਮਤ ਕਿਉਂ ਕਰਨਾ ਚਾਹੀਦਾ ਹੈ?

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 2.1 ਦੇ

1. ਉਹ ਇੱਛਾਵਾਂ ਜਿਨ੍ਹਾਂ ਦੀ ਪੂਰਤੀ ਕਰਨ ਲਈ ਸਾਡੇ ਕੋਲ ਉਚਿੱਤ ਮੁਦਰਾ ਹੋਵੇ ਅਤੇ ਅਸੀਂ ਜਿਨ੍ਹਾਂ ’ਤੇ ਖਰਚ ਕਰਨ ਨੂੰ ਤਤਪਰ ਹੋਏ, ਜ਼ਰੂਰਤਾਂ ਕਹਾਉਂਦੀਆਂ ਹਨ।
2. ਅੱਗ ਦੀ ਖੋਜ ਦੇ ਬਾਅਦ ਮਨੁੱਖ ਨੇ ਭੋਜਨ ਪਕਾਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਨਵੀਆਂ ਨਵੀਆਂ ਸਮੱਗਰੀਆਂ ਵਿੱਚ ਵਾਧਾ ਹੋਇਆ।
3. ਸਰੋਤਾਂ ਦੀ ਘਾਟ ਦੇ ਕਾਰਨ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਸੰਭਵ ਨਹੀਂ ਹੈ।
4. (1) ਜ਼ਰੂਰਤਾਂ ਅਸੀਮਤ ਹਨ।

   (2) ਕੁਝ ਜ਼ਰੂਰਤਾਂ ਬਾਰ ਬਾਰ ਮਹਿਸੂਸ ਹੁੰਦੀਆਂ ਹਨ।
5. ਇੱਕ ਇੱਛਾ ਜ਼ਰੂਰਤ ਬਣ ਜਾਂਦੀ ਹੈ ਜਦੋਂ ਉਸ ਦੀ ਪੂਰਤੀ ਲਈ ਉਚਿੱਤ ਪੈਸਾ ਹੋਵੇ ਅਤੇ ਜਿਸ ’ਤੇ ਅਸੀਂ ਖਰਚ ਕਰਨ ਨੂੰ ਤਤਪਰ ਹੋਈਏ।

### ਪਾਠ ਅਧੀਨ ਪ੍ਰਸ਼ਨ 2.2 ਦੇ ਉੱਤਰ

1.ਜ਼ਮੀਨ, ਮਜ਼ਦੂਰੀ, ਪੂੰਜੀ (ਮਸ਼ੀਨ), ਬੀਜ, ਖਾਦ, ਕੀਟਨਾਸ਼ਕ ਆਦਿ।

2. (ੳ)

3. (1) ਪੈੱਨ (2) ਪੁਸਤਕ

4. (1) ਸਾਹ ਲੈਣ ਲਈ ਹਵਾ (2) ਖੇਤੀ ਲਈ ਮੀਂਹ ਦਾ ਪਾਣੀ





# 3

# ਵਸਤਾਂ ਅਤੇ ਸੇਵਾਵਾਂ

ਤੁਸੀਂ ਸਿੱਖਿਆ ਹੈ ਕਿ ਮਨੁੱਖੀ ਜ਼ਰੂਰਤਾਂ ਅਸੀਮਤ ਅਤੇ ਅਸੰਤੁਸ਼ਟ ਹਨ। ਹੁਣ ਸਵਾਲ ਇਹ ਹੈ ਕਿ ਸਾਡੀਆਂ ਕਿੰਨੀਆਂ ਜ਼ਰੂਰਤਾਂ ਪੂਰੀਆਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ।

ਮਨੁੱਖੀ ਜ਼ਰੂਰਤਾਂ ਚੀਜ਼ਾਂ ਅਤੇ ਸੇਵਾਵਾਂ ਦੁਆਰਾ ਸੰਤੁਸ਼ਟ ਹੁੰਦੀਆਂ ਹਨ, ਜੋ ਕਿ ਵੱਖ-ਵੱਖ ਆਰਥਿਕ ਗਤੀਵਿਧੀਆਂ ਦੁਆਰਾ ਕੀਤੀਆਂ ਜਾਂਦੀਆਂ ਹਨ। ਇਸ ਪਾਠ ਵਿੱਚ ਤੁਸੀਂ ਵਸਤਾਂ ਅਤੇ ਸੇਵਾਵਾਂ, ਵਸਤਾਂ ਅਤੇ ਸੇਵਾਵਾਂ ਦੀਆਂ ਕਿਸਮਾਂ ਅਤੇ ਉਤਪਾਦਨ, ਖਪਤ, ਨਿਵੇਸ਼ ਅਤੇ ਮਨੁੱਖੀ ਜ਼ਰੂਰਤਾਂ ਦੇ ਸਬੰਧ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਮਹੱਤਤਾ ਬਾਰੇ ਸਿੱਖੋਗੇ।

## ਉਦੇਸ਼

ਇਸ ਪਾਠ ਨੂੰ ਪੜ੍ਹਨ ਦੇ ਬਾਅਦ ਤੁਸੀਂ ਕਰ ਸਕੋਗੇ :

- ਵਸਤੂ ਅਤੇ ਸੇਵਾ ਸ਼ਬਦਾਂ ਦੀ ਵਿਆਖਿਆ;
- ਵਿਭਿੰਨ ਤਰ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਦੀ ਪਛਾਣ;
- ਵਸਤਾਂ ਅਤੇ ਸੇਵਾਵਾਂ ਵਿੱਚ ਅੰਤਰ;
- ਵਿਭਿੰਨ ਤਰ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਦੇ ਵਰਗੀਕਰਨ ਦਾ ਆਧਾਰ;
- ਮੁਫ਼ਤ ਅਤੇ ਆਰਥਿਕ ਵਸਤਾਂ ਅਤੇ ਸੇਵਾਵਾਂ ਦੀ ਜਾਣਕਾਰੀ;
- ਉਪਭੋਗਤਾ ਵਸਤਾਂ ਅਤੇ ਉਤਪਾਦਕ ਵਸਤਾਂ ਅਤੇ ਸੇਵਾਵਾਂ ਵਿੱਚ ਅੰਤਰ;
- ਵਸਤਾਂ ਇਕਹਰੀਆਂ ਉਪਯੋਗੀ ਅਤੇ ਦੀਰਘਕਾਲੀ ਕਿਵੇਂ ਹੋ ਸਕਦੀਆਂ ਹਨ;
- ਜਨਤਕ ਵਸਤਾਂ ਅਤੇ ਨਿੱਜੀ ਵਸਤਾਂ ਵਿੱਚ ਅੰਤਰ।

## 3.1 ਵਸਤਾਂ ਅਤੇ ਸੇਵਾਵਾਂ

ਸਾਡੇ ਰੋਜ਼ਾਨਾ ਜੀਵਨ ਵਿੱਚ, ਅਸੀਂ ਕਈ ਤਰ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਨੂੰ ਦੇਖਦੇ ਹਾਂ। ਜਦੋਂ ਅਸੀਂ ਭੁੱਖੇ ਹੁੰਦੇ ਹਾਂ, ਅਸੀਂ ਭੋਜਨ ਲੈਂਦੇ ਹਾਂ. ਜਦੋਂ ਅਸੀਂ ਪਿਆਸੇ ਹੁੰਦੇ ਹਾਂ, ਅਸੀਂ ਪਾਣੀ ਲੈਂਦੇ ਹਾਂ। ਇਸੇ ਤਰ੍ਹਾਂ ਸਾਨੂੰ ਲਿਖਣ ਲਈ ਕਲਮ ਅਤੇ ਕਾਗਜ਼, ਰਹਿਣ ਲਈ ਘਰ, ਬੈਠਣ ਲਈ ਕੁਰਸੀਆਂ,

## ਵਸਤਾਂ ਅਤੇ ਸੇਵਾਵਾਂ





ਨੋਟ

ਕੱਪੜੇ ਧੋਣ ਲਈ ਵਾਸ਼ਿੰਗ ਮਸ਼ੀਨ, ਪ੍ਰੋਗਰਾਮ ਦੇਖਣ ਲਈ ਟੈਲੀਵਿਜ਼ਨ ਆਦਿ ਬਹੁਤ ਸਾਰੇ ਸਾਮਾਨ ਦੀ ਲੋੜ ਹੁੰਦੀ ਹੈ। ਇਹ ਸਾਰੀਆਂ ਚੀਜ਼ਾਂ ਦੀਆਂ ਉਦਾਹਰਣਾਂ ਹਨ ਜੋ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ।

ਪਰ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਿਰਫ਼ ਵਸਤਾਂ ਹੀ ਕਾਫ਼ੀ ਨਹੀਂ ਹਨ। ਸਾਨੂੰ ਵੱਖ-ਵੱਖ ਨੌਕਰੀਆਂ ਲਈ ਵੱਖ-ਵੱਖ ਲੋਕਾਂ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਸਾਨੂੰ ਆਪਣੇ ਵਾਲ ਕੱਟਣ ਲਈ ਇੱਕ ਹੇਅਰ ਡ੍ਰੈਸਰ, ਸਾਡਾ ਇਲਾਜ ਕਰਨ ਲਈ ਇੱਕ ਡਾਕਟਰ, ਸਾਡੇ ਕੱਪੜੇ ਸਿਲਾਈ ਕਰਨ ਲਈ ਇੱਕ ਦਰਜ਼ੀ, ਸਾਡੀਆਂ ਜੁੱਤੀਆਂ ਨੂੰ ਠੀਕ ਕਰਨ ਲਈ ਇੱਕ ਮੋਚੀ ਆਦਿ ਦੀ ਲੋੜ ਹੁੰਦੀ ਹੈ। ਇਹ ਸੇਵਾਵਾਂ ਦੀਆਂ ਕੁਝ ਉਦਾਹਰਣਾਂ ਹਨ ਜੋ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ। ਵਸਤਾਂ ਅਤੇ ਸੇਵਾਵਾਂ ਦੋਵੇਂ ਹੀ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ। ਇਹ ਚੀਜ਼ਾਂ ਅਤੇ ਸੇਵਾਵਾਂ ਸਾਡੀਆਂ ਜ਼ਰੂਰਤਾਂ ਅਨੁਸਾਰ ਵਿਭਿੰਨ ਹਨ।

## 3.2 ਵਸਤਾਂ ਅਤੇ ਸੇਵਾਵਾਂ ਵਿਚਕਾਰ ਅੰਤਰ

ਹੁਣ ਜਦੋਂ ਅਸੀਂ ਜਾਣਦੇ ਹਾਂ ਕਿ ਚੀਜ਼ਾਂ ਅਤੇ ਸੇਵਾਵਾਂ ਦੋਵੇਂ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹਨ, ਆਓ ਸਮਝੀਏ ਕਿ ਦੋਵੇਂ ਇੱਕ ਦੂਜੇ ਤੋਂ ਕਿਵੇਂ ਵੱਖਰੇ ਹਨ। ਅੰਤਰ ਦੇ ਮੁੱਖ ਨੁਕਤੇ ਹਨ:

### ਵਸਤਾਂ

1. ਵਸਤਾਂ ਦ੍ਰਿਸ਼ਮਾਨ ਹੁੰਦੀਆਂ ਹਨ ਭਾਵ ਉਹਨਾਂ ਨੂੰ ਦੇਖਿਆ ਅਤੇ ਛੂਹਿਆ ਜਾ ਸਕਦਾ ਹੈ।
2. ਵਸਤਾਂ ਦੇ ਉਤਪਾਦਨ ਅਤੇ ਖਪਤ ਵਿੱਚ ਇੱਕ ਸਮੇਂ ਦਾ ਅੰਤਰ ਹੁੰਦਾ ਹੈ ਕਿਉਂਕਿ ਉਹ ਪਹਿਲਾਂ ਪੈਦਾ ਹੁੰਦੇ ਹਨ ਅਤੇ ਬਾਅਦ ਵਿੱਚ ਖਪਤ ਹੁੰਦੇ ਹਨ।
3. ਲੋੜ ਪੈਣ 'ਤੇ ਉਹਨਾਂ ਨੂੰ ਸਟੋਰ ਕੀਤਾ ਅਤੇ ਵਰਤਿਆ ਜਾ ਸਕਦਾ ਹੈ।
4. ਉਹਨਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਤਬਦੀਲ ਕੀਤਾ ਜਾ ਸਕਦਾ ਹੈ।

ਆਓ ਆਪਾਂ ਕਿਸੇ ਇੱਕ ਚੰਗੀ ਵਸਤੂ ਦੀ ਉਦਾਹਰਣ ਲਈਏ, ਜਿਵੇਂ ਕੁਰਸੀ। ਤੁਸੀਂ ਕੁਰਸੀ ਦੇਖ ਸਕਦੇ ਹੋ ਅਤੇ ਉਸ ਨੂੰ ਛੂਹ ਵੀ ਸਕਦੇ ਹੋ। ਤਰਖਾਣ ਪਹਿਲਾਂ ਇਸ ਨੂੰ ਆਪਣੀ ਵਰਕਸ਼ਾਪ ਵਿੱਚ

ਨੋਟ

ਬਣਾਉਂਦਾ ਹੈ। ਤੁਸੀਂ ਇਸ ਨੂੰ ਬਾਜ਼ਾਰ ਤੋਂ ਖਰੀਦਣ ਤੋਂ ਬਾਅਦ ਵਰਤਦੇ ਹੋ। ਇਸ ਲਈ ਕੁਰਸੀ ਦੇ ਉਤਪਾਦਨ ਅਤੇ ਇਸਦੀ ਖਪਤ ਵਿਚਕਾਰ ਸਮੇਂ ਦਾ ਅੰਤਰ ਹੈ। ਜੇਕਰ ਮੰਨ ਲਓ ਕਿ ਤੁਹਾਨੂੰ ਉਸ ਕੁਰਸੀ ਦੀ ਤੁਰੰਤ ਲੋੜ ਨਹੀਂ ਹੈ ਤਾਂ ਤੁਸੀਂ ਇਸਨੂੰ ਆਪਣੇ ਸਟੋਰ ਵਿੱਚ ਰੱਖ ਸਕਦੇ ਹੋ ਅਤੇ ਲੋੜ ਪੈਣ 'ਤੇ ਇਸਨੂੰ ਵਰਤ ਸਕਦੇ ਹੋ। ਤੁਸੀਂ ਇਸਨੂੰ ਕਿਸੇ ਹੋਰ ਵਿਅਕਤੀ ਨੂੰ ਦੇ ਸਕਦੇ ਹੋ ਜਾਂ ਵੇਚ ਸਕਦੇ ਹੋ।

### ਸੇਵਾਵਾਂ

1. ਸੇਵਾਵਾਂ ਅਦ੍ਰਿਸ਼ ਹੁੰਦੀਆਂ ਹਨ, ਜਿਵੇਂ ਕਿ ਉਹਨਾਂ ਨੂੰ ਨਾ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਛੂਹਿਆ ਜਾ ਸਕਦਾ ਹੈ।
2. ਸੇਵਾਵਾਂ ਦੇ ਉਤਪਾਦਨ ਅਤੇ ਖਪਤ ਵਿਚਕਾਰ ਕੋਈ ਸਮੇਂ ਦਾ ਅੰਤਰ ਨਹੀਂ ਹੈ। ਇਸੇ ਲਈ ਇਨ੍ਹਾਂ ਦਾ ਉਤਪਾਦਨ ਅਤੇ ਖਪਤ ਇੱਕੋ ਸਮੇਂ ਕੀਤਾ ਜਾਂਦਾ ਹੈ।
3. ਸੇਵਾਵਾਂ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ ਹੈ।
4. ਸੇਵਾਵਾਂ ਦਾ ਤਬਾਦਲਾ ਸੰਭਵ ਨਹੀਂ ਹੈ।

ਆਉ ਅਸੀਂ ਇੱਕ ਡਾਕਟਰ ਦੀਆਂ ਸੇਵਾਵਾਂ ਦੀ ਉਦਾਹਰਣ 'ਤੇ ਵਿਚਾਰ ਕਰੀਏ। ਡਾਕਟਰ ਮਰੀਜ਼ ਦੀ ਜਾਂਚ ਕਰਦਾ ਹੈ ਅਤੇ ਦਵਾਈਆਂ ਲਿਖਦਾ ਹੈ। ਹੁਣ ਉਸਨੇ ਇੱਕ ਸੇਵਾ ਪ੍ਰਦਾਨ ਕੀਤੀ ਹੈ (ਮਰੀਜ਼ ਦੇ ਇਲਾਜ ਲਈ), ਜਿਸ ਨੂੰ ਅਸੀਂ ਦੇਖ ਜਾਂ ਛੂਹ ਨਹੀਂ ਸਕਦੇ। ਜਿਸ ਪਲ ਉਹ ਮਰੀਜ਼ ਦੀ ਜਾਂਚ ਕਰਦਾ ਹੈ, ਉਸਨੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਜੋ ਮਰੀਜ਼ ਦੁਆਰਾ ਖਪਤ ਵੀ ਕੀਤੀਆਂ ਜਾਂਦੀਆਂ ਹਨ। ਇਸ ਲਈ ਸੇਵਾਵਾਂ ਦੇ ਉਤਪਾਦਨ ਅਤੇ ਖਪਤ ਵਿੱਚ ਕੋਈ ਸਮੇਂ ਦਾ ਅੰਤਰ ਨਹੀਂ ਹੈ। ਹੁਣ ਇਸ ਸੇਵਾ ਨੂੰ ਸਟੋਰ ਜਾਂ ਤਬਦੀਲ ਨਹੀਂ ਕੀਤਾ ਜਾ ਸਕਦਾ ਹੈ।

### ਪਾਠ ਅਧੀਨ ਪ੍ਰਸ਼ਨ 3.1

1. ਇਨ੍ਹਾਂ ਵਿੱਚੋਂ ਕਿਸ-ਕਿਸ ਨੂੰ ਵਸਤੂ ਕਿਹਾ ਜਾਂਦਾ ਹੈ?

   (ੳ) ਕਾਰ (ਅ) ਮੋਬਾਇਲ ਫੋਨ

   (ੲ) ਯਾਤਰੀਆਂ ਦੀ ਆਵਾਜਾਈ (ਸ) ਜੁੱਤੀਆਂ ਠੀਕ ਕਰਨਾ

2. ਇਨ੍ਹਾਂ ਵਿੱਚੋਂ ਕਿਹੜੀਆਂ ਵਸਤਾਂ ਦੀਆਂ ਵਿਸ਼ੇਸ਼ਤਾਵਾਂ ਹਨ?

   (ੳ) ਵਸਤਾਂ ਨੂੰ ਦੇਖਿਆ ਤੇ ਛੂਹਿਆ ਜਾ ਸਕਦਾ ਹੈ।



ਨੋਟ

(ਅ) ਵਸਤਾਂ ਨੂੰ ਤਬਦੀਲ ਨਹੀਂ ਕੀਤਾ ਜਾ ਸਕਦਾ।

(ੲ) ਵਸਤਾਂ ਦੇ ਉਤਪਾਦਨ ਅਤੇ ਉਪਭੋਗ ਵਿੱਚ ਸਮਾਂ ਅੰਤਰਾਲ ਨਹੀਂ ਹੁੰਦਾ।

3. ਇਨ੍ਹਾਂ ਵਿੱਚੋਂ ਕਿਹੜੀਆਂ ਸੇਵਾਵਾਂ ਦੀਆਂ ਵਿਸ਼ੇਸ਼ਤਾਵਾਂ ਹਨ?

(ੳ) ਸੇਵਾਵਾਂ ਨੂੰ ਦੇਖਿਆ ਤੇ ਛੂਹਿਆ ਜਾ ਸਕਦਾ ਹੈ।

(ਅ) ਸੇਵਾਵਾਂ ਦੇ ਉਤਪਾਦਨ ਅਤੇ ਉਪਭੋਗ ਵਿੱਚ ਸਮਾਂ ਅੰਤਰਾਲ ਨਹੀਂ ਹੁੰਦਾ।

(ੲ) ਸੇਵਾਵਾਂ ਨੂੰ ਸਟੋਰ ਕੀਤਾ ਜਾ ਸਕਦਾ ਹੈ।

4. ਮਨੁੱਖੀ ਜ਼ਰੂਰਤਾਂ ਇਨ੍ਹਾਂ ਦੇ ਉਪਯੋਗ ਤੋਂ ਸੰਤੁਸ਼ਟ ਹੁੰਦੀਆਂ ਹਨ:

(ੳ) ਵਸਤਾਂ (ਅ) ਸੇਵਾਵਾਂ

(ੲ) ਵਸਤਾਂ ਅਤੇ ਸੇਵਾਵਾਂ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

## 3.3 ਵਸਤਾਂ ਅਤੇ ਸੇਵਾਵਾਂ ਦਾ ਵਰਗੀਕਰਨ

ਅਸੀਂ ਜਾਣਦੇ ਹਾਂ ਕਿ ਵੱਖ-ਵੱਖ ਕਿਸਮਾਂ ਦੇ ਉੱਦਮ ਵੱਖ-ਵੱਖ ਕਿਸਮਾਂ ਦੀਆਂ ਚੀਜ਼ਾਂ ਅਤੇ ਸੇਵਾਵਾਂ ਪੈਦਾ ਕਰਦੇ ਹਨ। ਉਹਨਾਂ ਦਾ ਵਿਅਕਤੀਗਤ ਤੌਰ 'ਤੇ

ਅਧਿਐਨ ਕਰਨਾ ਸੰਭਵ ਨਹੀਂ ਹੈ; ਇਸ ਲਈ ਉਹਨਾਂ ਨੂੰ ਸਹੀ ਢੰਗ ਨਾਲ ਸਮਝਣ ਲਈ ਸਾਨੂੰ ਉਹਨਾਂ ਨੂੰ ਕਈ ਵਿਆਪਕ ਸਮੂਹਾਂ ਵਿੱਚ

ਸ਼੍ਰੇਣੀਬੱਧ ਕਰਨਾ ਪਵੇਗਾ। ਇਹ ਵਰਗੀਕਰਨ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਇਹ ਵਰਗੀਕਰਨ ਸਾਨੂੰ ਵੱਖ-ਵੱਖ ਵਸਤਾਂ ਦੇ ਸਾਪੇਖਿਕ ਆਰਥਿਕ ਮਹੱਤਵ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਅਸੀਂ ਹੇਠਾਂ ਦਿੱਤੇ ਵਰਗੀਕਰਨਾਂ ਦਾ ਅਧਿਐਨ ਕਰਾਂਗੇ:

1. ਮੁਫ਼ਤ ਵਸਤਾਂ ਅਤੇ ਆਰਥਿਕ ਵਸਤਾਂ।
2. ਮੁਫ਼ਤ ਸੇਵਾਵਾਂ ਅਤੇ ਆਰਥਿਕ ਸੇਵਾਵਾਂ।
3. ਖਪਤਕਾਰ ਵਸਤਾਂ ਅਤੇ ਉਤਪਾਦਕ ਵਸਤਾਂ ।
4. ਖਪਤਕਾਰ ਸੇਵਾਵਾਂ ਅਤੇ ਉਤਪਾਦਕ ਸੇਵਾਵਾਂ।
5. ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਅਤੇ ਟਿਕਾਊ ਵਰਤੋਂ ਵਾਲੀਆਂ ਚੀਜ਼ਾਂ।
6. ਨਿੱਜੀ ਵਸਤਾਂ ਅਤੇ ਜਨਤਕ ਵਸਤਾਂ ।





## 1. ਮੁਫ਼ਤ ਵਸਤਾਂ ਅਤੇ ਆਰਥਿਕ ਵਸਤਾਂ

ਅਸੀਂ ਮੰਨ ਲਈਏ ਕਿ ਤੁਸੀਂ ਮਾਰੂਥਲ ਵਿੱਚ ਹੋ। ਜੇਕਰ ਤੁਸੀਂ ਇੱਕ ਬੈਗ ਰੇਤ ਨਾਲ ਭਰਦੇ ਹੋ, ਤਾਂ ਤੁਹਾਨੂੰ ਕੋਈ ਕੀਮਤ ਅਦਾ ਕਰਨ ਦੀ ਲੋੜ ਨਹੀਂ ਹੈ। ਪਰ ਇੱਕ ਸ਼ਹਿਰ ਵਿੱਚ, ਤੁਹਾਨੂੰ ਇਸਦੇ ਲਈ ਭੁਗਤਾਨ ਕਰਨਾ ਪਵੇਗਾ। ਇਹ ਉਦਾਹਰਣ ਇੱਕ ਮੁਫ਼ਤ ਵਸਤੂ ਨੂੰ ਆਰਥਿਕ ਵਸਤੂ ਤੋਂ ਵੱਖ ਕਰਨ ਵਿੱਚ ਸਾਡੀ ਮਦਦ ਕਰਦੀ ਹੈ। ਮੁਫ਼ਤ ਵਸਤਾਂ ਕੁਦਰਤ ਦੀ ਮੁਫ਼ਤ ਦਾਤ ਹਨ। ਉਹ ਭਰਪੂਰ ਮਾਤਰਾ ਵਿੱਚ ਉਪਲੱਬਧ ਹਨ ਭਾਵ ਅਸੀਮਤ ਮਾਤਰਾ ਵਿੱਚ ਅਤੇ ਸਪਲਾਈ ਮੰਗ ਨਾਲੋਂ ਕਿਤੇ ਵੱਧ ਹੈ। ਉਹਨਾਂ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਕੁਝ ਵੀ ਅਦਾ ਕਰਨ ਦੀ ਲੋੜ ਨਹੀਂ ਹੈ। ਇਸੇ ਲਈ ਇਨ੍ਹਾਂ ਨੂੰ ਮੁਫ਼ਤ ਦਾ ਵਸਤੂ ਕਿਹਾ ਜਾਂਦਾ ਹੈ। ਸੰਖੇਪ ਵਿੱਚ ਅਸੀਂ ਮੁਫ਼ਤ ਵਸਤਾਂ ਨੂੰ ਉਹਨਾਂ ਵਸਤਾਂ ਵਜੋਂ ਪਰਿਭਾਸ਼ਤ ਕਰ ਸਕਦੇ ਹਾਂ ਜਿਸ ਵਿੱਚ ਉਪਯੋਗਤਾ ਹੁੰਦੀ ਹੈ ਪਰ ਜਿਨ੍ਹਾਂ ਦੀ ਘਾਟ ਨਹੀਂ ਹੁੰਦੀ ਹੈ।

ਆਪਣੇ ਰੋਜ਼ਾਨਾ ਜੀਵਨ ਵਿੱਚ ਅਸੀਂ ਟੂਥਪੇਸਟ, ਸਾਬਣ, ਸ਼ੇਵਿੰਗ ਕਰੀਮ, ਜੁੱਤੀਆਂ, ਬਰੈੱਡ ਆਦਿ ਦੀ ਵਰਤੋਂ ਕਰਦੇ ਹਾਂ, ਇਹ ਚੀਜ਼ਾਂ ਮਨੁੱਖ ਦੁਆਰਾ ਬਣਾਈਆਂ ਗਈਆਂ ਹਨ ਅਤੇ ਇਹਨਾਂ ਦੀ ਸਪਲਾਈ ਅਸੀਮਤ ਨਹੀਂ ਹੈ। ਇਸੇ ਤਰ੍ਹਾਂ ਅਸੀਂ ਮਸ਼ੀਨਾਂ, ਬੱਸਾਂ, ਮੇਜ਼, ਕੁਰਸੀ, ਕਿਤਾਬਾਂ, ਪੱਖੇ, ਟੈਲੀਵਿਜ਼ਨ ਆਦਿ ਦੀ ਵਰਤੋਂ ਕਰਦੇ ਹਾਂ, ਉਹ ਵੀ ਮਨੁੱਖ ਦੁਆਰਾ ਬਣਾਏ ਗਏ ਹਨ ਅਤੇ ਇਨ੍ਹਾਂ ਦੀ ਸਪਲਾਈ ਅਸੀਮਤ ਨਹੀਂ ਹੈ। ਅਸੀਂ ਘਰ ਵਿੱਚ ਵੱਖ-ਵੱਖ ਉਦੇਸ਼ਾਂ ਲਈ ਪਾਣੀ, ਉਸਾਰੀ ਲਈ ਰੇਤ ਅਤੇ ਵੱਖ-ਵੱਖ ਖਣਿਜਾਂ ਨੂੰ ਵੱਖ-ਵੱਖ ਰੂਪਾਂ ਵਿੱਚ ਵਰਤਦੇ ਹਾਂ। ਇਹ ਮਨੁੱਖ ਦੁਆਰਾ ਬਣਾਏ ਨਹੀਂ ਸਗੋਂ ਕੁਦਰਤ ਦੇ ਮੁਫ਼ਤ ਤੋਹਫ਼ੇ ਹਨ। ਪਰ ਕਿਉਂਕਿ ਉਹ ਦੁਰਲੱਭ ਹਨ, ਉਨ੍ਹਾਂ ਦੀ ਘਾਟ ਹੁੰਦੀ ਹੈ ਭਾਵ ਉਹਨਾਂ ਦੀ ਮੰਗ ਉਹਨਾਂ ਦੀ ਸਪਲਾਈ ਨਾਲੋਂ ਵੱਧ ਹੈ, ਉਹ ਇੱਕ ਕੀਮਤ ਨਿਰਧਾਰਤ ਕਰਦੇ ਹਨ ਅਤੇ ਮੁਫ਼ਤ ਵਿੱਚ ਉਪਲੱਬਧ ਨਹੀਂ ਹਨ। ਉਹ ਆਰਥਿਕ ਵਸਤਾਂ ਹਨ।

ਆਰਥਿਕ ਵਸਤਾਂ ਉਹ ਵਸਤਾਂ ਹਨ (ਮਨੁੱਖੀ ਜਾਂ ਕੁਦਰਤ ਦੇ ਮੁਫ਼ਤ ਤੋਹਫ਼ੇ) ਜਿਨ੍ਹਾਂ ਦੀ ਮੰਗ ਸਪਲਾਈ ਨਾਲੋਂ ਵੱਧ ਹੈ। ਉਹਨਾਂ ਲਈ ਕੀਮਤ ਅਦਾ ਕਰਦੇ ਹਾਂ ਅਤੇ ਉਹਨਾਂ ਨੂੰ ਬਾਜ਼ਾਰ ਵਿੱਚੋਂ ਖਰੀਦਿਆ ਜਾ ਸਕਦਾ ਹੈ।

## 2.ਮੁਫ਼ਤ ਸੇਵਾਵਾਂ ਅਤੇ ਆਰਥਿਕ ਸੇਵਾਵਾਂ

ਸੇਵਾਵਾਂ ਦੇ ਮਾਮਲੇ ਵਿੱਚ ਵੀ, ਮੁਫ਼ਤ ਸੇਵਾਵਾਂ ਅਤੇ ਆਰਥਿਕ ਸੇਵਾਵਾਂ ਹਨ। ਮੁਫ਼ਤ ਸੇਵਾਵਾਂ ਉਹ ਹਨ, ਜੋ ਬਾਜ਼ਾਰ ਵਿੱਚ ਨਹੀਂ ਖਰੀਦੀਆਂ ਜਾ ਸਕਦੀਆਂ ਹਨ ਅਤੇ ਜੋ ਪਿਆਰ, ਸਨੇਹ ਆਦਿ ਦੇ ਨਾਲ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਦਾਹਰਨ ਲਈ ਮਾਪਿਆਂ ਦੀਆਂ ਆਪਣੇ ਬੱਚਿਆਂ ਲਈ





ਸੇਵਾਵਾਂ। ਉਹ ਸਾਰੀਆਂ ਸੇਵਾਵਾਂ, ਜੋ ਬਾਜ਼ਾਰ ਵਿੱਚ ਖਰੀਦੀਆਂ ਜਾ ਸਕਦੀਆਂ ਹਨ, ਆਰਥਿਕ ਸੇਵਾਵਾਂ ਹਨ ਜਿਵੇਂ ਕਿ ਡਾਕਟਰਾਂ, ਇੰਜੀਨੀਅਰਾਂ ਆਦਿ ਦੀਆਂ ਸੇਵਾਵਾਂ। ਵਸਤਾਂ ਅਤੇ ਸੇਵਾਵਾਂ ਦਾ ਬਾਕੀ ਵਰਗੀਕਰਨ ਸਿਰਫ਼ ਆਰਥਿਕ ਵਸਤਾਂ ਅਤੇ ਸੇਵਾਵਾਂ ਨਾਲ ਹੀ ਹੁੰਦਾ ਹੈ।

### 3. ਖਪਤਕਾਰ ਵਸਤਾਂ ਅਤੇ ਉਤਪਾਦਕ ਵਸਤਾਂ

ਇਹ ਵਰਗੀਕਰਨ ਉਸ ਉਦੇਸ਼ 'ਤੇ ਆਧਾਰਿਤ ਹੈ ਜਿਸ ਲਈ ਕਿਸੇ ਖਾਸ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਖਪਤਕਾਰ ਵਸਤਾਂ ਉਹ ਵਸਤਾਂ ਹਨ, ਜੋ ਸਿੱਧੇ ਤੌਰ 'ਤੇ ਖਪਤਕਾਰਾਂ ਦੀ ਲੋੜ ਨੂੰ ਪੂਰਾ ਕਰਦੀਆਂ ਹਨ। ਉਹ ਵਸਤਾਂ ਹਨ, ਜੋ ਖਪਤ ਲਈ ਵਰਤੀਆਂ ਜਾਂਦੀਆਂ ਹਨ। ਉਦਾਹਰਣ ਵਜੋਂ ਰੋਟੀ, ਫਲ, ਦੁੱਧ, ਕੱਪੜੇ ਆਦਿ।

ਉਤਪਾਦਕ ਵਸਤਾਂ ਉਹ ਵਸਤਾਂ ਹੁੰਦੀਆਂ ਹਨ, ਜੋ ਅਸਿੱਧੇ ਤੌਰ 'ਤੇ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ। ਕਿਉਂਕਿ ਉਹ ਹੋਰ ਵਸਤਾਂ ਦੇ ਉਤਪਾਦਨ ਵਿੱਚ ਮਦਦ ਕਰਦੀਆਂ ਹਨ, ਉਨ੍ਹਾਂ ਨੂੰ ਉਤਪਾਦਕ ਵਸਤਾਂ ਵਜੋਂ ਜਾਣਿਆ ਜਾਂਦਾ ਹੈ। ਉਦਾਹਰਨ ਲਈ ਮਸ਼ੀਨਰੀ, ਸੰਦ, ਕੱਚਾ ਮਾਲ, ਬੀਜ, ਖਾਦ ਅਤੇ ਟਰੈਕਟਰ ਆਦਿ ਸਭ ਉਤਪਾਦਕ ਵਸਤਾਂ ਦੀਆਂ ਉਦਾਹਰਣਾਂ ਹਨ।

**3 ਏ. ਵਿਚਕਾਰਲੀ ਵਸਤੂ**

ਅੰਤਮ ਵਸਤੂਆਂ ਅਤੇ ਸੇਵਾਵਾਂ ਦੇ ਹੋਰ ਉਤਪਾਦਨ ਲਈ ਉਤਪਾਦਕਾਂ ਦੁਆਰਾ ਵਰਤੇ ਜਾਂਦੇ ਕੱਚੇ ਮਾਲ, ਬਿਜਲੀ, ਈਂਧਨ ਆਦਿ ਨੂੰ ਵਿਚਕਾਰਲੀ ਵਸਤੂ ਵੀ ਕਿਹਾ ਜਾਂਦਾ ਹੈ। ਉਦਾਹਰਨ: ਕਣਕ ਦਾ ਆਟਾ ਬੈਕਰੀ ਵਿੱਚ ਰੋਟੀ ਦੇ ਉਤਪਾਦਨ ਵਿੱਚ ਇੱਕ ਵਿਚਕਾਰਲੀ ਵਸਤੂ ਹੈ।

### 4. ਖਪਤਕਾਰ ਸੇਵਾਵਾਂ ਅਤੇ ਉਤਪਾਦਕ ਸੇਵਾਵਾਂ

ਇੱਥੇ ਵੀ ਵਰਗੀਕਰਨ ਦਾ ਆਧਾਰ ਵਸਤਾਂ ਵਰਗਾ ਹੀ ਹੈ। ਜਦੋਂ ਖਪਤਕਾਰ ਜਾਂ ਪਰਿਵਾਰ ਸਿੱਧੇ ਤੌਰ 'ਤੇ ਸੇਵਾਵਾਂ ਦੀ ਵਰਤੋਂ ਕਰਦੇ ਹਨ, ਤਾਂ ਉਨ੍ਹਾਂ ਨੂੰ ਖਪਤਕਾਰ ਸੇਵਾਵਾਂ ਵਜੋਂ ਜਾਣਿਆ ਜਾਂਦਾ ਹੈ। ਉਦਾਹਰਨ ਲਈ, ਤੁਹਾਡੀ ਕਮੀਜ਼ ਨੂੰ ਸਿਲਾਈ ਕਰਨ ਵਾਲੇ ਕਿਸੇ ਦਰਜ਼ੀ ਦੀਆਂ ਸੇਵਾਵਾਂ ਜਾਂ ਤੁਹਾਡਾ ਇਲਾਜ ਕਰਨ ਵਾਲੇ ਡਾਕਟਰ ਦੀਆਂ ਸੇਵਾਵਾਂ ਜਾਂ ਤੁਹਾਡੀ ਲੀਕ ਹੋਈ ਟੂਟੀ ਦੀ ਮੁਰੰਮਤ ਕਰਨ ਵਾਲੇ ਪਲੰਬਰ ਦੀਆਂ ਸੇਵਾਵਾਂ, ਆਦਿ।

ਦੂਜੇ ਪਾਸੇ ਉਤਪਾਦਕ ਸੇਵਾਵਾਂ ਦੀ ਵਰਤੋਂ ਹੋਰ ਚੀਜ਼ਾਂ ਅਤੇ ਸੇਵਾਵਾਂ ਦੇ ਉਤਪਾਦਨ ਲਈ ਕੀਤੀ

ਜਾਂਦੀ ਹੈ, ਜੋ ਬਦਲੇ ਵਿੱਚ ਖਪਤਕਾਰਾਂ ਦੁਆਰਾ ਮੰਗੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਉਤਪਾਦਕ ਸੇਵਾਵਾਂ ਅਸਿੱਧੇ ਤੌਰ 'ਤੇ ਮਨੁੱਖ ਦੀਆਂ ਜ਼ਰੂਰਤਾਂ ਨੂੰ ਸੰਤੁਸ਼ਟ ਕਰਦੀਆਂ ਹਨ। ਉਦਾਹਰਨ ਲਈ, ਇੱਕ ਦਰਜ਼ੀ ਇੱਕ ਰੈਡੀਮੇਡ ਕੱਪੜੇ ਦੀ ਦੁਕਾਨ ਲਈ ਇੱਕ ਕਮੀਜ਼ ਦੀ ਸਿਲਾਈ ਕਰਦਾ ਹੈ, ਇੱਕ ਇਲੈੱਕਟ੍ਰੀਸ਼ੀਅਨ ਇੱਕ ਉਤਪਾਦਨ ਯੂਨਿਟ ਵਿੱਚ ਬਿਜਲੀ ਦੀ ਸਪਲਾਈ ਵਿੱਚ ਨੁਕਸ ਦੀ ਮੁਰੰਮਤ ਕਰਦਾ ਹੈ ਜਾਂ ਇੱਥੋਂ ਤੱਕ ਕਿ ਇੱਕ ਟਰੱਕ-ਕੱਚੇ ਮਾਲ ਨੂੰ ਫੈਕਟਰੀ ਤੱਕ ਪਹੁੰਚਾਉਂਦਾ ਹੈ।

### 5. ਇਕਹਿਰੀ ਵਰਤੋਂ ਅਤੇ ਟਿਕਾਊ ਵਰਤੋਂ ਵਾਲੀਆਂ ਚੀਜ਼ਾਂ

ਸਾਰੀਆਂ ਕਿਸਮਾਂ ਦੀਆਂ ਵਸਤਾਂ ਭਾਵੇਂ ਖਪਤਕਾਰ ਵਸਤਾਂ ਜਾਂ ਉਤਪਾਦਕ ਵਸਤਾਂ ਨੂੰ ਇਕਹਿਰੀ ਵਰਤੋਂ ਅਤੇ ਟਿਕਾਊ ਵਰਤੋਂ ਵਾਲੀਆਂ ਵਸਤਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਇਕਹਿਰੀ ਵਰਤੋਂ ਵਾਲੀਆਂ ਵਸਤਾਂ ਉਹ ਵਸਤਾਂ ਹਨ, ਜਿਨ੍ਹਾਂ ਦੀ ਵਰਤੋਂ ਸਿਰਫ਼ ਇੱਕ ਵਾਰ ਕੀਤੀ ਜਾ ਸਕਦੀ ਹੈ। ਉਹ ਸਿਰਫ਼ ਇੱਕ ਵਰਤੋਂ ਵਿੱਚ ਹੀ ਖਤਮ ਹੋ ਜਾਂਦੀਆਂ ਹਨ। ਉਦਾਹਰਨ ਲਈ ਬਰੈੱਡ, ਮੱਖਣ, ਆਂਡਾ, ਦੁੱਧ ਆਦਿ ਇੱਕ ਵਾਰ ਵਰਤੋਂ ਦੀਆਂ ਖਪਤਕਾਰ ਵਸਤਾਂ ਹਨ ਕਿਉਂਕਿ ਇਹ ਤੁਰੰਤ ਅਤੇ ਇੱਕ ਵਾਰ ਖਾਧੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਇਕੱਲੇ ਵਰਤੋਂ ਵਾਲੇ ਉਤਪਾਦਕ ਵਸਤਾਂ ਇੱਕ ਉਤਪਾਦਨ ਪ੍ਰਕਿਰਿਆ ਵਿੱਚ ਖਤਮ ਹੋ ਜਾਂਦੀਆਂ ਹਨ। ਉਦਾਹਰਨ ਲਈ ਕੋਲਾ, ਕੱਚਾ ਮਾਲ, ਬੀਜ, ਖਾਦ ਆਦਿ ਇਸ ਨੂੰ ਹੋਰ ਵਿਸਤਾਰ ਦੇਣ ਲਈ ਆਓ ਅਸੀਂ ਖੰਡ ਦੇ ਉਤਪਾਦਨ ਦੀ ਉਦਾਹਰਣ ਲਈਏ। ਇੱਥੇ ਕੱਚਾ ਮਾਲ ਗੰਨਾ ਹੈ, ਜਿਸ ਦੀ ਵਰਤੋਂ ਸਿਰਫ਼ ਇੱਕ ਵਾਰ ਕੀਤੀ ਜਾਂਦੀ ਹੈ।

ਟਿਕਾਊ ਵਰਤੋਂ ਵਾਲੀਆਂ ਵਸਤਾਂ ਉਹ ਵਸਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵਾਰ-ਵਾਰ ਲੰਬੇ ਸਮੇਂ ਤੱਕ ਵਰਤਿਆ ਜਾ ਸਕਦਾ ਹੈ। ਟਿਕਾਊ ਵਰਤੋਂ ਵਾਲੀਆਂ ਖਪਤਕਾਰ ਵਸਤਾਂ ਦੇ ਨਾਲ-ਨਾਲ ਟਿਕਾਊ ਵਰਤੋਂ ਉਤਪਾਦਕ ਵਸਤਾਂ ਵੀ ਹਨ। ਟਿਕਾਊ ਵਰਤੋਂ ਵਾਲੀਆਂ ਖਪਤਕਾਰ ਵਸਤਾਂ ਕੱਪੜਾ, ਫਰਨੀਚਰ, ਟੈਲੀਵਿਜ਼ਨ, ਸਕੂਟਰ ਆਦਿ ਹਨ ਜਿਨ੍ਹਾਂ ਦੀ ਵਰਤੋਂ ਉਪਭੋਗਤਾ ਵਾਰ-ਵਾਰ ਕਰ ਸਕਦਾ ਹੈ। ਟਿਕਾਊ ਵਰਤੋਂ ਵਾਲੇ ਉਤਪਾਦਕ ਵਸਤਾਂ ਦੀ ਵਰਤੋਂ ਉਤਪਾਦਨ ਵਿੱਚ ਵਾਰ-ਵਾਰ ਕੀਤੀ ਜਾਂਦੀ ਹੈ, ਉਦਾਹਰਣ ਵਜੋਂ, ਮਸ਼ੀਨਾਂ, ਔਜ਼ਾਰ, ਟਰੈਕਟਰ ਆਦਿ। ਇਸ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਵਸਤਾਂ ਦੀ ਵਾਰ-ਵਾਰ ਵਰਤੋਂ ਕਰਨ ਨਾਲ ਇਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਅਸਲ ਵਿੱਚ ਇਨ੍ਹਾਂ ਵਸਤਾਂ ਦੀ ਕੀਮਤ ਲਗਾਤਾਰ ਵਰਤੋਂ ਤੋਂ ਬਾਅਦ ਘਟ ਜਾਂਦੀ ਹੈ।

### 6. ਨਿੱਜੀ ਵਸਤਾਂ ਅਤੇ ਜਨਤਕ ਵਸਤਾਂ

ਵਸਤਾਂ ਨੂੰ ਉਹਨਾਂ ਦੀ ਮਾਲਕੀ ਦੇ ਆਧਾਰ 'ਤੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਉਹ ਸਾਰੀਆਂ ਵਸਤਾਂ ਜੋ ਨਿੱਜੀ ਤੌਰ 'ਤੇ ਮਲਕੀਅਤ ਵਾਲੀਆਂ ਹਨ ਅਤੇ ਵਿਅਕਤੀਗਤ ਤੌਰ 'ਤੇ

ਆਨੰਦ ਮਾਣਿਆ ਜਾਂਦਾ ਹੈ, ਨੂੰ ਨਿੱਜੀ ਵਸਤਾਂ ਕਿਹਾ ਜਾਂਦਾ ਹੈ। ਉਦਾਹਰਨ ਲਈ ਤੁਹਾਡੀ ਮਲਕੀਅਤ ਵਾਲੀਆਂ ਸਾਰੀਆਂ ਵਸਤਾਂ ਨਿੱਜੀ ਵਸਤਾਂ ਹਨ। ਇਸ ਵਿੱਚ ਤੁਹਾਡੀ ਘੜੀ, ਪੈੱਨ, ਸਕੂਟਰ, ਕਿਤਾਬਾਂ, ਮੇਜ਼,

ਕੁਰਸੀ, ਬਿਸਤਰਾ, ਕੱਪੜੇ ਆਦਿ ਸ਼ਾਮਲ ਹਨ। ਜੇਕਰ ਤੁਸੀਂ ਇੱਕ ਫੈਕਟਰੀ ਦੇ ਮਾਲਕ ਹੋ ਤਾਂ ਉਸ ਦੀ ਇਮਾਰਤ, ਮਸ਼ੀਨਰੀ; ਔਜ਼ਾਰ ਆਦਿ ਤੁਹਾਡੀਆਂ ਨਿੱਜੀ ਵਸਤਾਂ ਹਨ।

ਜਨਤਕ ਵਸਤਾਂ ਉਹ ਵਸਤਾਂ ਹੁੰਦੀਆਂ ਹਨ, ਜਿਨ੍ਹਾਂ ਦੀ ਜਨਤਕ ਮਲਕੀਅਤ ਹੁੰਦੀ ਹੈ ਅਤੇ ਸਮੁੱਚੇ ਤੌਰ 'ਤੇ ਸਮਾਜ ਦੁਆਰਾ ਮਾਣਿਆ ਜਾਂਦਾ ਹੈ। ਉਦਾਹਰਣ ਵਜੋਂ ਸੜਕਾਂ, ਪੁਲ, ਪਾਰਕ, ਟਾਊਨ ਹਾਲ ਆਦਿ ਸਭ ਸਮੂਹਿਕ ਤੌਰ 'ਤੇ ਜਨਤਕ ਮਲਕੀਅਤ ਹਨ। ਉਹ ਬਿਨਾਂ ਕਿਸੇ ਭੇਦਭਾਵ ਦੇ ਸਮਾਜ ਦੇ ਸਾਰੇ ਲੋਕਾਂ ਲਈ ਉਪਲੱਬਧ ਹਨ, ਭਾਵ ਕਿਸੇ ਨੂੰ ਵੀ ਜਨਤਕ ਵਸਤਾਂ ਦੀ ਖਪਤ ਤੋਂ ਇਨਕਾਰ ਨਹੀਂ ਕੀਤਾ ਜਾਂਦਾ ਹੈ। ਸਰਕਾਰੀ ਅਤੇ ਨਿੱਜੀ ਉੱਦਮੀ ਦੋਵੇਂ ਜਨਤਕ ਵਸਤਾਂ ਦਾ ਉਤਪਾਦਨ ਕਰ ਸਕਦੇ ਹਨ।

## ਪਾਠ ਅਧੀਨ ਪ੍ਰਸ਼ਨ 3.2

ਨਿਮਨਲਿਖਤ ਵਿੱਚੋਂ ਕਿਹੜਾ ਸਹੀ ਹੈ?

1. ਆਰਥਿਕ ਵਸਤਾਂ ਉਹ ਵਸਤਾਂ ਹਨ :

   (ੳ) ਜੋ ਸੀਮਤ ਹੋਣ

   (ਅ) ਜਿਨ੍ਹਾਂ ਦੀ ਕੀਮਤ ਹੋਵੇ

   (ੲ) ਜੋ ਸੀਮਤ ਹੋਣ ਅਤੇ ਜਿਨ੍ਹਾਂ ਦੀ ਕੀਮਤ ਹੋਵੇ।

2. ਉਪਭੋਗਤਾ ਵਸਤਾਂ ਉਹ ਵਸਤਾਂ ਹਨ ;

   (ੳ) ਜੋ ਅੱਗੇ ਉਤਪਾਦਨ ਵਿੱਚ ਸਹਾਇਤਾ ਕਰਦੀਆਂ ਹਨ।

   (ਅ) ਜੋ ਪ੍ਰਤੱਖ ਰੂਪ ਨਾਲ ਮਨੁੱਖੀ ਜ਼ਰੂਰਤਾਂ ਦੀ ਪੂਰਤੀ ਕਰਨ।

   (ੲ) ਇਨ੍ਹਾਂ ਵਿੱਚੋਂ ਕੋਈ ਨਹੀਂ।

3. ਉਤਪਾਦਕ ਵਸਤਾਂ ਦੀ ਉਦਾਹਰਨ ਹੈ:

   (ੳ) ਮਸ਼ੀਨਾਂ (ਅ) ਟਰੈਕਟਰ

   (ੲ) ਡਬਲਰੋਟੀ (ਸ) ਕੱਚਾ ਮਾਲ

4. ਇਨ੍ਹਾਂ ਵਿੱਚੋਂ ਕਿਹੜੇ ਕਥਨ ਸਹੀ ਹਨ?

(ੳ) ਮੁਫ਼ਤ ਵਸਤਾਂ ਉਹ ਹਨ ਜਿਨ੍ਹਾਂ ਦੀ ਸਪਲਾਈ ਮੰਗ ਤੋਂ ਜ਼ਿਆਦਾ ਹੁੰਦੀ ਹੈ।

(ਅ) ਇਕਹਿਰੀ ਵਰਤੋਂ ਵਾਲੀਆਂ ਵਸਤਾਂ ਉਹ ਹਨ ਜਿਨ੍ਹਾਂ ਦਾ ਕੇਵਲ ਇੱਕ ਵਾਰ ਪ੍ਰਯੋਗ ਹੁੰਦਾ ਹੈ।

(ੲ) ਦੀਰਘ ਉਪਯੋਗੀ ਵਸਤਾਂ ਦਾ ਬਾਰ-ਬਾਰ ਪ੍ਰਯੋਗ ਹੋ ਸਕਦਾ ਹੈ।

(ਸ) ਜਨਤਕ ਵਸਤਾਂ ਉਹ ਵਸਤਾਂ ਹਨ ਜਿਨ੍ਹਾਂ ਦਾ ਮਾਲਕ ਸਾਰਾ ਸਮਾਜ ਹੁੰਦਾ ਹੈ।

## 3.4 ਆਰਥਿਕਤਾ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਭੂਮਿਕਾ ਅਤੇ ਮਹੱਤਵ

ਵਸਤਾਂ ਅਤੇ ਸੇਵਾਵਾਂ ਦੀ ਆਰਥਿਕਤਾ ਵਿੱਚ ਬਹੁਮੁਖੀ ਭੂਮਿਕਾ ਹੁੰਦੀ ਹੈ। ਉਨ੍ਹਾਂ ਦੀ ਭੂਮਿਕਾ ਨੂੰ ਇਸ ਸਬੰਧ ਵਿੱਚ ਕਿਹਾ ਜਾ ਸਕਦਾ ਹੈ-

### 1. ਮਨੁੱਖੀ ਜ਼ਰੂਰਤਾਂ

ਤੁਸੀਂ ਅਧਿਐਨ ਕੀਤਾ ਹੈ ਕਿ ਮਨੁੱਖ ਦੀਆਂ ਜ਼ਰੂਰਤਾਂ ਅਸੀਮਤ ਹਨ ਅਤੇ ਉਹ ਲਗਾਤਾਰ ਵਧ ਰਹੀਆਂ ਹਨ। ਭਾਵ ਜੇਕਰ ਕੱਪੜੇ, ਜੁੱਤੀਆਂ, ਫਰਨੀਚਰ, ਭਾਂਡੇ, ਟੈਲੀਵਿਜ਼ਨ, ਸਕੂਟਰ, ਫਲ, ਸਬਜ਼ੀਆਂ, ਅਨਾਜ ਅਤੇ ਡਾਕਟਰ, ਪਲੰਬਰ, ਇਲੈਕਟ੍ਰੀਸ਼ੀਅਨ ਆਦਿ ਦੀਆਂ ਸੇਵਾਵਾਂ ਜਿਵੇਂ ਕਿ ਵੱਖ-ਵੱਖ ਵਸਤਾਂ ਅਤੇ ਸੇਵਾਵਾਂ ਦੀ ਉਪਲਬੱਧਤਾ ਵਧਦੀ ਹੈ, ਤਾਂ ਇਹ ਮਨੁੱਖ ਦੀਆਂ ਹੋਰ ਲੋੜਾਂ ਨੂੰ ਪੂਰਾ ਕਰੇਗੀ।

### 2. ਉਤਪਾਦਨ

ਵਧਦੀਆਂ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਲਈ ਸਾਨੂੰ ਖਪਤਕਾਰ ਵਸਤਾਂ ਅਤੇ ਸੇਵਾਵਾਂ ਦੀ ਲੋੜ ਹੁੰਦੀ ਹੈ। ਪਰ ਉਪਭੋਗਤਾ ਵਸਤਾਂ ਅਤੇ ਸੇਵਾਵਾਂ ਦੀ ਉਪਲੱਬਧਤਾ ਵਿੱਚ ਇਹ ਵਾਧਾ ਉਤਪਾਦਕ ਵਸਤਾਂ ਅਤੇ ਸੇਵਾਵਾਂ ਦੀ ਵਧੀ ਹੋਈ ਉਪਲੱਬਧਤਾ 'ਤੇ ਨਿਰਭਰ ਕਰਦਾ ਹੈ। ਜੇਕਰ ਸਾਡੇ ਕੋਲ ਵੱਧ ਤੋਂ ਵੱਧ ਮਸ਼ੀਨਰੀ, ਕੱਚਾ ਮਾਲ, ਟਰੈਕਟਰ, ਬੀਜ, ਖਾਦ ਆਦਿ ਹੋਵੇ ਤਾਂ ਅਸੀਂ ਹੋਰ ਉਤਪਾਦਨ ਕਰ

ਸਕਦੇ ਹਾਂ, ਇਸੇ ਤਰ੍ਹਾਂ ਸਾਨੂੰ ਆਵਾਜਾਈ ਸੇਵਾਵਾਂ, ਬੈਂਕਿੰਗ ਅਤੇ ਬੀਮਾ ਸੇਵਾਵਾਂ ਦੀ ਲੋੜ ਹੈ। ਇਸ ਤਰ੍ਹਾਂ ਇਹ ਉਤਪਾਦਕ ਦੀਆਂ ਵਸਤਾਂ ਅਤੇ ਸੇਵਾਵਾਂ ਦੀ ਮਾਤਰਾ ਅਤੇ ਗੁਣਵੱਤਾ ਹੈ ਜੋ ਬਾਜ਼ਾਰ ਵਿੱਚ ਖਪਤਕਾਰ ਵਸਤਾਂ ਅਤੇ ਸੇਵਾਵਾਂ ਦੀ ਉਪਲੱਬਧਤਾ ਨੂੰ ਨਿਰਧਾਰਤ ਕਰੇਗੀ।



ਨੋਟ

### 3. ਨਿਵੇਸ਼

ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਵਾਧਾ ਨਿਵੇਸ਼ ਦਾ ਪੱਧਰ ਵੀ ਨਿਰਧਾਰਤ ਕਰੇਗਾ। ਵਸਤਾਂ ਅਤੇ ਸੇਵਾਵਾਂ ਦੀ ਮਾਤਰਾ ਦੇ ਮੱਦੇਨਜ਼ਰ, ਇਸ ਦਾ ਇੱਕ ਹਿੱਸਾ ਖਪਤ ਕੀਤਾ ਜਾਂਦਾ ਹੈ, ਜੋ ਮਨੁੱਖ ਦੀਆਂ ਇੱਛਾਵਾਂ ਨੂੰ ਪੂਰਾ ਕਰਦਾ ਹੈ। ਜੋ ਵੀ ਖਪਤ ਨਹੀਂ ਕੀਤੀ ਜਾਂਦੀ ਉਹ ਅੱਗੇ ਉਤਪਾਦਨ ਲਈ ਵਰਤੀ ਜਾਂਦੀ ਹੈ ਅਤੇ ਇਸ ਦੇ ਨਤੀਜੇ ਵਜੋਂ ਆਰਥਿਕਤਾ ਵਿੱਚ ਪੂੰਜੀ ਨਿਰਮਾਣ ਹੁੰਦਾ ਹੈ। ਜੇਕਰ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਜ਼ਿਆਦਾ ਹੋਵੇਗਾ ਤਾਂ ਸੰਭਾਵਨਾ ਹੈ ਕਿ ਖਪਤ ਵੀ ਜ਼ਿਆਦਾ ਹੋਵੇਗੀ ਅਤੇ ਨਿਵੇਸ਼ ਵੀ ਜ਼ਿਆਦਾ ਹੋਵੇਗਾ। ਜਿੰਨਾ ਵੱਡਾ ਸਰਪਲੱਸ ਹੈ, ਆਰਥਿਕਤਾ ਦੀ ਉਤਪਾਦਕ ਸਮਰੱਥਾ ਓਨੀ ਹੀ ਵੱਡੀ ਹੈ।

## ਪਾਠ ਅਧੀਨ ਪ੍ਰਸ਼ਨ 3.3

ਹਰੇਕ ਕਥਨ ਦੇ ਸਾਹਮਣੇ ਸਹੀ/ਗਲਤ ਲਿਖੋ :

1. ਵਸਤੂ ਅਤੇ ਸੇਵਾਵਾਂ ਦਾ ਉਪਭੋਗ ਮਨੁੱਖੀ ਜ਼ਰੂਰਤਾਂ ਦੀ ਪੂਰਤੀ ਵਿੱਚ ਸਹਾਇਕ ਹੈ। ()
2. ਵਸਤੂ ਅਤੇ ਸੇਵਾਵਾਂ ਦੀ ਉਪਲੱਬਧਤਾ ਉਤਪਾਦਕ ਵਸਤਾਂ ਦੀ ਉਪਲੱਬਧਤਾ 'ਤੇ ਨਿਰਭਰ ਹੈ। ()
3. ਜ਼ਿਆਦਾ ਉਤਪਾਦਨ ਤੋਂ ਮਤਲਬ ਹੈ – ਜ਼ਿਆਦਾ ਉਪਭੋਗ ਅਤੇ ਜ਼ਿਆਦਾ ਨਿਵੇਸ਼ ()

**ਤੁਸੀਂ ਕੀ ਸਿੱਖਿਆ**

- ਮਨੁੱਖੀ ਜ਼ਰੂਰਤਾਂ ਅਨੰਤ ਹਨ। ਵਸਤਾਂ ਅਤੇ ਸੇਵਾਵਾਂ ਉਨ੍ਹਾਂ ਨੂੰ ਸੰਤੁਸ਼ਟ ਕਰ ਸਕਦੀਆਂ ਹਨ।
- ਮੁਫ਼ਤ ਵਸਤਾਂ ਉਹ ਵਸਤਾਂ ਹਨ ਜੋ ਬਹੁਲਤਾ ਵਿੱਚ ਉਪਲੱਬਧ ਹਨ ਅਤੇ ਜਿਨ੍ਹਾਂ ਲਈ ਬਾਜ਼ਾਰ ਵਿੱਚ ਕੋਈ ਕੀਮਤ ਅਦਾ ਨਹੀਂ ਕਰਨੀ ਪੈਂਦੀ।
- ਆਰਥਿਕ ਵਸਤਾਂ ਦੀ ਸਪਲਾਈ ਮੰਗ ਦੀ ਬਜਾਏ ਸੀਮਤ ਹੁੰਦੀ ਹੈ। ਬਾਜ਼ਾਰ ਵਿੱਚ ਉਨ੍ਹਾਂ ਦੀ ਕੀਮਤ ਵੀ ਹੁੰਦੀ ਹੈ।
- ਮੁਫ਼ਤ ਸੇਵਾਵਾਂ ਸਨੇਹ ਅਤੇ ਪਿਆਰ 'ਤੇ ਆਧਾਰਿਤ ਹੁੰਦੀਆਂ ਹਨ। ਇਨ੍ਹਾਂ ਨੂੰ ਬਾਜ਼ਾਰ ਵਿੱਚ ਖਰੀਦਿਆ ਨਹੀਂ ਜਾ ਸਕਦਾ।
- ਆਰਥਿਕ ਸੇਵਾਵਾਂ ਉਹ ਹਨ ਜਿਨ੍ਹਾਂ ਨੂੰ ਬਾਜ਼ਾਰ ਵਿੱਚ ਖਰੀਦਿਆ ਜਾ ਸਕਦਾ ਹੈ।

- ਉਪਭੋਗਤਾ ਵਸਤਾਂ ਉਹ ਹੁੰਦੀਆਂ ਹਨ ਜੋ ਪ੍ਰਤੱਖ ਰੂਪ ਨਾਲ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀਆਂ ਹਨ।
- ਅਪ੍ਰਤੱਖ ਰੂਪ ਨਾਲ ਉਪਭੋਗਤਾ ਦੀਆਂ ਜ਼ਰੂਰਤਾਂ ਪੂਰੀ ਕਰਨ ਵਾਲੀਆਂ ਵਸਤਾਂ ਉਤਪਾਦਕ ਵਸਤਾਂ ਹਨ।
- ਉਪਭੋਗਤਾ ਅਤੇ ਉਤਪਾਦਕ ਵਸਤਾਂ ਨੂੰ ਸਿੰਗਲ ਅਤੇ ਦੀਰਘਕਾਲੀ ਵਸਤਾਂ ਵਿੱਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਦੀ ਵੰਡ ਦਾ ਆਧਾਰ ਹੁੰਦਾ ਹੈ- ਸਿਰਫ਼ ਇੱਕ ਵਾਰ ਕੰਮ ਕਰਨ ਵਾਲੀ ਵਸਤੂ ਸਿੰਗਲ ਵਰਤੋਂ ਅਤੇ ਬਾਰ ਬਾਰ ਪ੍ਰਯੋਗ ਆਉਣ ਵਾਲੀਆਂ ਵਸਤਾਂ ਦੀਰਘ ਉਪਯੋਗੀ ਵਸਤਾਂ ਕਹਾਉਂਦੀਆਂ ਹਨ।
- ਉਪਭੋਗਤਾ ਸੇਵਾਵਾਂ ਪ੍ਰਤੱਖ ਰੂਪ ਨਾਲ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀਆਂ ਹਨ ਜਦੋਂਕਿ ਉਤਪਾਦਕ ਸੇਵਾਵਾਂ ਵਸਤਾਂ ਅਤੇ ਸੇਵਾਵਾਂ ਦੇ ਅੱਗੇ ਉਤਪਾਦਨ ਕਰਨ ਵਿੱਚ ਸਹਾਇਤਾ ਕਰਦੀਆਂ ਹਨ।
- ਵਸਤਾਂ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਨਤੀਜੇ ਉਤਪਾਦਨ, ਨਿਵੇਸ਼, ਉਪਭੋਗ ਅਤੇ ਮਨੁੱਖੀ ਜ਼ਰੂਰਤਾਂ ਦੀ ਸੰਤੁਸ਼ਟੀ ਦਾ ਪੱਧਰ ਨਿਰਧਾਰਤ ਕਰਦੀ ਹੈ।

## ਪਾਠ ਦੇ ਅੰਤ ਦੇ ਪ੍ਰਸ਼ਨ

1. ਵਸਤਾਂ ਅਤੇ ਸੇਵਾਵਾਂ ਵਿੱਚ ਫਰਕ ਦੱਸੋ।
2. ਆਰਥਿਕ ਅਤੇ ਮੁਫ਼ਤ ਵਸਤਾਂ ਵਿੱਚ ਅੰਤਰ ਦੱਸੋ।
3. ਉਪਭੋਗਤਾ ਵਸਤਾਂ ਅਤੇ ਉਤਪਾਦਕ ਵਸਤਾਂ ਵਿੱਚ ਅੰਤਰ ਸਪੱਸ਼ਟ ਕਰੋ।
4. ਸਿੰਗਲ ਵਰਤੋਂ ਅਤੇ ਦੀਰਘ ਉਪਯੋਗੀ ਵਸਤਾਂ ਵਿੱਚ ਅੰਤਰ ਦੱਸੋ।
5. ਅਰਥਵਿਵਸਥਾ ਵਿੱਚ ਵਸਤਾਂ ਅਤੇ ਸੇਵਾਵਾਂ ਦਾ ਮਹੱਤਵ ਅਤੇ ਭੂਮਿਕਾ ਦੱਸੋ।

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 3.1 ਦੇ ਉੱਤਰ

1. ੳ, ਅ    2. ੳ    3. ਅ    4. ੲ

### ਪਾਠ ਅਧੀਨ ਪ੍ਰਸ਼ਨ 3.2 ਦੇ ਉੱਤਰ

1. ੲ    2. ਅ    3. ੳ, ਅ, ਸ    4. ੳ, ਅ, ੲ, ਸ

### ਪਾਠ ਅਧੀਨ ਪ੍ਰਸ਼ਨ 3.3 ਦੇ ਉੱਤਰ

1. ਸਹੀ    2. ਸਹੀ    3. ਸਹੀ

# ਮੌਡਿਊਲ-2

## ਅਰਥਵਿਵਸਥਾ ਦੇ ਵਿਸ਼ੇ ਬਾਰੇ

4. ਅਰਥਵਿਵਸਥਾ - ਅਰਥ ਅਤੇ ਕਿਸਮਾਂ

5. ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ

6. ਮੁੱਢਲੀਆਂ ਆਰਥਿਕ ਗਤੀਵਿਧੀਆਂ



ਨੋਟ

4

# ਅਰਥਵਿਵਸਥਾ - ਅਰਥ ਅਤੇ ਕਿਸਮਾਂ

ਹਰੇਕ ਅਰਥਵਿਵਸਥਾ ਦਾ ਉਦੇਸ਼ ਸੀਮਤ ਜਾਂ ਦੁਰਲੱਭ ਸਰੋਤਾਂ ਦੀ ਵਰਤੋਂ ਕਰਕੇ ਅਤੇ ਸਮਾਜ ਲਈ ਜਾਣੀਆਂ-ਪਛਾਣੀਆਂ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨਾ ਹੁੰਦਾ ਹੈ। ਇਹ ਜ਼ਰੂਰਤਾਂ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਖਪਤ ਦੁਆਰਾ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਉਤਪਾਦਨ ਲਈ, ਉਤਪਾਦਨ ਦੇ ਸਰੋਤ ਕੁਝ ਆਰਥਿਕ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ। ਇਹ ਆਰਥਿਕ ਗਤੀਵਿਧੀਆਂ ਨਾਲ ਆਰਥਿਕ ਇਕਾਈਆਂ ਨੂੰ ਆਮਦਨ ਪ੍ਰਾਪਤ ਹੁੰਦੀ ਹੈ। ਇਸ ਦਾ ਜਾਂ ਤਾਂ ਉਪਭੋਗ ਕਰ ਲਿਆ ਜਾਂਦਾ ਹੈ ਜਾਂ ਬੱਚਤ ਕਰ ਲਈ ਜਾਂਦੀ ਹੈ ਅਤੇ ਜਾਂ ਨਿਵੇਸ਼ ਕੀਤਾ ਜਾ ਸਕਦਾ ਹੈ। ਇਹਨਾਂ ਲਾਭਕਾਰੀ ਆਰਥਿਕ ਗਤੀਵਿਧੀਆਂ ਅਤੇ ਇਕੱਠੀਆਂ ਕਮਾਈਆਂ ਦੇ ਕਾਰਨ, ਕੁਝ ਦੇਸ਼ ਤੇਜ਼ੀ ਨਾਲ ਵਿਕਾਸ ਕਰਦੇ ਹਨ ਜਦੋਂ ਕਿ ਦੂਸਰੇ ਇੰਨੀ ਉੱਚ ਵਿਕਾਸ ਦਰ ਪ੍ਰਾਪਤ ਨਹੀਂ ਕਰ ਸਕਦੇ ਹਨ। ਨਤੀਜੇ ਵਜੋਂ ਕੁਝ ਅਰਥਵਿਵਸਥਾਵਾਂ ਵਿਕਸਤ ਅਰਥਵਿਵਸਥਾਵਾਂ ਦਾ ਦਰਜਾ ਪ੍ਰਾਪਤ ਕਰ ਲੈਂਦੀਆਂ ਹਨ ਜਦੋਂ ਕਿ ਕੁਝ ਵਿਕਾਸਸ਼ੀਲ ਜਾਂ ਵਿਕਾਸਸ਼ੀਲ ਅਰਥਵਿਵਸਥਾਵਾਂ ਰਹਿੰਦੀਆਂ ਹਨ। ਉਨ੍ਹਾਂ ਨੂੰ ਅਮੀਰ ਅਤੇ ਗਰੀਬ ਅਰਥਚਾਰੇ ਵਜੋਂ ਵੀ ਜਾਣਿਆ ਜਾਂਦਾ ਹੈ। ਅਸੀਂ ਅਰਥਵਿਵਸਥਾ ਨੂੰ ਸਾਧਨਾਂ ਦੀ ਮਾਲਕੀ ਦੇ ਆਧਾਰ 'ਤੇ ਵੀ ਦੇਖ ਸਕਦੇ ਹਾਂ। ਉਪਲੱਬਧ ਸਰੋਤ ਨਿੱਜੀ ਮਾਲਕੀ ਜਾਂ ਸਮੂਹਿਕ ਮਲਕੀਅਤ ਵਿੱਚ ਹੋ ਸਕਦੇ ਹਨ। ਇਸ ਤਰ੍ਹਾਂ ਅਰਥਵਿਵਸਥਾ ਅਤੇ ਇਸ ਦੇ ਵਿਕਾਸ ਦੇ ਪੱਧਰ ਨੂੰ ਦੇਖਣ ਦੇ ਵੱਖੋ ਵੱਖਰੇ ਤਰੀਕੇ ਹਨ। ਇਸ ਪਾਠ ਵਿੱਚ ਅਸੀਂ ਇਹਨਾਂ ਸਾਰੀਆਂ ਸ਼ਰਤਾਂ ਨੂੰ ਸਰਲ ਤਰੀਕੇ ਨਾਲ ਸਮਝਾਵਾਂਗੇ ਤਾਂ ਜੋ ਤੁਸੀਂ ਕਿਸੇ ਅਰਥਵਿਵਵਸਥਾ ਦਾ ਅਰਥ ਅਤੇ ਪ੍ਰਕਿਰਤੀ ਨੂੰ ਸਮਝ ਸਕੋ ਅਤੇ ਇਸ ਦੀਆਂ ਵੱਖ-ਵੱਖ ਕਿਸਮਾਂ ਨੂੰ ਸਮਝ ਸਕੋ।

## ਉਦੇਸ਼

ਇਸ ਪਾਠ ਨੂੰ ਪੜ੍ਹਨ ਦੇ ਬਾਅਦ ਤੁਸੀਂ ਇਸ ਯੋਗ ਹੋਵੋਗੇ ਕਿ :

- ਅਰਥਵਿਵਸਥਾ ਦੇ ਅਰਥ ਦੀ ਵਿਆਖਿਆ ਕਰ ਸਕੋਗੇ;
- ਵਿਭਿੰਨ ਕਿਸਮਾਂ ਦੇ ਆਰਥਿਕ ਸੰਗਠਨਾਂ ਵਿੱਚ ਮਾਲਕੀ ਅਤੇ ਸਰੋਤਾਂ ਦੇ ਕੰਟਰੋਲ ਦੇ ਆਧਾਰ 'ਤੇ ਅਤੇ ਵਿਕਾਸ ਦੇ ਪੱਧਰ ਦੇ ਆਧਾਰ 'ਤੇ ਅੰਤਰ ਕਰ ਸਕੋਗੇ;







- ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਦਾ ਅਰਥ ਸਮਝ ਸਕੋਗੇ;
- ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਵਿੱਚ ਅੰਤਰ ਕਰ ਸਕੋਗੇ;
- ਆਰਥਿਕ ਵਿਕਾਸ ਦੇ ਮਹੱਤਵਪੂਰਨ ਨਿਰਧਾਰਕਾਂ ਨੂੰ ਸਮਝਣ ਸਕੋ।

## 4.1 ਅਰਥਵਿਵਸਥਾ ਦਾ ਅਰਥ

ਅਰਥਵਿਵਸਥਾ ਮਨੁੱਖੀ ਜ਼ਰੂਰਤਾਂ ਦੀ ਸੰਤੁਸ਼ਟੀ ਲਈ ਮਨੁੱਖ ਦੁਆਰਾ ਬਣਾਈ ਗਈ ਸੰਸਥਾ ਹੈ। ਏ.ਜੇ. ਬ੍ਰਾਊਨ ਅਨੁਸਾਰ "ਅਰਥਵਿਵਸਥਾ ਇੱਕ ਪ੍ਰਣਾਲੀ ਹੈ ਜਿਸ ਦੁਆਰਾ ਲੋਕ ਜੀਵਕਾ ਪ੍ਰਾਪਤ ਕਰਦੇ ਹਨ"। ਜੀਵਕਾ ਪ੍ਰਾਪਤ ਕਰਨ ਲਈ ਮਨੁੱਖ ਦੀ ਕੋਸ਼ਿਸ਼ ਕਰਨ ਦਾ ਤਰੀਕਾ ਸਮੇਂ-ਸਮੇਂ ਅਤੇ ਥਾਂ-ਥਾਂ ਵੱਖੋ-ਵੱਖਰੇ ਤੌਰ 'ਤੇ ਵੱਖਰਾ ਹੁੰਦਾ ਹੈ। ਆਦਿ ਕਾਲ ਵਿੱਚ 'ਜੀਵਕਾ ਪ੍ਰਾਪਤ ਕਰਨਾ' ਸਾਧਾਰਨ ਸੀ ਪਰ ਸਭਿਅਤਾ ਦੇ ਵਿਕਾਸ ਨਾਲ ਇਹ ਹੋਰ ਵੀ ਗੁੰਝਲਦਾਰ ਹੋ ਗਿਆ ਹੈ। ਇੱਥੇ ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਵਿਅਕਤੀ ਦਾ ਜੀਵਕਾ ਕਮਾਉਣ ਦਾ ਤਰੀਕਾ ਕਾਨੂੰਨੀ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਅਣਉਚਿੱਤ ਅਤੇ ਗੈਰ-ਕਾਨੂੰਨੀ ਸਾਧਨ ਜਿਵੇਂ ਕਿ ਲੁੱਟ, ਤਸਕਰੀ ਕਰਕੇ ਆਪਣੇ ਲਈ ਆਮਦਨ ਕਮਾਈ ਜਾ ਸਕਦੀ ਹੈ, ਪਰ ਇਸ ਨੂੰ ਲਾਭਕਾਰੀ ਆਰਥਿਕ ਗਤੀਵਿਧੀ ਜਾਂ 'ਰੋਜ਼ੀ-ਰੋਟੀ' ਦੀ ਪ੍ਰਣਾਲੀ ਵਜੋਂ ਨਹੀਂ ਵਿਚਾਰਿਆ ਜਾਣਾ ਚਾਹੀਦਾ। ਇਸ ਲਈ ਇਹ ਕਹਿਣਾ ਉਚਿੱਤ ਹੋਵੇਗਾ ਕਿ ਅਰਥਵਿਵਸਥਾ ਇੱਕ ਢਾਂਚਾ ਹੈ ਜਿੱਥੇ ਸਾਰੀਆਂ ਆਰਥਿਕ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ।

**ਅਰਥਵਿਵਸਥਾ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ:**

1. ਆਰਥਿਕ ਸੰਸਥਾਵਾਂ ਮਨੁੱਖ ਦੁਆਰਾ ਬਣਾਈਆਂ ਗਈਆਂ ਹਨ। ਇਸ ਤਰ੍ਹਾਂ ਇੱਕ ਅਰਥਵਿਵਸਥਾ ਉਹ ਹੈ ਜੋ ਅਸੀਂ ਇਸ ਨੂੰ ਬਣਾਉਂਦੇ ਹਾਂ.
2. ਆਰਥਿਕ ਸੰਸਥਾਵਾਂ ਬਣਾਈਆਂ, ਨਸ਼ਟ ਕੀਤੀਆਂ, ਬਦਲੀਆਂ ਜਾਂ ਤਬਦੀਲ ਕੀਤੀਆਂ ਜਾ ਸਕਦੀਆਂ ਹਨ। ਉਦਾਹਰਨ ਲਈ, ਯੂਐੱਸਐੱਸਆਰ ਵਿੱਚ 1917 ਵਿੱਚ ਪੂੰਜੀਵਾਦ ਦੀ ਥਾਂ ਕਮਿਊਨਿਜ਼ਮ ਨੇ ਲੈ ਲਈ ਸੀ ਅਤੇ ਸਾਬਕਾ

   ਯੂਐੱਸਐੱਸਆਰ ਦੁਆਰਾ ਆਰਥਿਕ ਸੁਧਾਰਾਂ ਦੀ ਇੱਕ ਲੜੀ ਰਾਹੀਂ 1989 ਵਿੱਚ ਕਮਿਊਨਿਜ਼ਮ ਨੂੰ ਖਤਮ ਕਰ ਦਿੱਤਾ ਗਿਆ ਸੀ। ਭਾਰਤ ਵਿੱਚ 1947 ਵਿੱਚ ਆਜ਼ਾਦੀ ਤੋਂ ਬਾਅਦ ਆਰਥਿਕ ਅਤੇ ਸਮਾਜਿਕ ਸੁਧਾਰਾਂ ਰਾਹੀਂ ਅਸੀਂ ਜ਼ਮੀਨਦਾਰੀ ਪ੍ਰਣਾਲੀ ਨੂੰ ਖ਼ਤਮ ਕਰ ਦਿੱਤਾ ਅਤੇ ਬਹੁਤ ਸਾਰੇ ਜ਼ਮੀਨੀ ਸੁਧਾਰ ਕੀਤੇ।
3. ਆਰਥਿਕ ਗਤੀਵਿਧੀਆਂ ਦੇ ਪੱਧਰ ਬਦਲਦੇ ਰਹਿੰਦੇ ਹਨ।
4. ਉਤਪਾਦਕ ਅਤੇ ਖਪਤਕਾਰ ਇੱਕੋ ਵਿਅਕਤੀ ਹਨ। ਇਸ ਤਰ੍ਹਾਂ ਉਨ੍ਹਾਂ ਦੀ ਦੋਹਰੀ ਭੂਮਿਕਾ

ਨੋਟ

ਹੈ। ਉਤਪਾਦਕ ਵਜੋਂ ਉਹ ਕੰਮ ਕਰਦੇ ਹਨ ਅਤੇ ਕੁਝ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਦੇ ਹਨ ਅਤੇ ਖਪਤਕਾਰਾਂ ਵਾਂਗ ਹੀ ਖਪਤ ਕਰਦੇ ਹਨ।

5. ਉਤਪਾਦਨ, ਖਪਤ ਅਤੇ ਨਿਵੇਸ਼ ਅਰਥਵਿਵਸਥਾ ਦੀਆਂ ਮਹੱਤਵਪੂਰਨ ਪ੍ਰਕਿਰਿਆਵਾਂ ਹਨ।

6. ਆਧੁਨਿਕ ਗੁੰਝਲਦਾਰ ਅਰਥਵਿਵਸਥਾਵਾਂ ਵਿੱਚ ਅਸੀਂ ਪੈਸੇ ਨੂੰ ਵਟਾਂਦਰੇ ਦੇ ਮਾਧਿਅਮ ਵਜੋਂ ਵਰਤਦੇ ਹਾਂ।

7. ਅੱਜ-ਕੱਲ੍ਹ ਅਰਥਵਿਵਸਥਾ ਵਿੱਚ ਸਰਕਾਰੀ ਦਖਲਅੰਦਾਜ਼ੀ ਨੂੰ ਅਣਚਾਹਿਆ ਸਮਝਿਆ ਜਾਂਦਾ ਹੈ ਅਤੇ ਹਰ ਤਰ੍ਹਾਂ ਦੀ ਆਰਥਿਕ ਪ੍ਰਣਾਲੀ ਵਿੱਚ ਕੀਮਤਾਂ ਅਤੇ ਮੰਡੀ ਦੀਆਂ ਤਾਕਤਾਂ ਦੇ ਸੁਤੰਤਰ ਕੰਮ ਨੂੰ ਤਰਜੀਹ ਦਿੱਤੀ ਜਾਂਦੀ ਹੈ।

## 4.2 ਅਰਥਵਿਵਸਥਾ ਦੀਆਂ

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਅਰਥਵਿਵਸਥਾ ਮਨੁੱਖ ਦੁਆਰਾ ਬਣਾਈ ਗਈ ਸੰਸਥਾ ਹੈ, ਜੋ ਸਮਾਜ ਦੀ ਲੋੜ ਅਨੁਸਾਰ ਬਣਾਈ, ਖਤਮ ਕੀਤੀ ਜਾਂ ਬਦਲੀ ਜਾਂਦੀ ਹੈ। ਅਸੀਂ ਨਿਮਨਲਿਖਤ ਮਾਪਦੰਡਾਂ ਦੇ ਆਧਾਰ 'ਤੇ ਵੱਖ-ਵੱਖ ਕਿਸਮਾਂ ਦੀਆਂ ਆਰਥਿਕ ਪ੍ਰਣਾਲੀਆਂ ਵਿੱਚ ਅੰਤਰ ਕਰ ਸਕਦੇ ਹਾਂ।

### 4.2.1 ਉਤਪਾਦਨ ਦੇ ਸਾਧਨਾਂ ਜਾਂ ਸਰੋਤਾਂ 'ਤੇ ਮਾਲਕੀ ਅਤੇ ਨਿਯੰਤਰਣ ਦੇ ਆਧਾਰ 'ਤੇ

ਸਰੋਤ ਜਾਂ ਉਤਪਾਦਨ ਦੇ ਸਾਧਨ ਸੰਪੂਰਨ ਤੌਰ 'ਤੇ ਨਿੱਜੀ ਮਾਲਕੀ ਅਧੀਨ ਹੋ ਸਕਦੇ ਹਨ। ਉਹਨਾਂ ਨੂੰ ਮੁਨਾਫੇ ਦੇ ਉਦੇਸ਼ ਲਈ ਵਰਤਣ ਦੀ ਪੂਰੀ ਵਿਅਕਤੀਗਤ ਆਜ਼ਾਦੀ ਹੋ ਸਕਦੀ ਹੈ। ਉਹ ਸਮੂਹਿਕ ਮਾਲਕੀ (ਸਰਕਾਰੀ ਨਿਯੰਤਰਣ) ਵਿੱਚ ਵੀ ਹੋ ਸਕਦੇ ਹਨ। ਇਹ ਸਮੁੱਚੇ ਤੌਰ 'ਤੇ ਸਮਾਜ ਦੀ ਸਮੂਹਿਕ ਭਲਾਈ ਲਈ ਵਰਤੇ ਜਾ ਸਕਦੇ ਹਨ। ਵਿਅਕਤੀਗਤ ਆਜ਼ਾਦੀ ਅਤੇ ਮੁਨਾਫ਼ੇ ਦੇ ਉਦੇਸ਼ ਦੇ ਪੱਧਰ ਦੇ ਮਾਪਦੰਡ ਦੇ ਆਧਾਰ 'ਤੇ ਅਰਥਵਿਵਸਥਾਵਾਂ ਦਾ ਨਾਮਕਰਨ ਇਸ ਤਰ੍ਹਾਂ ਹੋ ਸਕਦਾ ਹੈ:

(ੳ) ਪੂੰਜੀਵਾਦੀ ਜਾਂ ਸੁਤੰਤਰ ਉੱਦਮ ਅਰਥਵਿਵਸਥਾ

(ਅ) ਸਮਾਜਵਾਦੀ ਜਾਂ ਕੇਂਦਰੀ ਯੋਜਨਾਬੱਧ ਅਰਥਵਿਵਸਥਾ

(ੲ) ਮਿਸ਼ਰਤ ਅਰਥਵਿਵਸਥਾ

ਹੁਣ ਅਸੀਂ ਇਹਨਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਸੰਖੇਪ ਵਿੱਚ ਚਰਚਾ ਕਰਾਂਗੇ।

### (ੳ) ਪੂੰਜੀਵਾਦੀ ਅਰਥਵਿਵਸਥਾ

ਪੂੰਜੀਵਾਦੀ ਜਾਂ ਸੁਤੰਤਰ ਉੱਦਮ ਅਰਥਵਿਵਸਥਾ, ਅਰਥਵਿਵਸਥਾ ਦਾ ਸਭ ਤੋਂ ਪੁਰਾਣਾ ਰੂਪ ਹੈ। ਇਸ ਤੋਂ ਪਹਿਲਾਂ ਦੇ ਅਰਥ ਸ਼ਾਸਤਰੀਆਂ ਨੇ 'ਸੰਪੂਰਨ ਆਜ਼ਾਦੀ' ਦੀ ਨੀਤੀ ਦਾ ਸਮਰਥਨ ਕੀਤਾ ਸੀ। ਉਹਨਾਂ ਨੇ ਆਰਥਿਕ ਗਤੀਵਿਧੀਆਂ ਵਿੱਚ ਘੱਟੋ-ਘੱਟ ਸਰਕਾਰੀ ਦਖਲਅੰਦਾਜ਼ੀ ਦੀ ਵਕਾਲਤ ਕੀਤੀ। ਇੱਕ ਪੂੰਜੀਵਾਦੀ ਅਰਥਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ;

### (i) ਨਿੱਜੀ ਸੰਪਤੀ

ਪੂੰਜੀਵਾਦ ਪ੍ਰਣਾਲੀ ਵਿੱਚ ਸਾਰੇ ਵਿਅਕਤੀਆਂ ਨੂੰ ਸੰਪਤੀ ਦੇ ਮਾਲਕ ਹੋਣ ਦਾ ਅਧਿਕਾਰ ਹੁੰਦਾ ਹੈ। ਇੱਕ ਵਿਅਕਤੀ ਸੰਪਤੀ ਹਾਸਲ ਕਰ ਸਕਦਾ ਹੈ ਅਤੇ ਇਸਦੀ ਵਰਤੋਂ ਆਪਣੇ ਪਰਿਵਾਰ ਦੇ ਫਾਇਦੇ ਲਈ ਕਰ ਸਕਦਾ ਹੈ। ਜ਼ਮੀਨ, ਮਸ਼ੀਨਾਂ, ਖਾਣਾਂ, ਕਾਰਖਾਨਿਆਂ ਦੀ ਮਾਲਕੀ ਅਤੇ ਲਾਭ ਕਮਾਉਣ ਅਤੇ ਦੌਲਤ ਇਕੱਠੀ ਕਰਨ 'ਤੇ ਕੋਈ ਪਾਬੰਦੀ ਨਹੀਂ ਹੈ। ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਸੰਪਤੀ ਜਾਂ ਦੌਲਤ ਕਾਨੂੰਨੀ ਵਾਰਸਾਂ ਨੂੰ ਤਬਦੀਲ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਨਿੱਜੀ ਸੰਪਤੀ ਦੀ ਸੰਸਥਾ ਵਿਰਾਸਤ ਦੇ ਅਧਿਕਾਰ ਦੁਆਰਾ ਸਮੇਂ ਦੇ ਨਾਲ ਕਾਇਮ ਰਹਿੰਦੀ ਹੈ।

### (ii) ਉੱਦਮ ਦੀ ਆਜ਼ਾਦੀ

ਪੂੰਜੀਵਾਦੀ ਅਰਥਵਿਵਸਥਾ ਵਿੱਚ ਸਰਕਾਰ ਨਾਗਰਿਕਾਂ ਦੇ ਉਤਪਾਦਨ ਦੇ ਫੈਸਲਿਆਂ ਵਿਚਕਾਰ ਤਾਲਮੇਲ ਕਰਨ ਦਾ ਯਤਨ ਨਹੀਂ ਕਰਦੀ। ਵਿਅਕਤੀ ਕੋਈ ਵੀ ਕਿੱਤਾ ਚੁਣਨ ਲਈ ਸੁਤੰਤਰ ਹਨ। ਉੱਦਮ ਦੀ ਆਜ਼ਾਦੀ ਦਾ ਮਤਲਬ ਹੈ ਕਿ ਵਪਾਰਕ ਫਰਮਾਂ ਸਰੋਤਾਂ ਨੂੰ ਪ੍ਰਾਪਤ ਕਰਨ ਅਤੇ ਕਿਸੇ ਵੀ ਵਸਤੂ ਜਾਂ ਸੇਵਾ ਦੇ ਉਤਪਾਦਨ ਵਿੱਚ ਉਹਨਾਂ ਦੀ ਵਰਤੋਂ ਕਰਨ ਲਈ ਸੁਤੰਤਰ ਹਨ। ਫਰਮਾਂ ਆਪਣੇ ਉਤਪਾਦ ਨੂੰ ਆਪਣੀ ਪਸੰਦ ਦੇ ਬਾਜ਼ਾਰਾਂ ਵਿੱਚ ਵੇਚਣ ਲਈ ਵੀ ਸੁਤੰਤਰ ਹਨ। ਮਜ਼ਦੂਰ ਆਪਣੇ ਮਾਲਕ ਦੀ ਚੋਣ ਕਰਨ ਲਈ ਸੁਤੰਤਰ ਹੈ। ਛੋਟੀਆਂ ਕਾਰੋਬਾਰੀ ਇਕਾਈਆਂ ਵਿੱਚ ਮਾਲਕ ਖੁਦ ਉਤਪਾਦਨ ਦਾ ਜੋਖਮ ਉਠਾਉਂਦਾ ਹੈ ਅਤੇ ਆਪਣੇ ਲਈ ਲਾਭ ਜਾਂ ਨੁਕਸਾਨ ਕਮਾਉਂਦਾ ਹੈ। ਪਰ ਆਧੁਨਿਕ ਕਾਰਪੋਰੇਸ਼ਨਾਂ ਵਿੱਚ ਸ਼ੇਅਰਧਾਰਕ ਜੋਖਮ ਲੈਂਦੇ ਹਨ ਜਦੋਂ ਕਿ ਵੇਤਨਭੋਗੀ 'ਨਿਰਦੇਸ਼ਕ' ਕਾਰੋਬਾਰ ਦਾ ਪ੍ਰਬੰਧਨ ਕਰਦੇ ਹਨ। ਇਸ ਤਰ੍ਹਾਂ ਹੁਣ ਮੁਨਾਫਾ ਕਮਾਉਣ ਲਈ ਆਪਣੀ ਖੁਦ ਦੀ ਪੂੰਜੀ ਦੀ ਵਿਅਕਤੀਗਤ ਨਿਗਰਾਨੀ ਦੀ ਲੋੜ ਨਹੀਂ ਹੈ। ਸਰਕਾਰ ਜਾਂ ਕੋਈ ਹੋਰ ਏਜੰਸੀ ਮਜ਼ਦੂਰਾਂ ਦੇ ਕਿਸੇ ਖਾਸ ਉਦਯੋਗ ਵਿੱਚ ਦਾਖਲ ਹੋਣ ਜਾਂ ਛੱਡਣ ਦੇ ਰਾਹ ਵਿੱਚ ਪਾਬੰਦੀਆਂ/ਰੁਕਾਵਟਾਂ ਨਹੀਂ ਲਾਉਂਦੀ। ਵਰਕਰ ਉਹ ਕਿੱਤਾ ਚੁਣਦਾ



ਨੋਟ

ਹੈ ਜਿੱਥੇ ਉਸਦੀ ਆਮਦਨ ਵੱਧ ਤੋਂ ਵੱਧ ਹੋਵੇ।

### (iii) ਖਪਤਕਾਰ ਦੀ ਪ੍ਰਭੂਸੱਤਾ

ਪੂੰਜੀਵਾਦੀ ਆਰਥਿਕਤਾ ਵਿੱਚ ਖਪਤਕਾਰ ਇੱਕ ਰਾਜੇ ਵਾਂਗ ਹੁੰਦੇ ਹਨ। ਉਹਨਾਂ ਨੂੰ ਉਹਨਾਂ ਵਸਤਾਂ ਅਤੇ ਸੇਵਾਵਾਂ 'ਤੇ ਆਪਣੀ ਆਮਦਨ ਖਰਚਣ ਦੀ ਪੂਰੀ ਆਜ਼ਾਦੀ ਹੈ ਜੋ ਉਹਨਾਂ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਦਿੰਦੀਆਂ ਹਨ। ਪੂੰਜੀਵਾਦੀ ਪ੍ਰਣਾਲੀ ਵਿੱਚ ਉਤਪਾਦਨ ਖਪਤਕਾਰਾਂ ਦੀਆਂ ਚੋਣਾਂ ਦੁਆਰਾ ਸੇਧਿਤ ਹੁੰਦਾ ਹੈ। ਖਪਤਕਾਰਾਂ ਦੀ ਇਸ ਆਜ਼ਾਦੀ ਨੂੰ ਖਪਤਕਾਰਾਂ ਦੀ ਪ੍ਰਭੂਸੱਤਾ ਕਿਹਾ ਜਾਂਦਾ ਹੈ।

### (iv) ਮੁਨਾਫੇ ਦਾ ਮਨੋਰਥ

ਪੂੰਜੀਵਾਦ ਵਿੱਚ ਸਵੈ-ਹਿੱਤ ਮਾਰਗਦਰਸ਼ਕ ਸਿਧਾਂਤ ਹੈ। ਉੱਦਮੀ ਜਾਣਦੇ ਹਨ ਕਿ ਉਹ ਉਤਪਾਦਨ ਦੇ ਹੋਰ ਸਾਰੇ ਕਾਰਕਾਂ ਨੂੰ ਭੁਗਤਾਨ ਕਰਨ ਤੋਂ ਬਾਅਦ ਲਾਭ ਜਾਂ

ਨੁਕਸਾਨ ਦੇ ਮਾਲਕ ਹੋਣਗੇ। ਇਸ ਲਈ ਉਹ ਹਮੇਸ਼ਾ ਲਾਗਤ ਨੂੰ ਘਟਾ ਕੇ ਅਤੇ ਵੱਧ ਤੋਂ ਵੱਧ ਮਾਲੀਆ ਪ੍ਰਾਪਤ ਕਰਕੇ ਆਪਣੇ ਲਾਭ ਨੂੰ ਵੱਧ ਤੋਂ ਵੱਧ ਕਰਨ ਲਈ ਪ੍ਰੇਰਿਤ ਹੁੰਦੇ ਹਨ। ਇਹ ਪੂੰਜੀਵਾਦੀ ਆਰਥਿਕਤਾ ਨੂੰ ਇੱਕ ਕੁਸ਼ਲ ਅਤੇ ਸਵੈ-ਨਿਯੰਤ੍ਰਿਤ ਅਰਥਵਿਵਸਥਾ ਬਣਾਉਂਦਾ ਹੈ।

### (v) ਮੁਕਾਬਲਾ

ਪੂੰਜੀਵਾਦ ਪ੍ਰਣਾਲੀ ਵਿੱਚ ਫਰਮਾਂ ਦੇ ਦਾਖਲੇ ਅਤੇ ਬਾਹਰ ਜਾਣ 'ਤੇ ਕੋਈ ਪਾਬੰਦੀਆਂ ਨਹੀਂ ਹਨ। ਵੱਡੀ ਗਿਣਤੀ ਵਿੱਚ ਉਤਪਾਦਕ ਕਿਸੇ ਖਾਸ ਵਸਤੂ ਜਾਂ ਸੇਵਾ ਦੀ ਸਪਲਾਈ ਕਰਨ ਲਈ ਉਪਲੱਬਧ ਹਨ ਅਤੇ ਇਸ ਲਈ ਕੋਈ ਵੀ ਫਰਮ ਆਮ ਲਾਭ ਤੋਂ ਵੱਧ ਨਹੀਂ ਕਮਾ ਸਕਦੀ। ਮੁਕਾਬਲੇਬਾਜ਼ੀ ਪੂੰਜੀਵਾਦੀ ਅਰਥਵਿਵਸਥਾ ਦੀ ਬੁਨਿਆਦੀ ਵਿਸ਼ੇਸ਼ਤਾ ਹੈ ਅਤੇ ਖਪਤਕਾਰਾਂ ਦੇ ਸ਼ੋਸ਼ਣ ਤੋਂ ਬਚਾਉਣ ਲਈ ਜ਼ਰੂਰੀ ਹੈ। ਹਾਲਾਂਕਿ ਵੱਡੇ-ਆਕਾਰ ਅਤੇ ਉਤਪਾਦ ਦੀ ਭਿੰਨਤਾ ਕਾਰਨ ਅਜਾਰੇਦਾਰੀ ਪ੍ਰਵਿਰਤੀਆਂ ਅੱਜਕੱਲ੍ਹ ਵਧ ਰਹੀਆਂ ਹਨ, ਫਿਰ ਵੀ ਵੱਡੀ ਗਿਣਤੀ ਫਰਮਾਂ ਵਿਚਕਾਰ ਮੁਕਾਬਲਾ ਦੇਖਿਆ ਜਾ ਸਕਦਾ ਹੈ।

### (vi) ਬਾਜ਼ਾਰਾਂ ਅਤੇ ਕੀਮਤਾਂ ਦੀ ਮਹੱਤਤਾ

ਪੂੰਜੀਵਾਦ ਦੀ ਨਿੱਜੀ ਸੰਪਤੀ, ਚੋਣ ਦੀ ਆਜ਼ਾਦੀ, ਮੁਨਾਫ਼ੇ ਦੇ ਉਦੇਸ਼ ਅਤੇ ਮੁਕਾਬਲੇਬਾਜ਼ੀ ਦੀਆਂ ਵਿਸ਼ੇਸ਼ਤਾਵਾਂ ਹੀ ਬਾਜ਼ਾਰ ਦੀ ਕੀਮਤ ਵਿਧੀ ਦੇ ਸੁਚਾਰੂ ਰੂਪ ਨਾਲ ਕੰਮਕਾਜ ਲਈ ਢੁਕਵੀਆਂ ਪਰਿਸਥਿਤੀਆਂ ਦਾ ਨਿਰਮਾਣ ਕਰਦੀ ਹੈ। ਪੂੰਜੀਵਾਦ ਮੂਲ ਰੂਪ ਵਿੱਚ ਬਾਜ਼ਾਰ ਆਧਾਰਿਤ ਅਰਥਵਿਵਸਥਾ ਹੈ ਜਿੱਥੇ ਹਰ ਵਸਤੂ ਦੀ ਇੱਕ ਕੀਮਤ ਹੁੰਦੀ ਹੈ। ਕਿਸੇ ਉਦਯੋਗ ਵਿੱਚ ਮੰਗ ਅਤੇ



ਨੋਟ



ਸਪਲਾਈ ਦੀਆਂ ਤਾਕਤਾਂ ਹੀ ਕੀਮਤ ਨੂੰ ਨਿਰਧਾਰਤ ਕਰਦੀਆਂ ਹਨ। ਜਿਹੜੀਆਂ ਫਰਮਾਂ ਉਸ ਨਿਰਧਾਰਤ ਕੀਮਤ 'ਤੇ ਅਨੁਕੂਲ ਹੋਣ ਲਈ ਖੁਦ ਨੂੰ ਢਾਲ ਲੈਂਦੀਆਂ ਹਨ, ਉਹ ਹੀ ਆਮ ਲਾਭ ਕਮਾਉਣ ਵਿੱਚ ਸਫਲਤ ਹੁੰਦੀਆਂ ਹਨ। ਬਾਕੀਆਂ ਨੂੰ ਅਕਸਰ ਉਦਯੋਗ ਛੱਡਣਾ ਪੈਂਦਾ ਹੈ। ਹਰੇਕ ਉਤਪਾਦਕ ਉਹੀ ਵਸਤਾਂ ਪੈਦਾ ਕਰੇਗਾ, ਜੋ ਉਸ ਨੂੰ ਵਧੇਰੇ ਮੁਨਾਫਾ ਦੇ ਸਕਣ।

### (vii) ਸਰਕਾਰੀ ਦਖਲ ਦੀ ਅਣਹੋਂਦ

ਸੁਤੰਤਰ ਬਾਜ਼ਾਰ ਜਾਂ ਪੂੰਜੀਵਾਦੀ ਅਰਥਵਿਵਸਥਾ ਵਿੱਚ ਕੀਮਤ ਪ੍ਰਣਾਲੀ ਤਾਲਮੇਲ ਸੰਸਥਾ ਦੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਲਈ ਸਰਕਾਰੀ ਦਖਲ ਅਤੇ ਸਹਾਇਤਾ ਦੀ ਲੋੜ ਨਹੀਂ ਹੈ। ਸਰਕਾਰ ਦੀ ਭੂਮਿਕਾ ਬਾਜ਼ਾਰਾਂ ਦੇ ਸੁਤੰਤਰ ਅਤੇ ਕੁਸ਼ਲ ਕੰਮਕਾਜ ਵਿੱਚ ਮਦਦ ਕਰਨਾ ਹੈ।

### ਅੱਜ ਦੇ ਸੰਸਾਰ ਵਿੱਚ ਪੂੰਜੀਵਾਦ

ਅੱਜ-ਕੱਲ੍ਹ ਦੁਨੀਆਂ ਵਿੱਚ ਸ਼ੁੱਧ ਪੂੰਜੀਵਾਦ ਨਜ਼ਰ ਨਹੀਂ ਆਉਂਦਾ। ਅਮਰੀਕਾ, ਯੂਕੇ, ਫਰਾਂਸ, ਨੀਦਰਲੈਂਡਜ਼, ਸਪੇਨ, ਪੁਰਤਗਾਲ, ਆਸਟਰੇਲੀਆ ਆਦਿ ਦੀਆਂ ਅਰਥਵਿਵਸਥਾਵਾਂ. ਆਰਥਿਕ ਵਿਕਾਸ ਵਿੱਚ ਉਹਨਾਂ ਦੀਆਂ ਸਰਕਾਰਾਂ ਦੀ ਸਰਗਰਮ ਭੂਮਿਕਾ ਵਾਲੇ ਪੂੰਜੀਵਾਦੀ ਦੇਸ਼ਾਂ ਵਜੋਂ ਜਾਣਿਆ ਜਾਂਦਾ ਹੈ।

### (ਅ) ਸਮਾਜਵਾਦੀ ਅਰਥਵਿਵਸਥਾ

ਸਮਾਜਵਾਦੀ ਜਾਂ ਕੇਂਦਰੀ ਯੋਜਨਾਬੱਧ ਅਰਥਵਿਵਸਥਾ ਵਿੱਚ ਸਮਾਜ ਦੇ ਸਮੁੱਚੇ ਹਿੱਤ ਵਿੱਚ ਸਾਰੇ ਉਤਪਾਦਕ ਸਰੋਤਾਂ ਦੀ ਮਲਕੀਅਤ ਅਤੇ ਨਿਯੰਤਰਣ ਸਰਕਾਰ ਦੁਆਰਾ ਕੀਤਾ ਜਾਂਦਾ ਹੈ। ਕੇਂਦਰੀ ਯੋਜਨਾ ਅਥਾਰਟੀ ਫੈਸਲੇ ਲੈਂਦੀ ਹੈ। ਸਮਾਜਵਾਦੀ ਅਰਥਵਿਵਸਥਾ ਦੀਆਂ ਹੇਠ ਲਿਖੀਆਂ ਮੁੱਖ ਵਿਸ਼ੇਸ਼ਤਾਵਾਂ ਹਨ।

### (i) ਉਤਪਾਦਨ ਦੇ ਸਾਧਨਾਂ ਦੀ ਸਮੂਹਿਕ ਮਾਲਕੀ

ਸਮਾਜਵਾਦੀ ਅਰਥਵਿਵਸਥਾ ਵਿੱਚ ਪੈਦਾਵਾਰ ਦੇ ਸਾਧਨ ਲੋਕਾਂ ਦੀ ਤਰਫੋਂ ਸਰਕਾਰ ਦੀ ਮਲਕੀਅਤ ਹੁੰਦੇ ਹਨ। ਨਿੱਜੀ ਜਾਇਦਾਦ ਦੀ ਸੰਸਥਾ ਨੂੰ ਖਤਮ ਕਰ ਦਿੱਤਾ ਜਾਂਦਾ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਕਿਸੇ ਉਤਪਾਦਨ ਯੂਨਿਟ ਦੀ ਮਾਲਕੀ ਅਤੇ ਦੌਲਤ ਇਕੱਠੀ ਕਰਨ ਅਤੇ ਉਸਦੇ ਵਾਰਸਾਂ ਨੂੰ ਤਬਦੀਲ ਕਰਨ ਦੀ ਆਗਿਆ ਨਹੀਂ ਹੈ। ਹਾਲਾਂਕਿ, ਲੋਕ ਆਪਣੀ ਨਿੱਜੀ ਵਰਤੋਂ ਲਈ ਕੁਝ ਟਿਕਾਊ ਖਪਤਕਾਰ ਵਸਤਾਂ ਦੇ ਮਾਲਕ ਹੋ ਸਕਦੇ ਹਨ।

### (ii) ਸਮਾਜ ਕਲਿਆਣ ਦਾ ਉਦੇਸ਼

ਸਰਕਾਰ ਦੁਆਰਾ ਵਿਅਕਤੀਗਤ ਮੁਨਾਫੇ ਨੂੰ ਵੱਧ ਤੋਂ ਵੱਧ ਕਰਨ ਦੀ ਬਜਾਏ ਸਮਾਜਿਕ ਕਲਿਆਣ ਨੂੰ ਵੱਧ ਤੋਂ ਵੱਧ ਕਰਨ ਦੇ ਉਦੇਸ਼ ਨਾਲ ਮੈਕਰੋ ਪੱਧਰ 'ਤੇ ਫੈਸਲੇ ਲਏ ਜਾਂਦੇ ਹਨ। ਮੰਗ ਅਤੇ ਸਪਲਾਈ ਦੀਆਂ ਤਾਕਤਾਂ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾਉਂਦੀਆਂ। ਕਲਿਆਣ ਦੇ ਉਦੇਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਸਾਵਧਾਨੀ ਨਾਲ ਫੈਸਲੇ ਲਏ ਜਾਂਦੇ ਹਨ।

### (iii) ਕੇਂਦਰੀ ਯੋਜਨਾਬੰਦੀ

ਆਰਥਿਕ ਯੋਜਨਾਬੰਦੀ ਸਮਾਜਵਾਦੀ ਅਰਥਵਿਵਸਥਾ ਦੀ ਇੱਕ ਜ਼ਰੂਰੀ ਵਿਸ਼ੇਸ਼ਤਾ ਹੈ। ਕੇਂਦਰੀ ਯੋਜਨਾ ਅਥਾਰਟੀ ਰਾਸ਼ਟਰੀ ਤਰਜੀਹਾਂ ਅਤੇ ਸਰੋਤਾਂ ਦੀ ਉਪਲੱਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਰੋਤਾਂ ਦੀ ਵੰਡ ਕਰਦੀ ਹੈ। ਸਰਕਾਰ ਉਤਪਾਦਨ, ਖਪਤ ਅਤੇ ਨਿਵੇਸ਼ ਸਬੰਧੀ ਸਾਰੇ ਆਰਥਿਕ ਫੈਸਲੇ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਲੈਂਦੀ ਹੈ। ਯੋਜਨਾ ਅਧਿਕਾਰੀ ਵੱਖ-ਵੱਖ ਸੈਕਟਰਾਂ ਲਈ ਟੀਚੇ ਤੈਅ ਕਰਦੇ ਹਨ ਅਤੇ ਸਰੋਤਾਂ ਦੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਂਦੇ ਹਨ।

### (iv) ਅਸਮਾਨਤਾਵਾਂ ਵਿੱਚ ਕਮੀ

ਨਿੱਜੀ ਸੰਪਤੀ ਅਤੇ ਵਿਰਾਸਤ ਦੀਆਂ ਸੰਸਥਾਵਾਂ ਸਰਮਾਏਦਾਰਾ ਅਰਥਚਾਰੇ ਵਿੱਚ ਆਮਦਨ ਅਤੇ ਦੌਲਤ ਦੀਆਂ ਅਸਮਾਨਤਾਵਾਂ ਦੀ ਜੜ੍ਹ ਹਨ। ਇਹਨਾਂ ਜੁੜਵਾਂ ਸੰਸਥਾਵਾਂ ਨੂੰ ਖਤਮ ਕਰਕੇ ਸਮਾਜਵਾਦੀ ਆਰਥਿਕ ਪ੍ਰਣਾਲੀ ਆਮਦਨ ਦੀ ਅਸਮਾਨਤਾ ਨੂੰ ਘਟਾਉਣ ਦੇ ਸਮਰੱਥ ਹੁੰਦੀ ਹੈ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਆਮਦਨ ਅਤੇ ਦੌਲਤ ਵਿੱਚ ਸੰਪੂਰਨ ਸਮਾਨਤਾ ਨਾ ਤਾਂ ਫਾਇਦੇਮੰਦ ਹੈ ਅਤੇ ਨਾ ਹੀ ਵਿਹਾਰਕ ਹੈ।

### (v) ਵਰਗ ਸੰਘਰਸ਼ ਦੀ ਸਮਾਪਤੀ

ਪੂੰਜੀਵਾਦੀ ਆਰਥਿਕਤਾ ਵਿੱਚ ਮਜ਼ਦੂਰਾਂ ਅਤੇ ਪ੍ਰਬੰਧਨ ਦੇ ਹਿੱਤ ਵੱਖੋ-ਵੱਖਰੇ ਹੁੰਦੇ ਹਨ। ਉਹ ਦੋਵੇਂ ਆਪਣੇ ਵਿਅਕਤੀਗਤ ਲਾਭ ਜਾਂ ਕਮਾਈ ਨੂੰ ਵੱਧ ਤੋਂ ਵੱਧ ਕਰਨਾ ਚਾਹੁੰਦੇ ਹਨ। ਇਸ ਦੇ ਨਤੀਜੇ ਵਜੋਂ ਪੂੰਜੀਵਾਦੀ ਅਰਥਵਿਵਸਥਾ ਵਿੱਚ ਵਰਗ ਸੰਘਰਸ਼ ਹੁੰਦਾ ਹੈ। ਸਮਾਜਵਾਦ ਵਿੱਚ ਵਰਗਾਂ ਵਿੱਚ ਕੋਈ ਮੁਕਾਬਲਾ ਨਹੀਂ ਹੁੰਦਾ। ਹਰ ਵਿਅਕਤੀ ਮਜ਼ਦੂਰ ਹੈ, ਇਸ ਲਈ ਕੋਈ ਵਰਗ ਸੰਘਰਸ਼ ਨਹੀਂ ਹੈ। ਸਾਰੇ ਸਹਿ-ਕਰਮਚਾਰੀ ਹਨ।

### ਅੱਜ ਦੇ ਸੰਸਾਰ ਵਿੱਚ ਸਮਾਜਵਾਦ







ਰੂਸ, ਚੀਨ ਅਤੇ ਕਈ ਪੂਰਬੀ ਯੂਰਪੀ ਦੇਸ਼ਾਂ ਵਰਗੇ ਦੇਸ਼ਾਂ ਨੂੰ ਸਮਾਜਵਾਦੀ ਦੇਸ਼ ਕਿਹਾ ਜਾਂਦਾ ਹੈ। ਪਰ ਉਹ ਹੁਣ ਬਦਲ ਰਹੇ ਹਨ ਅਤੇ ਆਪਣੇ ਆਰਥਿਕ ਵਿਕਾਸ ਲਈ ਆਪਣੇ ਦੇਸ਼ਾਂ ਵਿੱਚ ਉਦਾਰੀਕਰਨ ਨੂੰ ਉਤਸ਼ਾਹਿਤ ਕਰ ਰਹੇ ਹਨ।

### (ੲ) ਮਿਸ਼ਰਤ ਅਰਥਵਿਵਸਥਾ

ਇੱਕ ਮਿਸ਼ਰਤ ਅਰਥਵਿਵਸਥਾ ਪੂੰਜੀਵਾਦ ਅਤੇ ਸਮਾਜਵਾਦ ਦੀਆਂ ਸਭ ਤੋਂ ਵਧੀਆ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰ ਲੈਂਦੀ ਹੈ। ਇਸ ਤਰ੍ਹਾਂ ਮਿਸ਼ਰਤ ਅਰਥਵਿਵਸਥਾ ਵਿੱਚ ਮੁਕਤ ਉੱਦਮ ਜਾਂ ਪੂੰਜੀਵਾਦੀ ਅਰਥਵਿਵਸਥਾ ਦੇ ਨਾਲ-ਨਾਲ ਸਰਕਾਰ ਦੁਆਰਾ ਨਿਯੰਤਰਿਤ ਸਮਾਜਵਾਦੀ ਅਰਥਵਿਵਸਥਾ ਦੇ ਕੁਝ ਤੱਤ ਹੁੰਦੇ ਹਨ। ਮਿਸ਼ਰਤ ਅਰਥਵਿਵਸਥਾਵਾਂ ਵਿੱਚ ਜਨਤਕ ਅਤੇ ਨਿੱਜੀ ਖੇਤਰ ਦੀ ਸਹਿ-ਹੋਂਦ ਹੁੰਦੀ ਹਨ। ਮਿਸ਼ਰਤ ਅਰਥਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ:

#### (i) ਜਨਤਕ ਅਤੇ ਨਿੱਜੀ ਖੇਤਰਾਂ ਦੀ ਸਹਿ-ਹੋਂਦ

ਨਿੱਜੀ ਖੇਤਰ ਵਿੱਚ ਉਤਪਾਦਨ ਇਕਾਈਆਂ ਸ਼ਾਮਲ ਹੁੰਦੀਆਂ ਹਨ ਜੋ ਨਿੱਜੀ ਤੌਰ 'ਤੇ ਮਾਲਕੀ ਵਾਲੀਆਂ ਹੁੰਦੀਆਂ ਹਨ ਅਤੇ ਮੁਨਾਫੇ ਦੇ ਉਦੇਸ਼ ਦੇ ਆਧਾਰ 'ਤੇ ਕੰਮ ਕਰਦੀਆਂ ਹਨ। ਜਨਤਕ ਖੇਤਰ ਵਿੱਚ ਸਰਕਾਰ ਦੀ ਮਲਕੀਅਤ ਵਾਲੀਆਂ ਉਤਪਾਦਨ ਇਕਾਈਆਂ ਸ਼ਾਮਲ ਹੁੰਦੀਆਂ ਹਨ ਅਤੇ ਸਮਾਜ ਭਲਾਈ ਦੇ ਆਧਾਰ 'ਤੇ ਕੰਮ ਕਰਦੀਆਂ ਹਨ। ਹਰੇਕ ਸੈਕਟਰ ਦੀਆਂ ਆਰਥਿਕ ਗਤੀਵਿਧੀਆਂ ਦੇ ਖੇਤਰਾਂ ਨੂੰ ਆਮ ਤੌਰ 'ਤੇ ਸੀਮਾਬੱਧ ਕੀਤਾ ਜਾਂਦਾ ਹੈ। ਸਰਕਾਰ ਆਪਣੀਆਂ ਵੱਖ-ਵੱਖ ਨੀਤੀਆਂ ਦੀ ਵਰਤੋਂ ਕਰਦੀ ਹੈ ਜਿਵੇਂ ਕਿ ਪ੍ਰਾਈਵੇਟ ਸੈਕਟਰ ਨੂੰ ਨਿਯੰਤਰਿਤ ਕਰਨ ਲਈ ਲਾਇਸੈਂਸ ਨੀਤੀ, ਟੈਕਸ ਨੀਤੀ, ਕੀਮਤ ਨੀਤੀ, ਮੁਦਰਾ ਨੀਤੀ ਅਤੇ ਵਿੱਤੀ ਨੀਤੀ।

#### (ii) ਵਿਅਕਤੀਗਤ ਆਜ਼ਾਦੀ

ਵਿਅਕਤੀ ਆਪਣੀ ਨਿੱਜੀ ਆਮਦਨ ਨੂੰ ਵੱਧ ਤੋਂ ਵੱਧ ਕਰਨ ਲਈ ਆਰਥਿਕ ਗਤੀਵਿਧੀਆਂ ਨੂੰ ਅਪਣਾਉਂਦੇ ਹਨ। ਉਹ ਕੋਈ ਵੀ ਕਿੱਤਾ ਚੁਣਨ ਅਤੇ ਆਪਣੀ ਮਰਜ਼ੀ ਅਨੁਸਾਰ ਖਪਤ ਕਰਨ ਲਈ ਸੁਤੰਤਰ ਹਨ। ਪਰ ਉਤਪਾਦਕਾਂ ਨੂੰ ਖਪਤਕਾਰਾਂ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਆਜ਼ਾਦੀ ਨਹੀਂ ਦਿੱਤੀ ਜਾਂਦੀ। ਸਰਕਾਰ ਲੋਕਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਕੁਝ ਪਾਬੰਦੀਆਂ ਲਾਉਂਦੀ ਹੈ। ਉਦਾਹਰਨ ਲਈ, ਸਰਕਾਰ ਹਾਨੀਕਾਰਕ ਵਸਤਾਂ ਦੇ ਉਤਪਾਦਨ ਅਤੇ ਖਪਤ 'ਤੇ ਪਾਬੰਦੀਆਂ ਲਗਾ ਸਕਦੀ ਹੈ। ਪਰ ਸਮਾਜ ਦੀ ਭਲਾਈ ਲਈ ਸਰਕਾਰ ਦੁਆਰਾ ਲਗਾਏ ਗਏ ਨਿਯਮਾਂ, ਕਾਨੂੰਨਾਂ ਅਤੇ ਪਾਬੰਦੀਆਂ ਦੇ ਅੰਦਰ ਨਿੱਜੀ ਖੇਤਰ ਨੂੰ ਪੂਰੀ ਆਜ਼ਾਦੀ ਹੈ।



ਨੋਟ

### (iii) ਆਰਥਿਕ ਯੋਜਨਾਬੰਦੀ

ਸਰਕਾਰ ਲੰਬੀ ਮਿਆਦ ਦੀਆਂ ਯੋਜਨਾਵਾਂ ਤਿਆਰ ਕਰਦੀ ਹੈ ਅਤੇ ਆਰਥਿਕ ਵਿਕਾਸ ਵਿੱਚ ਨਿੱਜੀ ਅਤੇ ਜਨਤਕ ਖੇਤਰਾਂ ਦੁਆਰਾ ਨਿਭਾਈਆਂ ਜਾਣ ਵਾਲੀਆਂ ਭੂਮਿਕਾਵਾਂ ਦਾ ਫੈਸਲਾ ਕਰਦੀ ਹੈ। ਜਨਤਕ ਖੇਤਰ ਸਰਕਾਰ ਦੇ ਸਿੱਧੇ ਨਿਯੰਤਰਣ ਅਧੀਨ ਹੁੰਦਾ ਹੈ ਕਿਉਂਕਿ ਅਜਿਹੇ ਉਤਪਾਦਨ ਦੇ ਟੀਚੇ ਅਤੇ ਯੋਜਨਾਵਾਂ ਸਿੱਧੇ ਤੌਰ 'ਤੇ ਉਨ੍ਹਾਂ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਹਨ। ਨਿੱਜੀ ਖੇਤਰ ਨੂੰ ਰਾਸ਼ਟਰੀ ਤਰਜੀਹਾਂ ਅਨੁਸਾਰ ਕੰਮ ਕਰਨ ਲਈ ਉਤਸ਼ਾਹ, ਸਹਾਇਤਾ ਅਤੇ ਸਬਸਿਡੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

### (iv) ਕੀਮਤ ਵਿਧੀ

ਕੀਮਤਾਂ ਸਰੋਤਾਂ ਦੀ ਵੰਡ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਕੁਝ ਸੈਕਟਰਾਂ ਲਈ ਸੰਚਾਲਿਤ ਕੀਮਤਾਂ ਦੀ ਨੀਤੀ ਅਪਣਾਈ ਜਾਂਦੀ ਹੈ। ਸਰਕਾਰ ਟੀਚੇ ਵਾਲੇ ਸਮੂਹ ਦੀ ਮਦਦ ਕਰਨ ਲਈ ਕੀਮਤ ਸਬਸਿਡੀਆਂ ਵੀ ਪ੍ਰਦਾਨ ਕਰਦੀ ਹੈ। ਸਰਕਾਰ ਦਾ ਉਦੇਸ਼ ਜਨਤਾ ਦੀ ਵੱਧ ਤੋਂ ਵੱਧ ਭਲਾਈ ਕਰਨਾ ਹੈ। ਜਿਹੜੇ ਲੋਕ ਬਾਜ਼ਾਰ ਦੀਆਂ ਕੀਮਤਾਂ 'ਤੇ ਸਾਮਾਨ ਖਰੀਦਣ ਦੀ ਸਮਰੱਥਾ ਨਹੀਂ ਰੱਖਦੇ, ਉਨ੍ਹਾਂ ਲਈ ਸਰਕਾਰ ਵਸਤਾਂ ਨੂੰ ਜਾਂ ਤਾਂ ਮੁਫਤ ਜਾਂ ਘੱਟ ਮਾਰਕੀਟ (ਸਬਸਿਡੀ ਵਾਲੀਆਂ) ਕੀਮਤਾਂ 'ਤੇ ਉਪਲੱਬਧ ਕਰਵਾਉਂਦੀ ਹੈ।

ਇਸ ਤਰ੍ਹਾਂ ਇੱਕ ਮਿਸ਼ਰਤ ਅਰਥਵਿਵਸਥਾ ਵਿੱਚ ਲੋਕ ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾਂ ਦੀ ਰੱਖਿਆ ਲਈ ਵਿਅਕਤੀਗਤ ਆਜ਼ਾਦੀ ਅਤੇ ਸਰਕਾਰੀ ਸਹਾਇਤਾ ਦਾ ਆਨੰਦ ਮਾਣਦੇ ਹਨ।

ਭਾਰਤੀ ਅਰਥਵਿਵਸਥਾ ਨੂੰ ਇੱਕ ਮਿਸ਼ਰਤ ਅਰਥਵਿਵਸਥਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਜਨਤਕ ਅਤੇ ਨਿੱਜੀ ਖੇਤਰਾਂ ਦੇ ਕੰਮਕਾਜ ਅਤੇ ਆਰਥਿਕ ਯੋਜਨਾਬੰਦੀ ਲਈ ਚੰਗੀ ਤਰ੍ਹਾਂ ਪਰਿਭਾਸ਼ਿਤ ਖੇਤਰ ਹਨ। ਇੱਥੋਂ ਤੱਕ ਕਿ ਅਮਰੀਕਾ, ਬ੍ਰਿਟੇਨ ਆਦਿ ਦੇਸ਼ ਜੋ ਪੂੰਜੀਵਾਦੀ ਦੇਸ਼ ਵਜੋਂ ਜਾਣੇ ਜਾਂਦੇ ਸਨ, ਨੂੰ ਵੀ ਆਰਥਿਕ ਵਿਕਾਸ ਵਿੱਚ ਉਨ੍ਹਾਂ ਦੀ ਸਰਕਾਰ ਦੀ ਸਰਗਰਮ ਭੂਮਿਕਾ ਕਾਰਨ ਹੁਣ ਮਿਸ਼ਰਤ ਅਰਥਚਾਰੇ ਕਿਹਾ ਜਾਂਦਾ ਹੈ।

## ਪਾਠ ਅਧੀਨ ਪ੍ਰਸ਼ਨ 4.1

1. ਹੇਠਾਂ ਦਿੱਤੇ ਕਥਨਾਂ ਵਿੱਚੋਂ ਕਿਹੜਾ ਸੱਚ ਜਾਂ ਗਲਤ ਹੈ?

(i) ਸਰੋਤਾਂ ਦੀ ਮਲਕੀਅਤ ਦੇ ਆਧਾਰ 'ਤੇ ਅਸੀਂ ਕਿਸੇ ਅਰਥਵਿਵਸਥਾ ਨੂੰ ਅਮੀਰ ਅਰਥਵਿਵਸਥਾ ਅਤੇ ਗਰੀਬ ਅਰਥਵਿਵਸਥਾ ਦੇ ਰੂਪ ਵਿੱਚ ਸ਼੍ਰੇਣੀਬੱਧ ਕਰ ਸਕਦੇ ਹਾਂ।

(ii) ਸਮਾਜਵਾਦੀ ਅਰਥਵਿਵਸਥਾ ਦਾ ਉਦੇਸ਼ ਵੱਧ ਤੋਂ ਵੱਧ ਸਮਾਜ ਭਲਾਈ ਕਰਨਾ ਹੈ।

(iii) ਚੋਣ ਦੀ ਆਜ਼ਾਦੀ, ਵੱਧ ਤੋਂ ਵੱਧ ਲਾਭ ਅਤੇ ਨਿੱਜੀ ਜਾਇਦਾਦ ਸਮਾਜਵਾਦੀ ਅਰਥਵਿਵਸਥਾ ਦੀਆਂ ਵਿਸ਼ੇਸ਼ਤਾਵਾਂ ਹਨ।

(iv) ਮਿਸ਼ਰਤ ਅਰਥਵਿਵਸਥਾ ਵਿੱਚ ਜਨਤਕ ਅਤੇ ਨਿੱਜੀ ਖੇਤਰਾਂ ਦੀ ਸਹਿ-ਹੋਂਦ ਹੁੰਦੀ ਹੈ।

2. ਬਰੈਕਟਾਂ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਢੁਕਵਾਂ ਸ਼ਬਦ ਚੁਣ ਕੇ ਖਾਲੀ ਸਥਾਨ ਭਰੋ।

(1) ਪੂੰਜੀਵਾਦੀ/ਸੁਤੰਤਰ ਬਾਜ਼ਾਰ ਅਰਥਵਿਵਸਥਾ ਵਿੱਚ ਕੀਮਤ ਪ੍ਰਣਾਲੀ---------- ਭੂਮਿਕਾ ਨਿਭਾਉਂਦੀ ਹੈ। (ਬਹੁਤ ਮਹੱਤਵਪੂਰਨ/ਬਹੁਤ ਸੀਮਤ)

(2) ਪੂੰਜੀਵਾਦੀ ਅਰਥਵਿਵਸਥਾ ਵਿੱਚ ਚੋਣ ਦੀ ਆਜ਼ਾਦੀ ਨੂੰ-----------ਕਹਿੰਦੇ ਹਨ। (ਖਪਤਕਾਰ ਦੀ ਪ੍ਰਭੂਸੱਤਾ/ਖਪਤਕਾਰ ਸਰਪਲੱਸ)

(3) ਸਮਾਜਵਾਦੀ ਅਰਥਵਿਵਸਥਾਵਾਂ----------------ਅਰਥਵਿਵਸਥਾਵਾਂ ਹਨ। (ਕੇਂਦਰੀ ਕੰਟਰੋਲ/ਵਿਕੇਂਦਰੀਕ੍ਰਿਤ)

(4) ---------------------ਅਰਥਵਿਵਸਥਾ ਵਿੱਚ ਜਨਤਾ ਧਨ ਇਕੱਠਾ ਕਰਕੇ ਉਸ ਨੂੰ ਆਪਣੇ ਕਾਨੂੰਨੀ ਵਾਰਿਸ ਨੂੰ ਦੇ ਸਕਦੀ ਹੈ। (ਸਮਾਜਵਾਦੀ/ਪੂੰਜੀਵਾਦੀ)

(5) ਇੱਕ ਮਿਸ਼ਰਤ ਅਰਥਵਿਵਸਥਾ ਵਿੱਚ ਜਨਤਕ ਅਤੇ ਨਿੱਜੀ ਖੇਤਰਾਂ ਦੀ------------- -ਹੁੰਦੀ ਹੈ। (ਸਹਿ-ਹੋਂਦ/ ਹੋਂਦ ਨਹੀਂ ਹੁੰਦੀ)

3. ਵੱਖ-ਵੱਖ ਕਿਸਮਾਂ ਦੀਆਂ ਅਰਥਵਿਵਸਥਾਵਾਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਵਰਗੀਕਰਨ ਕਰੋ ਅਤੇ ਉਹਨਾਂ ਨੂੰ ਢੁਕਵੇਂ ਬਕਸਿਆਂ ਵਿੱਚ ਰੱਖੋ।

ਮੁਨਾਫੇ ਦਾ ਮਨੋਰਥ, ਕੇਂਦਰੀ ਯੋਜਨਾਬੰਦੀ, ਖਪਤਕਾਰ ਪ੍ਰਭੂਸੱਤਾ, ਜਨਤਕ ਅਤੇ ਨਿੱਜੀ ਖੇਤਰ, ਵਿਰਾਸਤ ਦੇ ਕਾਨੂੰਨ, ਸਮਾਜ ਭਲਾਈ, ਸਰਕਾਰੀ ਨਿਯਮ, ਸਬਸਿਡੀ, ਮੁਕਾਬਲਾ, ਕੀਮਤ ਵਿਧੀ, ਅਸਮਾਨਤਾਵਾਂ, ਵਰਗ ਸੰਘਰਸ਼ ਨਹੀਂ, ਆਰਥਿਕ ਯੋਜਨਾਬੰਦੀ ਅਤੇ ਚੋਣ ਦੀ ਸੀਮਤ ਆਜ਼ਾਦੀ।

| ਪੂੰਜੀਵਾਦੀ ਅਰਥਵਿਵਸਥਾ | ਸਮਾਜਵਾਦੀ ਅਰਥਵਿਵਸਥਾ | ਮਿਸ਼ਰਤ ਅਰਥਵਿਵਸਥਾ |
|---|---|---|





### 4.2.2 ਵਿਕਾਸ ਦੇ ਪੱਧਰ ਦੇ ਆਧਾਰ 'ਤੇ ਅਰਥਵਿਵਸਥਾਵਾਂ ਦੀਆਂ ਕਿਸਮਾਂ

ਵਿਕਾਸ ਦੇ ਪੱਧਰ ਦੇ ਆਧਾਰ 'ਤੇ ਅਰਥਵਿਵਸਥਾਵਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

(i) ਵਿਕਸਤ ਅਰਥਵਿਵਸਥਾ

(ii) ਵਿਕਾਸਸ਼ੀਲ ਅਰਥਵਿਵਸਥਾ

ਕਿਸੇ ਅਰਥਵਿਵਸਥਾ ਨੂੰ ਉਸ ਦੀ ਵਾਸਤਵਿਕ ਰਾਸ਼ਟਰੀ ਅਤੇ ਪ੍ਰਤੀ ਵਿਅਕਤੀ ਆਮਦਨ ਅਤੇ ਆਬਾਦੀ ਦੇ ਜੀਵਨ ਪੱਧਰ ਦੇ ਆਧਾਰ 'ਤੇ ਦੇਸ਼ਾਂ ਨੂੰ ਵਿਕਸਤ ਜਾਂ ਅਮੀਰ ਅਤੇ ਵਿਕਾਸਸ਼ੀਲ ਜਾਂ ਗਰੀਬ ਵਜੋਂ ਦਰਸਾਇਆ ਜਾਂਦਾ ਹੈ। ਵਿਕਸਤ ਦੇਸ਼ਾਂ ਵਿੱਚ ਉੱਚ ਰਾਸ਼ਟਰੀ ਅਤੇ ਪ੍ਰਤੀ ਵਿਅਕਤੀ ਆਮਦਨ, ਪੂੰਜੀ ਨਿਰਮਾਣ ਦੀ ਉੱਚ ਦਰ ਭਾਵ ਉੱਚ ਬੱਚਤ ਅਤੇ ਨਿਵੇਸ਼ ਹੁੰਦਾ ਹੈ। ਉਨ੍ਹਾਂ ਕੋਲ ਉੱਚ ਸਿੱਖਿਆ ਪ੍ਰਾਪਤ ਮਨੁੱਖੀ ਵਸੀਲੇ, ਬਿਹਤਰ ਨਾਗਰਿਕ ਸਹੂਲਤਾਂ, ਸਿਹਤ ਅਤੇ ਸੈਨੀਟੇਸ਼ਨ ਸਹੂਲਤਾਂ, ਘੱਟ ਜਨਮ ਦਰ, ਘੱਟ ਮੌਤ ਦਰ, ਘੱਟ ਬਾਲ ਮੌਤ ਦਰ, ਵਿਕਸਤ ਉਦਯੋਗਿਕ ਅਤੇ ਸਮਾਜਿਕ ਬੁਨਿਆਦੀ ਢਾਂਚਾ ਅਤੇ ਮਜ਼ਬੂਤ ਵਿੱਤੀ ਅਤੇ ਪੂੰਜੀ ਬਾਜ਼ਾਰ ਉਪਲੱਬਧ ਹੁੰਦਾ ਹੈ। ਸੰਖੇਪ ਵਿੱਚ, ਵਿਕਸਤ ਦੇਸ਼ਾਂ ਵਿੱਚ ਜੀਵਨ ਪੱਧਰ ਉੱਚਾ ਹੁੰਦਾ ਹੈ।

ਵਿਕਾਸਸ਼ੀਲ ਦੇਸ਼ ਵਿਕਾਸ ਦੀ ਪੌੜੀ 'ਤੇ ਕਾਫ਼ੀ ਹੇਠ ਹੁੰਦੇ ਹਨ। ਇਹਨਾਂ ਨੂੰ ਕਈ ਵਾਰ ਪੱਛੜੇ ਜਾਂ ਗਰੀਬ ਦੇਸ਼ ਵੀ ਕਿਹਾ ਜਾਂਦਾ ਹੈ। ਪਰ ਅਰਥ ਸ਼ਾਸਤਰੀ ਉਨ੍ਹਾਂ ਨੂੰ ਵਿਕਾਸਸ਼ੀਲ ਦੇਸ਼ ਕਹਿਣਾ ਪਸੰਦ ਕਰਦੇ ਹਨ ਕਿਉਂਕਿ ਇਹ ਗਤੀਸ਼ੀਲਤਾ ਦੀ

ਭਾਵਨਾ ਪ੍ਰਦਾਨ ਕਰਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਰਾਸ਼ਟਰੀ ਅਤੇ ਪ੍ਰਤੀ ਵਿਅਕਤੀ ਆਮਦਨ ਘੱਟ ਹੁੰਦੀ ਹੈ। ਉਨ੍ਹਾਂ ਕੋਲ ਘੱਟ ਬੱਚਤ, ਨਿਵੇਸ਼ ਅਤੇ ਪੂੰਜੀ ਨਿਰਮਾਣ ਦੇ ਨਾਲ ਪੱਛੜੇ ਹੋਏ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਹੁੰਦੇ ਹਨ। ਹਾਲਾਂਕਿ ਇਨ੍ਹਾਂ ਦੇਸ਼ਾਂ ਦੀ ਨਿਰਯਾਤ ਕਮਾਈ ਹੁੰਦੀ ਹੈ, ਪਰ ਆਮ ਤੌਰ 'ਤੇ ਉਹ ਮੁੱਢਲੇ ਖੇਤੀਬਾੜੀ ਉਤਪਾਦਾਂ ਦਾ ਨਿਰਯਾਤ ਕਰਦੇ ਹਨ। ਸੰਖੇਪ ਰੂਪ ਵਿੱਚ, ਉਹਨਾਂ ਦਾ ਜੀਵਨ ਪੱਧਰ ਨੀਵਾਂ ਹੁੰਦਾ ਹੈ ਅਤੇ ਸਿਹਤ ਅਤੇ ਸਫਾਈ, ਉੱਚ ਬਾਲ ਮੌਤ ਦਰ, ਉੱਚ ਜਨਮ ਅਤੇ ਮੌਤ ਦਰ ਅਤੇ ਮਾੜਾ ਬੁਨਿਆਦੀ ਢਾਂਚਾ ਹੁੰਦਾ ਹੈ। ਇਸ ਤਰ੍ਹਾਂ ਆਰਥਿਕ ਵਿਕਾਸ ਕਈ ਕਾਰਕਾਂ 'ਤੇ ਨਿਰਭਰ ਕਰਦਾ ਹੈ ਅਤੇ ਇਸਦੇ ਵੱਖ-ਵੱਖ ਅਰਥ ਹੁੰਦੇ ਹਨ। ਹਾਲਾਂਕਿ ਤੁਸੀਂ ਪਹਿਲਾਂ ਹੀ ਪੜ੍ਹ ਚੁੱਕੇ ਹੋ, ਮੌਜੂਦਾ ਪਾਠ ਦੇ ਸੰਦਰਭ ਵਿੱਚ ਆਰਥਿਕ ਵਿਕਾਸ ਅਤੇ ਇਸਦੇ







ਨਿਰਧਾਰਕਾਂ 'ਤੇ ਚਰਚਾ ਕਰਨਾ ਲਾਭਦਾਇਕ ਹੋਵੇਗਾ। ਇਸ ਦੇ ਨਾਲ ਹੀ ਅਸੀਂ ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਦਾ ਅੰਤਰ ਵੀ ਸਪੱਸ਼ਟ ਕਰਾਂਗੇ।

## 4.3 ਆਰਥਿਕ ਵਿਕਾਸ ਦਾ ਅਰਥ

ਆਰਥਿਕ ਵਿਕਾਸ ਆਰਥਿਕ ਵਾਧੇ ਤੋਂ ਵੱਖਰਾ ਹੈ, ਆਰਥਿਕ ਵਿਕਾਸ ਰਾਸ਼ਟਰੀ ਆਮਦਨ ਵਿੱਚ ਨਿਰੰਤਰ ਵਾਧਾ ਹੁੰਦਾ ਹੈ। ਆਬਾਦੀ ਵਿੱਚ ਅੰਤਰ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਪ੍ਰਤੀ ਵਿਅਕਤੀ ਆਮਦਨ (ਜਿਵੇਂ ਕਿ ਪ੍ਰਤੀ ਵਿਅਕਤੀ ਆਮਦਨ=ਰਾਸ਼ਟਰੀ ਆਮਦਨ + ਕੁੱਲ ਆਬਾਦੀ) ਦੇ ਵਾਧੇ ਵਿੱਚ ਦਿਖਾਈ ਦਿੰਦਾ ਹੈ।

ਭਾਵੇਂ ਰਾਸ਼ਟਰੀ ਆਮਦਨ ਦੇ ਵਾਧੇ ਵਿੱਚ ਸਾਲ-ਦਰ-ਸਾਲ ਉਤਰਾਅ-ਚੜ੍ਹਾਅ ਜਾਂ ਥੋੜ੍ਹੇ ਸਮੇਂ ਲਈ ਭਿੰਨਤਾਵਾਂ ਹੋ ਸਕਦੀਆਂ ਹਨ, ਪਰ ਰਾਸ਼ਟਰੀ ਆਮਦਨ ਵਿੱਚ ਲੰਬੇ ਸਮੇਂ ਦਾ ਵਾਧਾ ਹੀ ਆਰਥਿਕ ਵਿਕਾਸ ਕਹਾਉਂਦਾ ਹੈ।

ਦੂਜੇ ਪਾਸੇ, ਆਰਥਿਕ ਵਾਧੇ ਵਿੱਚ ਨਾ ਸਿਰਫ਼ ਆਰਥਿਕ ਵਿਕਾਸ ਹੁੰਦਾ ਹੈ, ਸਗੋਂ ਕਈ ਹੋਰ ਆਰਥਿਕ ਤਬਦੀਲੀਆਂ ਵੀ ਸ਼ਾਮਲ ਹੁੰਦੀਆਂ ਹਨ ਜੋ ਕਿਸੇ ਦੇਸ਼ ਵਿੱਚ ਲੋਕਾਂ ਦੇ ਜੀਵਨ ਪੱਧਰ ਜਾਂ ਜੀਵਨ ਪੱਧਰ ਵਿੱਚ ਸੁਧਾਰ ਕਰਦੀਆਂ ਹਨ। ਜੇਕਰ

ਆਰਥਿਕ ਵਾਧੇ ਦੇ ਨਾਲ ਦੇਸ਼ ਵੱਖ-ਵੱਖ ਆਰਥਿਕ ਤਬਦੀਲੀਆਂ ਦਾ ਅਨੁਭਵ ਕਰਦਾ ਹੈ ਜਿਵੇਂ ਕਿ ਗਰੀਬੀ ਅਤੇ ਬੇਰੁਜ਼ਗਾਰੀ ਵਿੱਚ ਕਮੀ, ਆਮਦਨ ਅਤੇ ਦੌਲਤ ਦੀ ਅਸਮਾਨਤਾ ਵਿੱਚ ਕਮੀ, ਸਾਖਰਤਾ ਦਰ ਵਿੱਚ ਵਾਧਾ, ਸਿਹਤ ਅਤੇ ਸਫਾਈ ਵਿੱਚ ਸੁਧਾਰ, ਆਬਾਦੀ ਦੇ ਵਾਧੇ ਵਿੱਚ ਕਮੀ, ਵਾਤਾਵਰਣ ਦੇ ਮਿਆਰ ਵਿੱਚ ਸੁਧਾਰ ਆਦਿ, ਜਿਨ੍ਹਾਂ ਨਾਲ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ ਤਾਂ ਇਸ ਵਾਧੇ ਨੂੰ ਅਸੀਂ ਆਰਥਿਕ ਵਿਕਾਸ ਕਹਿੰਦੇ ਹਾਂ। ਆਰਥਿਕ ਵਿਕਾਸ ਲਈ ਅਜਿਹੀਆਂ ਆਰਥਿਕ ਤਬਦੀਲੀਆਂ ਜੋ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਈ ਸਹਾਇਕ ਹੁੰਦੀਆਂ ਹਨ, ਉਹ ਆਰਥਿਕ ਵਿਕਾਸ ਲਈ ਜ਼ਰੂਰੀ ਹਨ। ਨਹੀਂ ਤਾਂ, ਆਰਥਿਕ ਵਾਧੇ ਦੇ ਬਾਵਜੂਦ ਲੋਕਾਂ ਦਾ ਜੀਵਨ ਪੱਧਰ ਨਹੀਂ ਸੁਧਰ ਸਕਦਾ ਹੈ। ਅਜਿਹਾ ਹੋ ਸਕਦਾ ਹੈ ਕਿ ਆਰਥਿਕ ਵਾਧੇ ਦੇ ਨਾਲ, ਅਮੀਰ ਹੋਰ ਅਮੀਰ ਹੋ ਜਾਂਦਾ ਹੈ ਜਦੋਂ ਕਿ ਗਰੀਬ ਹੋਰ ਗਰੀਬ ਹੁੰਦਾ ਜਾਂਦਾ ਹੈ ਜੇਕਰ ਵਿਕਾਸ ਦਾ ਫਲ ਸਮਾਜ ਦੇ ਅਮੀਰ ਵਰਗਾਂ ਦੁਆਰਾ ਖੋਹ ਲਿਆ ਜਾਂਦਾ ਹੈ। ਸਪੱਸ਼ਟ ਤੌਰ 'ਤੇ ਆਰਥਿਕ ਵਿਕਾਸ ਆਰਥਿਕ ਵਾਧੇ ਨਾਲੋਂ ਬਹੁਤ ਵਿਆਪਕ ਸੰਕਲਪ ਹੈ। ਇਸ ਵਿੱਚ ਨਾ

ਸਿਰਫ਼ ਆਰਥਿਕ ਵਾਧਾ ਹੁੰਦਾ ਹੈ, ਸਗੋਂ ਕਈ ਹੋਰ ਆਰਥਿਕ ਬਦਲਾਅ ਵੀ ਸ਼ਾਮਲ ਹੁੰਦੇ ਹਨ ਜੋ ਲੋਕਾਂ ਦੇ ਜੀਵਨ ਪੱਧਰ ਜਾਂ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਂਦੇ ਹਨ।

## 4.4 ਆਰਥਿਕ ਵਿਕਾਸ ਦੇ ਨਿਰਧਾਰਕ

ਆਰਥਿਕ ਵਿਕਾਸ ਦੀ ਪ੍ਰਕਿਰਿਆ ਕਈ ਆਰਥਿਕ ਅਤੇ ਗੈਰ-ਆਰਥਿਕ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ।

ਮਹੱਤਵਪੂਰਨ ਆਰਥਿਕ ਕਾਰਕ ਹੇਠ ਲਿਖੇ ਅਨੁਸਾਰ ਹਨ:

(i) **ਕੁਦਰਤੀ ਸਰੋਤ**: ਕੁਦਰਤੀ ਸਰੋਤਾਂ ਦੀ ਉਪਲੱਬਧਤਾ ਆਰਥਿਕ ਵਾਧੇ ਅਤੇ ਆਰਥਿਕ ਵਿਕਾਸ ਨੂੰ ਆਸਾਨ ਅਤੇ ਤੇਜ਼ ਕਰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਕੁਦਰਤੀ ਸਰੋਤਾਂ ਦੀ ਗੁਣਵੱਤਾ ਅਤੇ ਮਾਤਰਾ ਵਿਕਾਸ ਦਰ ਨੂੰ ਪ੍ਰਭਾਵਿਤ ਕਰਦੀ ਹੈ।

(ii) **ਮਨੁੱਖੀ ਵਸੀਲੇ**: ਆਰਥਿਕ ਵਿਕਾਸ ਦਾ ਇੱਕ ਹੋਰ ਮਹੱਤਵਪੂਰਨ ਨਿਰਧਾਰਕ ਮਨੁੱਖੀ ਵਸੀਲਿਆਂ ਜਾਂ ਆਬਾਦੀ ਦੀ ਮਾਤਰਾ ਅਤੇ ਗੁਣਵੱਤਾ ਹੈ। ਹੋਰ ਚੀਜ਼ਾਂ ਬਰਾਬਰ, ਪੜ੍ਹੇ-ਲਿਖੇ ਅਤੇ ਤਕਨੀਕੀ ਤੌਰ 'ਤੇ ਯੋਗਤਾ ਪ੍ਰਾਪਤ ਮਨੁੱਖੀ ਸ਼ਕਤੀ ਉੱਚ ਵਿਕਾਸ ਦਰ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ। ਦੂਜੇ ਪਾਸੇ ਅਨਪੜ੍ਹ ਅਤੇ ਅਕੁਸ਼ਲ ਆਬਾਦੀ ਆਰਥਿਕ ਵਿਕਾਸ ਨੂੰ ਰੋਕਦੀ ਹੈ।

(iii) **ਪੂੰਜੀ ਨਿਰਮਾਣ**: ਤੇਜ਼ ਆਰਥਿਕ ਵਿਕਾਸ ਲਈ ਪੂੰਜੀਗਤ ਵਸਤਾਂ ਦਾ ਸਟਾਕ ਮਹੱਤਵਪੂਰਨ ਹੈ। ਪੂੰਜੀ ਦੇ ਭੰਡਾਰ ਨੂੰ ਵਧਾਉਣ ਲਈ, ਬੱਚਤ ਦੀ ਦਰ ਉੱਚੀ ਹੋਣੀ ਚਾਹੀਦੀ ਹੈ। ਬੱਚਤ ਦਾ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ। ਬੱਚਤ ਅਤੇ ਨਿਵੇਸ਼ ਦੀ ਦਰ ਦੇ ਮੱਦੇਨਜ਼ਰ ਵਿਕਾਸ ਦਰ ਪੂੰਜੀ ਉਤਪਾਦਨ ਅਨੁਪਾਤ 'ਤੇ ਨਿਰਭਰ ਕਰੇਗੀ। ਜੇਕਰ ਘਰੇਲੂ ਬੱਚਤਾਂ ਕਾਫ਼ੀ ਨਹੀਂ ਹਨ ਤਾਂ ਸਰਕਾਰ ਵਿਕਾਸਸ਼ੀਲ ਦੇਸ਼ਾਂ ਵਿੱਚ ਪੂੰਜੀ ਨਿਰਮਾਣ ਅਤੇ ਵਿਕਾਸ ਦਰ ਨੂੰ ਵਧਾਉਣ ਲਈ ਬਾਹਰੀ ਸਹਾਇਤਾ ਦੀ ਮੰਗ ਕਰ ਸਕਦੀ ਹੈ।

(iv) **ਤਕਨਾਲੋਜੀ**: ਤਕਨਾਲੋਜੀ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਤਕਨੀਕੀ ਤਰੱਕੀ ਨਿਰੰਤਰ ਖੋਜ ਅਤੇ ਵਿਕਾਸ 'ਤੇ ਨਿਰਭਰ ਕਰਦੀ ਹੈ। ਤਕਨੀਕੀ ਤਰੱਕੀ ਦੁਆਰਾ ਇੱਕ ਰਾਸ਼ਟਰ ਕੁਦਰਤੀ ਸਰੋਤਾਂ ਦੀ ਘਾਟ ਅਤੇ ਘੱਟ



ਨੋਟ

ਉਤਪਾਦਕਤਾ ਵਰਗੀਆਂ ਹੋਰ ਰੁਕਾਵਟਾਂ ਨੂੰ ਪਾਰ ਕਰ ਸਕਦਾ ਹੈ। ਵਿਕਸਤ ਅਰਥਵਿਵਸਥਾਵਾਂ ਇਸਦਾ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਦੀਆਂ ਹਨ।

ਇਹਨਾਂ ਆਰਥਿਕ ਕਾਰਕਾਂ ਤੋਂ ਇਲਾਵਾ ਕਈ ਹੋਰ ਗੈਰ-ਆਰਥਿਕ ਕਾਰਕ ਜਿਵੇਂ ਕਿ (i) ਜਾਤ ਪ੍ਰਣਾਲੀ, (ii) ਪਰਿਵਾਰਕ ਕਿਸਮ, (iii) ਨਸਲੀ ਕਾਰਕ, ਅਤੇ (iv) ਸਰਕਾਰੀ ਨੀਤੀਆਂ ਵੀ ਵਿਕਾਸ ਦਰ ਅਤੇ ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ। ਆਰਥਿਕ ਵਿਕਾਸ ਨੂੰ ਮਾਪਣਾ ਅਤੇ ਆਰਥਿਕ ਵਿਕਾਸ ਦਾ ਇੱਕ ਸੂਚਕ ਦੇਣਾ ਬਹੁਤ ਮੁਸ਼ਕਲ ਹੈ। ਆਰਥਿਕ ਵਿਕਾਸ ਦਾ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਸੂਚਕਾਂਕ ਅਰਥਾਤ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਗੰਭੀਰ ਤਰੁਟੀਆਂ ਦਾ ਸ਼ਿਕਾਰ ਹੈ। ਇਹ ਸੂਚਕਾਂਕ ਕੁਦਰਤੀ ਸਰੋਤਾਂ ਦੀ ਖਪਤ ਅਤੇ ਵਾਤਾਵਰਣ ਦੇ ਵਿਗਾੜ ਜਿਵੇਂ ਕਿ ਉਦਯੋਗਾਂ ਤੋਂ ਧੂੰਏਂ ਜਾਂ ਹਵਾ ਅਤੇ ਪਾਣੀ ਦੇ ਸਰੋਤਾਂ ਵਿੱਚ ਵੱਖ-ਵੱਖ ਉਦਯੋਗਿਕ ਰਹਿੰਦ-ਖੂੰਹਦ ਅਤੇ ਉਪ-ਉਤਪਾਦਾਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਨੂੰ ਧਿਆਨ ਵਿੱਚ ਨਹੀਂ ਰੱਖਦਾ। ਜੰਗਲਾਂ ਦੀ ਕਟਾਈ ਅਤੇ ਲੱਕੜ ਦੀ ਵਿਕਰੀ ਤੋਂ ਆਮਦਨ ਹੋਵੇਗੀ ਅਤੇ ਇਸ ਨੂੰ ਆਰਥਿਕ ਗਤੀਵਿਧੀ ਮੰਨਿਆ ਜਾਵੇਗਾ ਅਤੇ ਰਾਸ਼ਟਰੀ ਆਮਦਨ ਦੇ ਅੰਕੜਿਆਂ ਵਿੱਚ ਆਮਦਨ ਜੋੜੀ ਜਾਵੇਗੀ ਪਰ ਜੰਗਲਾਂ ਦੀ ਕਟਾਈ ਕਾਰਨ ਹੋਣ ਵਾਲੇ ਨੁਕਸਾਨ ਨੂੰ ਰਾਸ਼ਟਰੀ

ਖਾਤਿਆਂ ਦੇ ਅੰਕੜਿਆਂ ਵਿੱਚ ਨਕਾਰਾਤਮਕ ਐਂਟਰੀ ਵਜੋਂ ਨਹੀਂ ਦਿਖਾਇਆ ਜਾਵੇਗਾ। ਇਸ ਲਈ ਅਰਥ ਸ਼ਾਸਤਰੀ ਗੰਭੀਰਤਾ ਨਾਲ ਕੁਝ ਨਵੇਂ ਸੂਚਕਾਂਕ ਦੀ ਤਿਆਰੀ 'ਤੇ ਕੰਮ ਕਰ ਰਹੇ ਹਨ ਜੋ ਸਮਾਜ ਲਈ ਇਹਨਾਂ ਵਾਤਾਵਰਨ ਲਾਗਤਾਂ ਲਈ ਲੇਖਾ ਜੋਖਾ ਕਰ ਸਕਦੇ ਹਨ ਅਤੇ ਸਮਾਜ ਦੇ ਕਲਿਆਣ ਸੂਚਕਾਂਕ ਵਜੋਂ ਵਰਤਿਆ ਜਾ ਸਕਦਾ ਹੈ।

## 4.5 ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਵਿਚਕਾਰ ਅੰਤਰ

ਆਰਥਿਕ ਵਾਧਾ ਇੱਕ ਛੋਟੀ ਮਿਆਦ ਦਾ ਮਾਪ ਹੈ ਅਤੇ ਆਮ ਤੌਰ 'ਤੇ ਅਸਲ ਰੂਪ ਵਿੱਚ ਰਾਸ਼ਟਰੀ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਸਾਲ-ਦਰ-ਸਾਲ ਵਾਧੇ ਨੂੰ ਦਰਸਾਉਂਦਾ ਹੈ। ਪਰ ਆਮਦਨ ਸੂਚਕਾਂਕ ਰਾਸ਼ਟਰੀ ਆਮਦਨ ਦੇ ਵੰਡ ਪਹਿਲੂਆਂ ਨੂੰ ਧਿਆਨ ਵਿੱਚ ਨਹੀਂ ਰੱਖਦਾ। ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਆਮਦਨੀ ਦੀ ਪਹੁੰਚ ਗੈਰ-ਉਤਪਾਦਕ ਅਤੇ ਨਿਰਾਰਥਕ ਵਾਧਾ ਅਤੇ ਉਤਪਾਦਕ ਅਤੇ ਸਮਾਜਿਕ ਤੌਰ 'ਤੇ ਲਾਭਦਾਇਕ ਵਿਕਾਸ ਨੂੰ ਧਿਆਨ ਵਿੱਚ ਨਹੀਂ ਰੱਖਦੀ ਹੈ। ਦੂਜੇ ਪਾਸੇ ਆਰਥਿਕ ਵਿਕਾਸ ਲੰਬੇ ਸਮੇਂ ਲਈ ਇੱਕ ਲੰਮੀ ਮਿਆਦ ਦਾ ਮਾਪ ਹੈ। ਆਰਥਿਕ ਵਿਕਾਸ ਦਾ ਅਰਥ ਜੀਵਨ ਪੱਧਰ ਵਿੱਚ ਸਮੁੱਚਾ ਵਾਧਾ ਅਤੇ ਜੀਵਨ ਦੀ



ਨੋਟ

ਬਿਹਤਰ ਗੁਣਵੱਤਾ ਹੈ। ਆਮਦਨ ਸੂਚਕਾਂਕ ਤੋਂ ਇਲਾਵਾ ਕੁਝ ਗੈਰ-ਆਮਦਨ ਸੂਚਕਾਂਕ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਇਹ ਜਨਮ ਦੇ ਸਮੇਂ ਉੱਚ ਜੀਵਨ ਸੰਭਾਵਨਾ, ਘੱਟ ਬਾਲ ਮੌਤ ਦਰ ਅਤੇ ਸਾਖਰਤਾ ਦੀ ਉੱਚੀ ਦਰ ਹਨ। ਇਹਨਾਂ ਗੈਰ-ਆਮਦਨ ਸੂਚਕਾਂ ਵਿੱਚ ਸੁਧਾਰ ਦਾ ਮਤਲਬ ਹੈ ਕਿ ਜੀਵਨ ਦੀ ਗੁਣਵੱਤਾ ਵਿੱਚ ਵੀ ਸੁਧਾਰ ਹੋਇਆ ਹੈ। ਯੂਨੈਸਕੋ ਅਤੇ ਆਈਐੱਲਓ ਵਰਗੀਆਂ ਕੁਝ ਮਹੱਤਵਪੂਰਨ ਸੰਸਥਾਵਾਂ ਵਿੱਚ ਆਰਥਿਕ ਵਿਕਾਸ ਦੇ ਸੂਚਕਾਂਕ ਦੇ ਰੂਪ ਵਿੱਚ ਬੁਨਿਆਦੀ ਲੋੜਾਂ ਜਿਵੇਂ ਕਿ ਭੋਜਨ, ਕੱਪੜੇ ਅਤੇ ਛੱਤ ਦੀ ਉਪਲੱਬਧਤਾ, ਪੀਣ ਵਾਲੇ ਪਾਣੀ ਦੀ ਉਪਲੱਬਧਤਾ, ਸੈਨੀਟੇਸ਼ਨ ਅਤੇ ਜਨਤਕ ਆਵਾਜਾਈ ਦੀਆਂ ਸਹੂਲਤਾਂ ਚੰਗੀ ਸਿਹਤ ਅਤੇ ਸਿੱਖਿਆ ਸ਼ਾਮਲ ਹਨ। ਇਸ ਲਈ ਵਿਕਾਸ ਦਾ ਉਦੇਸ਼ ਆਬਾਦੀ ਦੇ ਵਿਸ਼ਾਲ ਸਮੂਹ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਮਨੁੱਖੀ ਵਿਕਾਸ ਸੂਚਕਾਂਕ (ਐੱਚ.ਡੀ.ਆਈ.) 'ਤੇ ਜ਼ੋਰ ਦਿੰਦਾ ਹੈ ਜੋ ਪ੍ਰਤੀ ਵਿਅਕਤੀ ਆਮਦਨ, ਵਿਦਿਅਕ ਪ੍ਰਾਪਤੀ ਅਤੇ ਜੀਵਨ ਸੰਭਾਵਨਾ 'ਤੇ ਆਧਾਰਿਤ ਹੈ। ਇਸ ਤਰ੍ਹਾਂ ਇਹ ਆਰਥਿਕ ਅਤੇ ਸਮਾਜਿਕ ਸੂਚਕਾਂ ਦਾ ਸੰਯੁਕਤ ਸੂਚਕਾਂਕ ਹੈ। ਆਰਥਿਕ ਵਿਕਾਸ, ਇਸ ਲਈ, ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸਾਰੇ ਸੁਧਾਰਾਂ ਨੂੰ ਹਾਸਲ ਕਰਨ ਲਈ ਇੱਕ ਬਹੁਤ ਵਿਆਪਕ ਸ਼ਬਦ ਹੈ।

## ਪਾਠ ਅਧੀਨ ਪ੍ਰਸ਼ਨ 4.2

ਹੇਠ ਲਿਖੇ ਸੁਆਲਾਂ ਦੇ ਜੁਆਬ ਦਿਓ:

1. ਵਿਕਾਸ ਦੇ ਪੱਧਰ ਦੇ ਆਧਾਰ 'ਤੇ ਆਰਥਿਕਤਾ ਦੀਆਂ ਦੋ ਸ਼੍ਰੇਣੀਆਂ ਕੀ ਹਨ?
2. ਆਰਥਿਕ ਵਿਕਾਸ ਦਾ ਸਰਲ ਅਰਥ ਦੱਸੋ।
3. ਵਿਕਾਸ ਦੇ ਨਿਰਧਾਰਕਾਂ ਦੇ ਆਰਥਿਕ ਕਾਰਕ ਦਿਓ।
4. ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਗੈਰ-ਆਰਥਿਕ ਕਾਰਕ ਕੀ ਹਨ?
5. ਵਿਕਾਸ ਲਈ ਆਮਦਨੀ ਪਹੁੰਚ ਵਿੱਚ ਗੰਭੀਰ ਕਮੀ ਕੀ ਹੈ?
6. ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਵਿਚਕਾਰ ਫਰਕ ਕਰੋ।
7. ਆਰਥਿਕ ਵਾਧੇ ਲਈ ਪੂੰਜੀ ਨਿਰਮਾਣ ਕਿਵੇਂ ਮਹੱਤਵਪੂਰਨ ਹੈ?

## ਤੁਸੀਂ ਕੀ ਸਿੱਖਿਆ ਹੈ

- ਇਸ ਪਾਠ ਵਿੱਚ ਅਸੀਂ ਅਰਥਵਿਵਸਥਾ ਦਾ ਅਰਥ ਸਿੱਖਿਆ ਹੈ। ਇਹ ਸਮਾਜਿਕ ਅਤੇ ਕਾਨੂੰਨੀ ਤੌਰ 'ਤੇ ਸਵੀਕਾਰਯੋਗ ਤਰੀਕਿਆਂ ਦੀ ਇੱਕ ਪ੍ਰਣਾਲੀ ਹੈ ਜਿਸ ਦੁਆਰਾ ਲੋਕ

ਰੋਜ਼ੀ ਰੋਟੀ ਪ੍ਰਾਪਤ ਕਰਦੇ ਹਨ। ਅਰਥਵਿਵਸਥਾ ਨੂੰ ਮਨੁੱਖੀ ਜ਼ਰੂਰਤਾਂ ਦੀ ਸੰਤੁਸ਼ਟੀ ਲਈ ਸਹਿਯੋਗ ਦੀ ਇੱਕ ਪ੍ਰਣਾਲੀ ਵਜੋਂ ਵੀ ਦੇਖਿਆ ਜਾਂਦਾ ਹੈ।

- ਆਧੁਨਿਕ ਗੁੰਝਲਦਾਰ ਅਰਥਵਿਵਸਥਾ ਵਿੱਚ, ਸਹਿਯੋਗ ਇਸ ਰੂਪ ਵਿੱਚ ਮੌਜੂਦ ਹੈ ਕਿ 'ਤੁਸੀਂ ਮੇਰੇ ਲਈ ਇਹ ਕਰੋ ਅਤੇ ਮੈਂ ਤੁਹਾਡੇ ਲਈ ਇਹ ਕਰਾਂਗਾ।' ਦਾ ਸਹਿਯੋਗ ਪ੍ਰਾਪਤ ਨਹੀਂ ਰਹਿੰਦਾ। ਸਹਿਯੋਗ ਨੂੰ ਰਾਸ਼ਟਰੀ ਸੀਮਾਵਾਂ ਤੋਂ ਪਾਰ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਅਰਥਵਿਵਸਥਾ ਨੂੰ ਆਪਸੀ ਸਹਿਯੋਗ ਅਤੇ ਵਟਾਂਦਰੇ ਦੀ ਪ੍ਰਣਾਲੀ ਵਜੋਂ ਦੇਖਿਆ ਜਾ ਸਕਦਾ ਹੈ।

- ਉਤਪਾਦਨ ਦੇ ਸਾਧਨਾਂ 'ਤੇ ਮਾਲਕੀ ਅਤੇ ਨਿਯੰਤਰਣ ਦੇ ਆਧਾਰ 'ਤੇ ਅਰਥਵਿਵਸਥਾਵਾਂ ਨੂੰ ਹੇਠ ਲਿਖੀਆਂ ਤਿੰਨ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

(i) **ਪੂੰਜੀਵਾਦੀ ਅਰਥਵਿਵਸਥਾ**

(ii) **ਸਮਾਜਵਾਦੀ ਅਰਥਵਿਵਸਥਾ**

(iii) **ਮਿਸ਼ਰਤ ਅਰਥਵਿਵਸਥਾ**

- ਵਿਕਾਸ ਦੇ ਪੱਧਰ ਦੇ ਆਧਾਰ 'ਤੇ ਅਰਥਵਿਵਸਥਾਵਾਂ ਨੂੰ ਹੇਠ ਲਿਖੀਆਂ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

(i) **ਵਿਕਸਤ ਅਰਥਵਿਵਸਥਾ**

(ii) **ਵਿਕਾਸਸ਼ੀਲ ਅਰਥਵਿਵਸਥਾ**

- ਪੂੰਜੀਵਾਦੀ ਅਰਥਵਿਵਸਥਾ ਵਿਅਕਤੀਗਤ ਸੁਤੰਤਰਤਾ ਅਤੇ ਸਪੰਨਤਾ ਨੂੰ ਬਹੁਤ ਮਹੱਤਵ ਦਿੰਦੀ ਹੈ। ਖਪਤਕਾਰ ਇੱਕ ਰਾਜੇ ਵਾਂਗ ਵਿਵਹਾਰ ਕਰਦੇ ਹਨ ਅਤੇ ਕੀਮਤ ਪ੍ਰਣਾਲੀ, ਮੁਨਾਫ਼ੇ ਦੇ ਉਦੇਸ਼ ਅਤੇ ਬਾਜ਼ਾਰਾਂ ਰਾਹੀਂ ਸਰੋਤਾਂ ਦੀ ਵੰਡ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

- ਸਮਾਜਵਾਦੀ ਅਰਥਵਿਵਸਥਾ ਸਮੂਹਿਕ ਮਾਲਕੀ, ਸਮਾਜ ਦੀ ਭਲਾਈ ਅਤੇ ਆਰਥਿਕ ਯੋਜਨਾਬੰਦੀ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੀ ਹੈ। ਅਸਮਾਨਤਾਵਾਂ ਘਟੀਆਂ ਹਨ ਅਤੇ ਜਮਾਤੀ ਟਕਰਾਅ ਤੋਂ ਬਚਿਆ ਗਿਆ ਹੈ।

- ਮਿਸ਼ਰਤ ਅਰਥਵਿਵਸਥਾ ਦੋਵਾਂ ਪ੍ਰਣਾਲੀਆਂ ਦੇ ਗੁਣਾਂ ਨੂੰ ਮਹੱਤਵ ਦਿੰਦੀ ਹੈ। ਇੱਥੇ ਜਨਤਕ ਅਤੇ ਨਿੱਜੀ ਖੇਤਰ ਇਕੱਠੇ ਰਹਿੰਦੇ ਹਨ। ਜਨਤਕ ਖੇਤਰ ਸਮਾਜਵਾਦੀ



ਨੋਟ

ਅਰਥਵਿਵਸਥਾ ਦੇ ਆਧਾਰ 'ਤੇ ਕੰਮ ਕਰਦਾ ਹੈ ਜਦੋਂ ਕਿ ਨਿੱਜੀ ਖੇਤਰ ਪੂੰਜੀਵਾਦੀ ਅਰਥਵਿਵਸਥਾ ਦੇ ਆਧਾਰ 'ਤੇ ਕੰਮ ਕਰਦਾ ਹੈ।

- ਵਿਕਸਤ ਅਮੀਰ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਵੱਧ ਹੈ ਅਤੇ ਜੀਵਨ ਪੱਧਰ ਅਤੇ ਜੀਵਨ ਦੀ ਗੁਣਵੱਤਾ ਬਿਹਤਰ ਹੈ।
- ਦੂਜੇ ਪਾਸੇ ਅਵਿਕਸਤ ਜਾਂ ਗਰੀਬ ਦੇਸ਼ਾਂ ਦੀ ਆਮਦਨ, ਬੱਚਤ ਅਤੇ ਨਿਵੇਸ਼ ਘੱਟ ਹੈ ਅਤੇ ਇਸ ਲਈ ਉਹਨਾਂ ਦਾ ਜੀਵਨ ਪੱਧਰ ਮਾੜਾ ਹੈ।
- ਆਰਥਿਕ ਵਿਕਾਸ ਦੀ ਪ੍ਰਕਿਰਿਆ ਆਰਥਿਕ ਅਤੇ ਗੈਰ-ਆਰਥਿਕ ਕਾਰਕਾਂ ਦੀ ਗਿਣਤੀ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ।
- ਆਰਥਿਕ ਵਾਧੇ ਅਤੇ ਆਰਥਿਕ ਵਿਕਾਸ ਵਿੱਚ ਅੰਤਰ ਹੈ। ਆਮ ਤੌਰ 'ਤੇ ਆਰਥਿਕ ਵਾਧਾ ਕੁਝ ਚੁਣੇ ਹੋਏ ਖੇਤਰਾਂ ਅਤੇ ਵੇਰੀਏਬਲਾਂ ਵਿੱਚ ਥੋੜ੍ਹੇ ਸਮੇਂ ਦੇ ਸੁਧਾਰਾਂ ਨੂੰ ਦਰਸਾਉਂਦਾ ਹੈ। ਦੂਜੇ ਪਾਸੇ ਆਰਥਿਕ ਵਿਕਾਸ ਦਾ ਮਤਲਬ ਹੈ ਰਾਸ਼ਟਰੀ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਲੰਬੇ ਸਮੇਂ ਦੇ ਵਾਧੇ ਦੇ ਨਾਲ-ਨਾਲ ਹੋਰ ਬਹੁਤ ਸਾਰੇ ਗੈਰ-ਆਰਥਿਕ ਕਾਰਕ ਜੋ ਜੀਵਨ ਦੀ ਸਮੁੱਚੀ ਗੁਣਵੱਤਾ ਵਿੱਚ ਸੁਧਾਰ ਕਰਦੇ ਹਨ।

## ਪਾਠ ਦੇ ਅੰਤ ਦੇ ਪ੍ਰਸ਼ਨ

1. ਅਰਥਵਿਵਸਥਾ ਤੋਂ ਕੀ ਭਾਵ ਹੈ? ਪੂੰਜੀਵਾਦੀ ਅਰਥਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
2. "ਅਰਥਵਿਵਸਥਾ ਆਪਸੀ ਸਹਿਯੋਗ ਅਤੇ ਵਟਾਂਦਰੇ ਦੀ ਇੱਕ ਪ੍ਰਣਾਲੀ ਹੈ।" ਵਿਚਾਰ ਕਰੋ।
3. ਉਤਪਾਦਨ ਦੇ ਸਾਧਨਾਂ 'ਤੇ ਮਾਲਕੀ ਅਤੇ ਨਿਯੰਤਰਣ ਦੇ ਆਧਾਰ 'ਤੇ ਅਰਥਵਿਵਸਥਾ ਦੀਆਂ ਕਿਸਮਾਂ ਦੀ ਵਿਆਖਿਆ ਕਰੋ।
4. ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਵਿਚਕਾਰ ਕੀ ਫਰਕ ਹੈ।
5. ਆਰਥਿਕ ਵਿਕਾਸ ਦੇ ਮੁੱਖ ਨਿਰਧਾਰਕ ਕੀ ਹਨ?

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 4.1 ਦੇ ਉੱਤਰ

1. (1) ਗਲਤ (2) ਸਹੀ (3) ਗਲਤ (4) ਸਹੀ

2. (1) ਬਹੁਤ ਮਹੱਤਵਪੂਰਨ (2) ਖਪਤਕਾਰ ਦੀ ਪ੍ਰਭੂਸੱਤਾ
(3) ਕੇਂਦਰੀ ਰੂਪ ਨਾਲ ਸਪਾਂਸਰ (4) ਪੂੰਜੀਵਾਦੀ (5) ਸਹਿ-ਹੋਂਦ

| ਪੂੰਜੀਵਾਦੀ ਅਰਥਵਿਵਸਥਾ | ਸਮਾਜਵਾਦੀ ਅਰਥਵਿਵਸਥਾ | ਮਿਸ਼ਰਤ ਅਰਥਵਿਵਸਥਾ |
|---|---|---|
| ਮੁਨਾਫੇ ਦਾ ਮਨੋਰਥ<br>ਖਪਤਕਾਰ ਪ੍ਰਭੂਸੱਤਾ<br>ਵਿਰਾਸਤ ਦਾ ਕਾਨੂੰਨ<br>ਮੁਕਾਬਲਾ<br>ਕੀਮਤ ਵਿਧੀ<br>ਅਸਮਾਨਤਾਵਾਂ | ਕੇਂਦਰੀ ਯੋਜਨਾ<br>ਸਮਾਜਿਕ ਕਲਿਆਣ<br>ਵਰਗ ਸੰਘਰਸ਼ ਦੀ ਕਮੀ | ਜਨਤਕ ਅਤੇ ਨਿੱਜੀ ਖੇਤਰ<br>ਸਰਕਾਰੀ ਨਿਯਮ<br>ਆਰਥਿਕ ਯੋਜਨਾਬੰਦੀ<br>ਸਬਸਿਡੀ, ਆਰਥਿਕ ਯੋਜਨਾਬੰਦੀ<br>ਚੋਣ ਦੀ ਸੀਮਤ ਆਜ਼ਾਦੀ |

## ਪਾਠ ਅਧੀਨ ਪ੍ਰਸ਼ਨ 4.2 ਦੇ ਉੱਤਰ

1. ਵਿਕਸਤ ਅਰਥਵਿਵਸਥਾ ਅਤੇ ਵਿਕਾਸਸ਼ੀਲ ਅਰਥਵਿਵਸਥਾ

2. ਆਰਥਿਕ ਵਿਕਾਸ ਇੱਕ ਪ੍ਰਕਿਰਿਆ ਹੈ ਜਿਸ ਦੁਆਰਾ ਇੱਕ ਅਰਥਵਿਵਸਥਾ ਦੀ ਅਸਲ ਰਾਸ਼ਟਰੀ ਆਮਦਨ ਲੰਬੇ ਸਮੇਂ ਵਿੱਚ ਵਧਦੀ ਹੈ।

3. ਕੁਦਰਤੀ ਸਰੋਤ, ਮਨੁੱਖੀ ਸਰੋਤ, ਪੂੰਜੀ ਨਿਰਮਾਣ, ਤਕਨਾਲੋਜੀ।

4. ਜਾਤ ਪ੍ਰਣਾਲੀ, ਪਰਿਵਾਰਕ ਕਿਸਮ, ਨਸਲੀ

5. ਇਹ ਵਾਤਾਵਰਣ ਦੀ ਲਾਗਤ ਅਤੇ ਸਰੋਤ ਦੀ ਕਮੀ ਨੂੰ ਧਿਆਨ ਵਿੱਚ ਨਹੀਂ ਰੱਖਦਾ।

6. ਆਰਥਿਕ ਵਾਧਾ ਅਸਲ ਆਮਦਨ ਵਿੱਚ ਇੱਕ ਥੋੜ੍ਹੇ ਸਮੇਂ ਵਿੱਚ ਸੁਧਾਰ ਕਰਦਾ ਹੈ ਜਦੋਂ ਕਿ ਆਰਥਿਕ ਵਿਕਾਸ ਅਸਲ ਆਮਦਨ ਵਿੱਚ ਲੰਬੇ ਸਮੇਂ ਲਈ ਵਾਧਾ ਅਤੇ ਜੀਵਨ ਦੇ ਸਮੁੱਚੇ ਪੱਧਰ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਦਾ ਹੈ।

7. ਪੂੰਜੀ ਨਿਰਮਾਣ ਪੂੰਜੀ ਉਤਪਾਦਨ ਅਨੁਪਾਤ ਦੇ ਆਧਾਰ 'ਤੇ ਵਿਕਾਸ ਦਰ ਨੂੰ ਨਿਰਧਾਰਤ ਕਰਦਾ ਹੈ।



ਨੋਟ

# 5

# ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ

ਜਿਵੇਂ ਕਿ ਤੁਸੀਂ ਜਾਣਦੇ ਹੋ, ਸਾਡੀਆਂ ਜ਼ਰੂਰਤਾਂ ਅਨੰਤ ਹਨ ਪਰ ਉਹਨਾਂ ਨੂੰ ਪੂਰਾ ਕਰਨ ਲਈ ਸੀਮਤ ਸਰੋਤ ਹਨ। ਸਾਨੂੰ ਵੱਖੋ-ਵੱਖਰੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵੱਖ-ਵੱਖ ਵਸਤਾਂ ਅਤੇ ਸੇਵਾਵਾਂ ਦੀ ਲੋੜ ਹੁੰਦੀ ਹੈ। ਪਰ ਸਾਧਨਾਂ ਦੀ ਘਾਟ ਕਾਰਨ, ਅਸੀਂ ਇੱਕੋ ਸਮੇਂ ਅਰਥਵਿਵਸਥਾ ਵਿੱਚ ਹਰੇਕ ਲਈ ਸਾਰੀਆਂ ਵੱਖ-ਵੱਖ ਕਿਸਮਾਂ ਦੀਆਂ ਚੀਜ਼ਾਂ ਅਤੇ ਸੇਵਾਵਾਂ ਦਾ ਉਤਪਾਦਨ ਨਹੀਂ ਕਰ ਸਕਦੇ। ਸਰੋਤਾਂ ਦੀ ਘਾਟ ਦੇ ਕਾਰਨ, ਅਸੀਂ ਉਨ੍ਹਾਂ ਨੂੰ ਬਰਬਾਦ ਨਹੀਂ ਕਰ ਸਕਦੇ। ਇਸ ਲਈ ਹਰੇਕ ਅਰਥਵਿਵਸਥਾ ਨੂੰ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣਾ ਚਾਹੀਦਾ ਹੈ।

## ਉਦੇਸ਼

ਇਸ ਪਾਠ ਨੂੰ ਪੂਰਾ ਕਰਨ ਤੋਂ ਬਾਅਦ, ਤੁਸੀਂ ਇਹ ਕਰਨ ਦੇ ਯੋਗ ਹੋਵੋਗੇ:

- ਚੋਣ ਕਰਨ ਦੀ ਜ਼ਰੂਰਤ ਬਾਰੇ ਸਮਝਣ ਦੇ;
- ਸੀਮਤ ਸਰੋਤਾਂ ਦੀ ਵਿਕਲਪਕ ਵਰਤੋਂ ਕਰਨ ਬਾਰੇ;
- ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ ਤੋਂ ਜਾਣੂ;
- ਵੱਖ-ਵੱਖ ਕਿਸਮਾਂ ਦੀਆਂ ਅਰਥਵਿਵਸਥਾਵਾਂ ਵਿੱਚ ਸਰੋਤ ਵੰਡ ਬਾਰੇ;
- ਅਰਥਵਿਵਸਥਾ ਦੇ ਵਿਕਾਸ ਅਤੇ ਸਰੋਤਾਂ ਦੇ ਵਾਧੇ ਵਿਚਕਾਰ ਸਬੰਧਾਂ ਦੀ ਵਿਆਖਿਆ ਕਰਨ ਦੇ।

## 5.1 ਦੁਰਲੱਭਤਾ (ਸੀਮਤਤਾ) ਅਤੇ ਚੋਣ

ਮੰਨ ਲਓ ਕਿ ਤੁਸੀਂ ਆਪਣੇ ਦੋਸਤ ਲਈ ਕਮੀਜ਼, ਕਿਤਾਬ ਅਤੇ ਇੱਕ ਤੋਹਫ਼ਾ ਖਰੀਦਣਾ ਚਾਹੁੰਦੇ ਹੋ। ਤੁਸੀਂ ਵੀ ਸਿਨੇਮਾ ਹਾਲ ਵਿੱਚ ਇੱਕ ਫਿਲਮ ਦੇਖਣਾ ਚਾਹੁੰਦੇ ਹੋ। ਇਹ ਬਹੁਤ ਸਾਰੀਆਂ ਇੱਛਾਵਾਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਹੈ। ਪਰ ਤੁਹਾਡੇ ਕੋਲ ਸਿਰਫ਼ 110 ਰੁਪਏ ਹਨ। ਮੰਨ

ਲਓ ਕਿ ਇੱਕ ਕਮੀਜ਼ 150 ਰੁਪਏ ਵਿੱਚ ਉਪਲੱਬਧ ਹੈ, ਕਿਤਾਬ 95 ਰੁਪਏ ਦੀ ਹੈ, ਤੋਹਫ਼ੇ ਦੀ ਕੀਮਤ 90 ਰੁਪਏ ਹੈ। ਫਿਲਮ ਦੀ ਟਿਕਟ 100 ਰੁਪਏ ਵਿੱਚ ਖਰੀਦੀ ਜਾ ਸਕਦੀ ਹੈ। ਇਸ

ਨੋਟ

ਲਈ ਇਹਨਾਂ ਸਾਰਿਆਂ ਨੂੰ ਮਿਲਾ ਕੇ ਤੁਹਾਡੇ 435 ਰੁਪਏ ਖਰਚ ਹੋਣਗੇ ਜੋ ਤੁਹਾਡੇ ਕੋਲ ਨਹੀਂ ਹਨ। ਸਪੱਸ਼ਟ ਤੌਰ 'ਤੇ, ਤੁਸੀਂ ਸਾਰੀਆਂ ਚੀਜ਼ਾਂ ਨਹੀਂ ਖਰੀਦ ਸਕਦੇ ਕਿਉਂਕਿ ਤੁਹਾਡੇ ਕੋਲ ਸੀਮਤ ਪੈਸਾ ਜਾਂ ਸਰੋਤ ਹੈ। ਤੁਸੀਂ ਕੀ ਕਰੋਗੇ? 110 ਰੁਪਏ ਨਾਲ, ਤੁਸੀਂ ਕਮੀਜ਼ ਨਹੀਂ ਖਰੀਦ ਸਕਦੇ ਕਿਉਂਕਿ ਇਸਦੀ ਕੀਮਤ ਤੁਹਾਡੇ ਕੋਲ ਮੌਜੂਦ ਪੈਸਿਆਂ ਤੋਂ ਵੱਧ ਹੈ। ਪਰ ਤੁਸੀਂ ਕਿਤਾਬ ਜਾਂ ਤੋਹਫ਼ੇ ਜਾਂ ਫ਼ਿਲਮ ਦੀ ਟਿਕਟ ਖਰੀਦਣ ਬਾਰੇ ਸੋਚ ਸਕਦੇ ਹੋ। ਇੱਥੇ ਤੁਹਾਨੂੰ ਇਹ ਚੋਣ ਕਰਨੀ ਪਵੇਗੀ ਕਿ ਤੁਸੀਂ ਇਹਨਾਂ ਵਿੱਚੋਂ ਕਿਹੜੀ ਚੀਜ਼ ਖਰੀਦਣਾ ਚਾਹੁੰਦੇ ਹੋ।

ਚੋਣ ਦੀ ਸਮੱਸਿਆ ਕਿਉਂ ਪੈਦਾ ਹੁੰਦੀ ਹੈ? ਜੇ ਤੁਹਾਡੇ ਕੋਲ ਜਾਦੂ ਦੀ ਛੜੀ ਜਾਂ ਜਾਦੂ ਦਾ ਚਿਰਾਗ ਹੁੰਦਾ, ਤਾਂ ਤੁਹਾਡੇ ਕੋਲ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਭ ਕੁਝ ਹੋ ਸਕਦਾ ਸੀ ਅਤੇ ਚੋਣ ਕਰਨ ਦੀ ਸਮੱਸਿਆ ਪੈਦਾ ਨਹੀਂ ਹੁੰਦੀ। ਇਹ ਇੱਕ ਆਦਰਸ਼ ਸਥਿਤੀ ਹੈ, ਜੋ ਕਦੇ ਨਹੀਂ ਹੋ ਸਕਦੀ। ਤੁਹਾਡੇ ਕੋਲ ਸਿਰਫ਼ 110 ਰੁਪਏ ਹਨ ਨਾ ਕਿ 435 ਰੁਪਏ, ਜਿਸ ਦਾ ਮਤਲਬ ਹੈ ਕਿ ਤੁਹਾਡੇ ਕੋਲ ਸਰੋਤ (ਇਸ ਕੇਸ ਵਿੱਚ ਪੈਸਾ) ਸੀਮਤ ਜਾਂ ਘੱਟ ਹਨ। ਕਿਉਂਕਿ ਤੁਸੀਂ ਆਪਣੇ ਸੀਮਤ ਸਰੋਤ ਨਾਲ ਸਿਰਫ਼ ਇੱਕ ਹੀ ਵਸਤੂ ਖਰੀਦ ਸਕਦੇ ਹੋ, ਇਸ ਲਈ ਤੁਹਾਨੂੰ ਇਹ ਫੈਸਲਾ ਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਤੁਹਾਡੀ ਜ਼ਰੂਰਤ ਨੂੰ ਪੂਰਾ ਕਰਨ ਲਈ ਕੀ ਖਰੀਦਿਆ ਜਾਵੇ। ਇਹ ਚੁਣਦੇ ਹੋਏ ਕਿ ਕੀ ਖਰੀਦਣਾ ਹੈ, ਇੱਕ ਹੋਰ ਮਹੱਤਵਪੂਰਣ ਗੱਲ ਵੱਲ ਧਿਆਨ ਦਿਓ। ਭਾਵ, ਸਰੋਤਾਂ ਨੂੰ ਵਿਕਲਪਕ ਵਰਤੋਂ ਵਿੱਚ ਲਗਾਇਆ ਜਾ ਸਕਦਾ ਹੈ। ਕਿਵੇਂ? ਭਾਵੇਂ ਤੁਸੀਂ ਇਹ ਸਭ ਨਹੀਂ ਖਰੀਦ ਸਕਦੇ ਹੋ, ਤੁਸੀਂ ਇੱਕ ਕਿਤਾਬ ਜਾਂ ਇੱਕ ਤੋਹਫ਼ਾ ਜਾਂ ਇੱਕ ਫ਼ਿਲਮ ਦੀ ਟਿਕਟ ਖਰੀਦ ਸਕਦੇ ਹੋ। ਇਸ ਲਈ ਸਰੋਤਾਂ ਦੀ ਵਿਕਲਪਕ ਵਰਤੋਂ ਕੀਤੀ ਜਾ ਸਕਦੀ ਹੈ।

ਇਸੇ ਤਰ੍ਹਾਂ ਅਰਥਵਿਵਸਥਾ ਨੂੰ ਇਹ ਵੀ ਤੈਅ ਕਰਨਾ ਹੁੰਦਾ ਹੈ ਕਿ ਕਿਹੜੀਆਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨਾ ਹੈ ਅਤੇ ਸਰੋਤਾਂ ਦੀ ਵਰਤੋਂ ਕਿਵੇਂ

ਕਰਨੀ ਹੈ। ਇਸ ਤਰ੍ਹਾਂ 'ਚੋਣ' ਦਾ ਮੁੱਦਾ ਪੈਦਾ ਹੁੰਦਾ ਹੈ ਕਿਉਂਕਿ (ੳ) ਸਰੋਤ ਬਹੁਤ ਘੱਟ ਹਨ ਅਤੇ (ਅ) ਸਰੋਤਾਂ ਦੀ ਵਿਕਲਪਿਕ ਵਰਤੋਂ ਕੀਤੀ ਜਾ ਸਕਦੀ ਹੈ।

## ਪਾਠ ਅਧੀਨ ਪ੍ਰਸ਼ਨ 5.1

1. ਨਿਮਨਲਿਖਤ ਵਸਤਾਂ ਦੇ ਬਦਲਵੇਂ ਉਪਯੋਗ ਕੀ ਹੋ ਸਕਦੇ ਹਨ?

(ੳ) ਬੱਸ

(ਅ) ਕਮਰਾ

ਨੋਟ

(ੲ) ਇਮਾਰਤ

(ਸ) ਕੰਪਿਊਟਰ

## 5.2 ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ

ਅਸੀਂ ਕਿਸੇ ਵੀ ਅਰਥਵਿਵਸਥਾ ਵੱਲੋਂ ਸਾਹਮਣਾ ਕੀਤੀਆਂ ਜਾਣ ਵਾਲੀਆਂ ਤਿੰਨ ਵੱਡੀਆਂ ਸਮੱਸਿਆਵਾਂ ਨੂੰ ਸੂਚੀਬੱਧ ਕਰ ਸਕਦੇ ਹਾਂ। ਇਹ ਹਨ:

1. ਸਰੋਤਾਂ ਦੀ ਵੰਡ ਦੀ ਸਮੱਸਿਆ
2. ਸਰੋਤਾਂ ਦੀ ਵਰਤੋਂ ਦੀ ਸਮੱਸਿਆ
3. ਸਰੋਤਾਂ ਦੇ ਵਾਧੇ ਦੀ ਸਮੱਸਿਆ

ਆਓ ਇਹਨਾਂ ਮੁੱਦਿਆਂ 'ਤੇ ਇੱਕ-ਇੱਕ ਕਰਕੇ ਚਰਚਾ ਕਰੀਏ।

### 5.2.1 ਸਰੋਤਾਂ ਦੀ ਵੰਡ

ਅਰਥਵਿਵਸਥਾ ਤਿੰਨ ਬੁਨਿਆਦੀ ਆਰਥਿਕ ਸਮੱਸਿਆਵਾਂ ਦਾ ਵੀ ਸਾਹਮਣਾ ਕਰਦੀ ਹੈ:

1. ਕਿਹੜੀਆਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਣਾ ਚਾਹੀਦਾ ਹੈ ਅਤੇ ਕਿੰਨੀ ਮਾਤਰਾ ਵਿੱਚ?
2. ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਿਵੇਂ ਕੀਤਾ ਜਾਵੇ?
3. ਵਸਤਾਂ ਅਤੇ ਸੇਵਾਵਾਂ ਕਿਸ ਲਈ ਪੈਦਾ ਕੀਤੀਆਂ ਜਾਣ?

**ਕਿਹੜੀਆਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਵੇਗਾ?** ਕਿੰਨੀ ਮਾਤਰਾ ਵਿੱਚ ਕੀਤਾ ਜਾਵੇਗਾ? ਹਰ ਸਮਾਜ ਨੂੰ ਚੋਣ ਦੀ ਇੱਕੋ ਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ; ਹਾਲਾਂਕਿ ਤਰਜੀਹਾਂ ਵੱਖਰੀਆਂ ਹੋ ਸਕਦੀਆਂ ਹਨ। ਘੱਟ ਵਿਕਸਤ ਅਰਥਵਿਵਸਥਾਵਾਂ ਵਿੱਚ ਚੋਣ ਭੋਜਨ ਫਸਲਾਂ ਦੇ ਉਤਪਾਦਨ ਅਤੇ ਸਾਈਕਲਾਂ ਦੇ ਨਿਰਮਾਣ ਪ੍ਰਤੀ ਹੋ ਸਕਦੀ ਹੈ। ਉੱਨਤ ਅਰਥਵਿਵਸਥਾਵਾਂ ਵਿੱਚ ਵਿਕਲਪ ਵਧੇਰੇ ਸ਼ਾਪਿੰਗ ਮਾਲ ਬਣਾਉਣ ਜਾਂ ਵਧੇਰੇ ਕਾਰਾਂ ਬਣਾਉਣ ਬਾਰੇ ਹੋ ਸਕਦਾ ਹੈ।

**ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਿਵੇਂ ਕੀਤਾ ਜਾਵੇਗਾ?** ਇਹ ਉਸ ਵਿਧੀ ਨਾਲ ਸਬੰਧਤ ਹੈ ਜਿਸ ਦੁਆਰਾ ਇਹ ਪੈਦਾ ਕੀਤੇ ਜਾਣੇ ਹਨ? ਇੱਕ ਵਾਰ ਪੈਦਾ ਕੀਤੀਆਂ ਜਾਣ ਵਾਲੀਆਂ ਵਸਤਾਂ ਦਾ ਫੈਸਲਾ ਹੋ ਜਾਣ ਤੋਂ ਬਾਅਦ, ਉਹਨਾਂ ਨੂੰ ਕਿਵੇਂ ਪੈਦਾ ਕਰਨਾ ਹੈ ਇਸ ਦੀ ਸਮੱਸਿਆ ਹੈ। ਕਿਹੜੇ ਸੰਦਾਂ ਦੀ ਲੋੜ ਹੈ, ਕਿੰਨੀ ਜ਼ਮੀਨ ਅਤੇ ਕਿੰਨੇ ਮਜ਼ਦੂਰਾਂ ਦੀ ਲੋੜ ਹੈ। ਵਸਤਾਂ ਬਣਾਉਣ ਦੇ ਕਈ ਤਰੀਕੇ ਹਨ। ਉਦਾਹਰਨ ਲਈ, ਕੱਪੜੇ ਜ਼ਿਆਦਾ ਮਜ਼ਦੂਰੀ ਅਤੇ ਘੱਟ ਮਸ਼ੀਨਾਂ ਜਾਂ ਜ਼ਿਆਦਾ ਮਸ਼ੀਨਾਂ ਅਤੇ ਘੱਟ ਮਜ਼ਦੂਰੀ ਦੁਆਰਾ ਤਿਆਰ ਕੀਤੇ ਜਾ ਸਕਦੇ ਹਨ। ਜੇਕਰ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਵਧੇਰੇ ਕਿਰਤ ਅਤੇ ਘੱਟ ਪੂੰਜੀ ਲਗਾ ਕੇ ਕੀਤਾ ਜਾਂਦਾ ਹੈ, ਤਾਂ ਇਸਨੂੰ ਉਤਪਾਦਨ ਦੀ ਕਿਰਤ ਤੀਬਰ ਵਿਧੀ ਵਜੋਂ ਜਾਣਿਆ ਜਾਂਦਾ ਹੈ। ਜੇ ਵਸਤਾਂ ਅਤੇ ਸੇਵਾਵਾਂ

ਦਾ ਉਤਪਾਦਨ ਵਧੇਰੇ ਪੂੰਜੀ (ਮਸ਼ੀਨਰੀ ਆਦਿ) ਦੁਆਰਾ ਕੀਤਾ ਜਾਂਦਾ ਹੈ, ਤਾਂ ਇਸਨੂੰ ਉਤਪਾਦਨ ਦੀ ਪੂੰਜੀ ਤੀਬਰ ਵਿਧੀ ਕਿਹਾ ਜਾਂਦਾ ਹੈ।

**ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਿਸ ਲਈ ਕੀਤਾ ਜਾਣਾ ਹੈ?** ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਦਾ ਆਨੰਦ ਅਤੇ ਲਾਭ ਕਿਸ ਨੇ ਲੈਣਾ ਹੈ? ਘਾਟ ਕਾਰਨ ਹਰ ਕਿਸੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸੰਭਵ ਨਹੀਂ ਹੈ, ਇਸ ਲਈ ਇਹ ਤੈਅ ਕਰਨਾ ਚਾਹੀਦਾ ਹੈ ਕਿ ਕਿਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ। ਕੀ ਅਰਥਵਿਵਸਥਾ ਨੂੰ ਭੋਜਨ ਦੀਆਂ ਫਸਲਾਂ ਜਾਂ ਵਧੇਰੇ ਕੰਪਿਊਟਰਾਂ ਦਾ ਉਤਪਾਦਨ ਕਰਨਾ ਚਾਹੀਦਾ ਹੈ? ਕਿਸ ਦੀਆਂ ਲੋੜਾਂ ਨੂੰ ਸੰਬੋਧਿਤ ਕੀਤਾ ਜਾਣਾ ਹੈ, ਗਰੀਬ

ਲੋਕ ਜਾਂ ਅਮੀਰ ਲੋਕ? ਕੀ ਹਰ ਕਿਸੇ ਨੂੰ ਪੈਦਾ ਕੀਤੀਆਂ ਕੁੱਲ ਵਸਤਾਂ ਅਤੇ ਸੇਵਾਵਾਂ ਦਾ ਬਰਾਬਰ ਹਿੱਸਾ ਮਿਲਣਾ ਚਾਹੀਦਾ ਹੈ, ਭਾਵੇਂ ਕੁਝ ਲੋਕਾਂ ਨੂੰ ਦੂਜਿਆਂ ਨਾਲੋਂ ਵੱਧ ਹੀ ਜ਼ਰੂਰਤ ਹੋਵੇ? ਇਹ ਸਾਰੇ ਫੈਸਲੇ ਸਮਾਜ ਵਿੱਚ ਆਮਦਨ ਅਤੇ ਦੌਲਤ ਦੀ ਵੰਡ ਨੂੰ ਦਰਸਾਉਂਦੇ ਹਨ।

**ਪਾਠ ਅਧੀਨ ਪ੍ਰਸ਼ਨ 5.2**

1. ਇੱਕ ਕਾਰਨ ਦੱਸੋ ਜੋ ਆਰਥਿਕ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ?
2. ਅਰਥਵਿਵਸਥਾਵਾਂ ਦੀਆਂ ਤਿੰਨ ਕੇਂਦਰੀ ਸਮੱਸਿਆਵਾਂ ਦੇ ਨਾਮ ਦੱਸੋ।

### 5.2.1.1 ਪੂੰਜੀਵਾਦੀ ਅਰਥਵਿਵਸਥਾ ਵਿੱਚ ਸਰੋਤ ਵੰਡ

ਪੂੰਜੀਵਾਦੀ ਅਰਥਵਿਵਸਥਾ ਇੱਕ ਆਰਥਿਕ ਪ੍ਰਣਾਲੀ ਹੈ ਜਿਸ ਵਿੱਚ ਉਤਪਾਦਨ ਦੇ ਕਾਰਕ ਨਿੱਜੀ ਤੌਰ 'ਤੇ ਹੁੰਦੇ ਹਨ ਅਤੇ ਵੱਧ ਤੋਂ ਵੱਧ ਲਾਭ ਕਮਾਉਣ ਦੇ ਉਦੇਸ਼ ਨਾਲ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਂਦਾ ਹੈ। ਇੱਕ ਪੂੰਜੀਵਾਦੀ (ਮਾਰਕੀਟ-ਆਧਾਰਿਤ) ਅਰਥਵਿਵਸਥਾ ਵਿੱਚ, ਵਸਤਾਂ ਅਤੇ ਸੇਵਾਵਾਂ ਦੀ ਚੋਣ ਦੀ ਅਗਵਾਈ ਕਰਨ ਲਈ ਕੋਈ ਕੇਂਦਰੀ ਅਧਿਕਾਰੀ ਨਹੀਂ ਹੈ। ਉਤਪਾਦਨ ਵਿਅਕਤੀਆਂ ਦੇ ਹੱਥਾਂ ਵਿੱਚ ਹੈ - ਕਿਸਾਨ, ਨਿਰਮਾਤਾ, ਉਤਪਾਦਕ, ਸੇਵਾ ਪ੍ਰਦਾਤਾ ਅਤੇ ਹੋਰ। ਜ਼ਮੀਨ, ਕਿਰਤ, ਪੂੰਜੀ ਆਦਿ ਸਾਧਨਾਂ ਦੀ ਨਿੱਜੀ ਮਾਲਕੀ ਲੋਕਾਂ ਦੀ ਹੈ। ਇਹ ਸਾਰੇ ਵਿਅਕਤੀ ਬਾਜ਼ਾਰ ਲਈ ਪੈਦਾ ਕਰਦੇ ਹਨ ਅਤੇ ਮੁਨਾਫ਼ੇ ਦੇ ਮਨੋਰਥ ਦੁਆਰਾ ਸੇਧਿਤ ਹੁੰਦੇ ਹਨ। ਉਹ ਸਿਰਫ਼ ਉਹੀ ਵਸਤਾਂ ਤਿਆਰ ਕਰਦੇ ਹਨ ਜਿਨ੍ਹਾਂ ਦੀ ਖਪਤਕਾਰਾਂ ਵੱਲੋਂ ਮੰਗ ਕੀਤੀ ਜਾਂਦੀ ਹੈ। ਉਹ ਸਭ ਤੋਂ ਸਸਤੇ ਤਰੀਕੇ ਨਾਲ ਮਾਲ ਤਿਆਰ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹ ਵੱਧ ਤੋਂ ਵੱਧ ਮੁਨਾਫਾ ਕਮਾ ਸਕਣ। ਉਹ ਉਹਨਾਂ ਚੀਜ਼ਾਂ ਦਾ ਉਤਪਾਦਨ ਨਹੀਂ ਕਰਨਗੇ ਜੋ ਲੋਕ ਨਹੀਂ ਖਰੀਦਦੇ। ਉਹਨਾਂ ਦਾ ਧਿਆਨ ਉਨ੍ਹਾਂ ਵਸਤਾਂ ਦੇ ਉਤਪਾਦਨ ਵੱਲ ਹੈ ਜੋ ਲੋਕ ਖਰੀਦਣਾ ਪਸੰਦ ਕਰਦੇ ਹਨ। ਉਤਪਾਦ ਉਹਨਾਂ ਲੋਕਾਂ ਲਈ ਹਨ ਜੋ ਅਜਿਹੇ ਉਤਪਾਦਾਂ ਦੀ ਮੰਗ ਕਰਦੇ ਹਨ ਅਤੇ ਇਹਨਾਂ ਨੂੰ ਖਰੀਦਣ ਦੀ ਸਮਰੱਥਾ ਰੱਖਦੇ ਹਨ।



ਨੋਟ

ਰਾਜਨ ਇੱਕ ਕਾਰੋਬਾਰੀ ਹੈ ਜੋ ਕਮੀਜ਼ਾਂ ਦਾ ਉਤਪਾਦਨ ਕਰਦਾ ਹੈ। ਉਸ ਨੇ ਮਹਿਸੂਸ ਕੀਤਾ ਕਿ ਉਸ ਦੀਆਂ ਬਹੁਤ ਸਾਰੀਆਂ ਕਮੀਜ਼ਾਂ ਅਣਵਿਕੀਆਂ ਪਈਆਂ ਹਨ। ਉਸਨੇ ਇਹ ਵੀ ਦੇਖਿਆ ਕਿ ਅੱਜਕੱਲ੍ਹ ਨੌਜਵਾਨ ਲੜਕੇ ਅਤੇ ਲੜਕੀਆਂ ਟੀ-ਸ਼ਰਟਾਂ ਪਹਿਨ ਰਹੇ ਹਨ। ਇਹ ਨੌਜਵਾਨ ਅੱਜ-ਕੱਲ੍ਹ ਸ਼ਰਟ ਦੀ ਬਜਾਏ ਟੀ-ਸ਼ਰਟਾਂ 'ਤੇ ਪੈਸਾ ਖਰਚਣ ਲਈ ਤਿਆਰ ਹਨ। ਜਿਵੇਂ ਹੀ ਰਾਜਨ ਦਾ ਮੁਨਾਫਾ ਘਟਣਾ ਸ਼ੁਰੂ ਹੋ ਗਿਆ ਹੈ, ਉਸਨੇ ਕਮੀਜ਼ਾਂ ਦੀ ਬਜਾਏ ਟੀ-ਸ਼ਰਟਾਂ ਬਣਾਉਣ ਦਾ ਫੈਸਲਾ ਕੀਤਾ। ਕਿਉਂਕਿ ਉਸਦੇ ਸਰੋਤ ਸੀਮਤ ਹਨ, ਉਹ ਨੌਜਵਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਆਪਣੇ ਸਰੋਤਾਂ ਨੂੰ ਟੀ-ਸ਼ਰਟਾਂ ਦੇ ਉਤਪਾਦਨ ਵੱਲ ਮੋੜ ਲੈਂਦਾ ਹੈ। ਰਾਜਨ ਹੁਣ 2 ਸਿਲਾਈ ਮਸ਼ੀਨਾਂ ਅਤੇ ਆਪਣੇ ਸਾਰੇ 10 ਕਾਮਿਆਂ ਨੂੰ ਰੁਜ਼ਗਾਰ ਦੇ ਕੇ ਟੀ-ਸ਼ਰਟਾਂ ਤਿਆਰ ਕਰ ਸਕਦਾ ਹੈ। ਇਸ ਪ੍ਰਕਿਰਿਆ ਦੁਆਰਾ ਹਰੇਕ ਟੀ-ਸ਼ਰਟ ਦੀ ਕੀਮਤ ਉਸ ਨੂੰ 100/ ਰੁਪਏ ਹੋਵੇਗੀ। ਰਾਜਨ ਲਈ ਇੱਕ ਹੋਰ ਵਿਕਲਪ 5 ਮਸ਼ੀਨਾਂ ਅਤੇ ਸਿਰਫ 8 ਕਰਮਚਾਰੀਆਂ ਦੀ ਵਰਤੋਂ ਕਰਕੇ ਟੀ-ਸ਼ਰਟਾਂ ਤਿਆਰ ਕਰਨਾ ਹੈ, ਇਸ ਸਥਿਤੀ ਵਿੱਚ ਟੀ-ਸ਼ਰਟ ਦੀ ਕੀਮਤ 125 ਰੁਪਏ ਹੋਵੇਗੀ। ਰਾਜਨ ਪਹਿਲਾ ਅਤੇ ਸਸਤਾ ਤਰੀਕਾ ਚੁਣੇਗਾ ਕਿਉਂਕਿ ਉਹ ਆਪਣੀਆਂ ਟੀ-ਸ਼ਰਟਾਂ ਵੇਚ ਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਚਾਹੁੰਦਾ ਹੈ। ਹੁਣ ਰਾਜਨ ਦੀਆਂ ਟੀ-ਸ਼ਰਟਾਂ ਨੌਜਵਾਨਾਂ ਵਿੱਚ ਬਹੁਤ ਮਸ਼ਹੂਰ ਹਨ। ਉਹ ਹੁਣ ਉਸ ਤੋਂ ਵੱਧ ਮੁਨਾਫਾ ਕਮਾਉਂਦਾ ਹੈ ਜੋ ਉਹ ਕਮੀਜ਼ਾਂ ਦਾ ਉਤਪਾਦਨ ਕਰਦੇ ਸਮੇਂ ਕਮਾ ਰਿਹਾ ਸੀ। ਉਹ ਨੌਜਵਾਨ ਜੋ 100 ਰੁਪਏ ਦਾ ਭੁਗਤਾਨ ਕਰ ਸਕਦੇ ਹਨ, ਉਹ ਸਾਰੇ ਰਾਜਨ ਦੁਆਰਾ ਤਿਆਰ ਕੀਤੀਆਂ ਟੀ-ਸ਼ਰਟਾਂ ਪਹਿਨਦੇ ਹਨ।

ਇਸ ਤਰ੍ਹਾਂ, ਪੂੰਜੀਵਾਦੀ ਆਰਥਿਕ ਪ੍ਰਣਾਲੀ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਹੇਠਾਂ ਦਿੱਤੀਆਂ ਗਈਆਂ ਹਨ:

- ਸਿਰਫ਼ ਉਹੀ ਵਸਤਾਂ ਅਤੇ ਸੇਵਾਵਾਂ ਪੈਦਾ ਕੀਤੀਆਂ ਜਾਂਦੀਆਂ ਹਨ ਜੋ ਖਪਤਕਾਰ ਚਾਹੁੰਦੇ ਹਨ।
- ਵਸਤਾਂ ਦੀ ਵੱਧ ਤੋਂ ਵੱਧ ਮਾਤਰਾ ਪ੍ਰਤੀ ਯੂਨਿਟ ਘੱਟੋ-ਘੱਟ ਲਾਗਤ 'ਤੇ ਪੈਦਾ ਕੀਤੀ ਜਾਂਦੀ ਹੈ।
- ਵਸਤਾਂ ਅਤੇ ਸੇਵਾਵਾਂ ਹਰ ਉਸ ਵਿਅਕਤੀ ਲਈ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਉਹਨਾਂ ਲਈ ਭੁਗਤਾਨ ਕਰ ਸਕਦਾ ਹੈ।

### 5.2.1.2 ਯੋਜਨਾਬੱਧ ਆਰਥਿਕ ਪ੍ਰਣਾਲੀ ਵਿੱਚ ਸਰੋਤ ਵੰਡ

ਇੱਕ ਯੋਜਨਾਬੱਧ ਆਰਥਿਕ ਪ੍ਰਣਾਲੀ ਵਿੱਚ, ਸਰਕਾਰ ਦੀ ਇੱਕ ਕੇਂਦਰੀ ਯੋਜਨਾ ਅਥਾਰਟੀ ਹੁੰਦੀ ਹੈ ਜੋ ਇਹ ਫੈਸਲਾ ਕਰਦੀ ਹੈ ਕਿ ਕੀ ਪੈਦਾ ਕਰਨਾ ਹੈ, ਕਿਵੇਂ ਪੈਦਾ ਕਰਨਾ ਹੈ ਅਤੇ ਕਿਸ ਲਈ ਪੈਦਾ ਕਰਨਾ ਹੈ। ਯੋਜਨਾ ਅਥਾਰਟੀ ਉਤਪਾਦਨ ਦੇ ਟੀਚੇ ਨਿਰਧਾਰਤ ਕਰਦੀ ਹੈ। ਸਰਕਾਰ ਟੀਚੇ ਤੈਅ ਕਰਦੀ ਹੈ ਅਤੇ ਫਰਮਾਂ ਟੀਚਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਜਦੋਂ ਟੀਚਿਆਂ 'ਤੇ ਸਮਝੌਤਾ ਹੁੰਦਾ ਹੈ, ਤਾਂ ਫਰਮਾਂ ਉਤਪਾਦਨ ਸ਼ੁਰੂ ਕਰਦੀਆਂ ਹਨ। ਇਹ ਮਾਰਕੀਟ ਅਰਥਵਿਵਸਥਾਵਾਂ ਦੇ ਉਲਟ ਹੈ, ਜਿੱਥੇ ਪੈਸੇ ਵਾਲੇ ਲੋਕ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ ਅਤੇ ਜਿਨ੍ਹਾਂ ਲੋਕਾਂ ਕੋਲ ਪੈਸਾ ਨਹੀਂ ਹੈ, ਉਹ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਚੀਜ਼ਾਂ ਖਰੀਦਣ ਦੇ ਸਮਰੱਥ ਨਹੀਂ ਹਨ। ਇੱਕ ਯੋਜਨਾਬੱਧ ਪ੍ਰਣਾਲੀ ਵਿੱਚ, ਸਰਕਾਰ ਚਾਹੁੰਦੀ ਹੈ ਕਿ ਹਰ ਕੋਈ ਬਰਾਬਰ ਹੋਵੇ। ਉਹ, ਉਹ ਚੀਜ਼ਾਂ ਪੈਦਾ ਕਰਦੇ ਹਨ ਜਿਸਦੀ ਹਰ ਕਿਸੇ ਨੂੰ ਲੋੜ ਹੁੰਦੀ ਹੈ ਅਤੇ ਹਰ ਕਿਸੇ ਦੁਆਰਾ ਇਸ ਨੂੰ ਬਰਾਬਰ ਸਾਂਝਾ ਕੀਤਾ ਜਾ ਸਕਦਾ ਹੈ। ਅਜਿਹਾ ਨਹੀਂ ਹੈ ਕਿ ਜੋ ਲੋਕ ਖਰੀਦਣ ਦੇ ਸਮਰੱਥ ਹਨ, ਉਨ੍ਹਾਂ ਕੋਲ ਜ਼ਿਆਦਾ ਵੀ ਹੋ ਸਕਦਾ ਹੈ। ਘੱਟੋ-ਘੱਟ ਸਿਹਤ ਅਤੇ ਸਿੱਖਿਆ, ਸੜਕਾਂ ਅਤੇ ਰਿਹਾਇਸ਼ ਵਰਗੀਆਂ ਸੇਵਾਵਾਂ ਦੇ ਮਾਮਲੇ ਵਿੱਚ, ਹਰੇਕ ਨੂੰ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ, ਚਾਹੇ ਉਨ੍ਹਾਂ ਦੀ ਸਮਰੱਥਾ ਕੁਝ ਵੀ ਹੋਵੇ। ਇਸ ਤਰ੍ਹਾਂ ਯੋਜਨਾਬੱਧ ਅਰਥਵਿਵਸਥਾਵਾਂ ਦੇ ਮਾਮਲੇ ਵਿੱਚ, ਸਰਕਾਰ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨ ਦਾ ਫੈਸਲਾ ਕਰਦੀ ਹੈ ਜੋ ਉਹ ਸੋਚਦੀ ਹੈ ਕਿ ਲੋਕਾਂ ਕੋਲ ਹੋਣੀਆਂ ਚਾਹੀਦੀਆਂ ਹਨ ਨਾ ਕਿ ਲੋਕ ਜੋ ਸੋਚਦੇ ਹਨ ਕਿ ਉਨ੍ਹਾਂ ਕੋਲ ਹੋਣਾ ਚਾਹੀਦਾ ਹੈ। ਇਸ ਤਰ੍ਹਾਂ, ਸਰਕਾਰ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਦੀ ਹੈ।

ਜਿਵੇਂ ਕਿ ਸਰਕਾਰ ਵੱਖ-ਵੱਖ ਵਸਤਾਂ ਦਾ ਉਤਪਾਦਨ ਅਤੇ ਉਨ੍ਹਾਂ ਦੀ ਮਾਤਰਾ ਨਿਰਧਾਰਤ ਕਰਦੀ ਹੈ, ਇਹ ਸੰਭਵ ਹੈ ਕਿ ਸਰਕਾਰ ਸਕੂਟਰ ਅਤੇ ਟਰੈਕਟਰ ਜ਼ਿਆਦਾ ਪੈਦਾ ਕਰੇ ਜਦੋਂ ਕਿ ਖਪਤਕਾਰ ਕਾਰ ਦੀ ਮੰਗ ਕਰਦੇ ਹਨ। ਉਤਪਾਦਨ ਕਿਵੇਂ ਕਰਨਾ ਹੈ, ਇਸ ਬਾਰੇ ਕੇਂਦਰੀ ਯੋਜਨਾ



ਨੋਟ

ਅਥਾਰਟੀ ਬਹੁਤ ਸਾਰੀਆਂ ਚੀਜ਼ਾਂ ਦੀ ਕੀਮਤ ਦਾ ਹਿਸਾਬ ਨਹੀਂ ਲਗਾ ਸਕਦੀ ਹੈ ਅਤੇ ਇਹ ਖ਼ਤਰਾ ਹੈ ਕਿ ਸਰੋਤਾਂ ਦੀ ਵੰਡ ਆਦਰਸ਼ਕ ਢੰਗ ਨਾਲ ਨਾ ਹੋਵੇ। ਸਮਾਜਵਾਦੀ ਅਰਥਵਿਵਸਥਾ ਲੋਕਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਕਿ ਭੋਜਨ, ਕੱਪੜਾ ਅਤੇ ਮਕਾਨ ਦੀਆਂ ਜ਼ਰੂਰਤਾਂ ਨੂੰ ਸੰਤੁਸ਼ਟ ਕਰਨ ਦੇ ਆਧਾਰ 'ਤੇ 'ਕਿਸ ਲਈ ਉਤਪਾਦਨ ਕੀਤਾ ਜਾਵੇ' ਸਮੱਸਿਆ ਨੂੰ ਹੱਲ ਕਰਦੀ ਹੈ। ਸਾਰਿਆਂ ਨਾਲ ਇੱਕੋ ਜਿਹਾ ਵਿਹਾਰ ਕੀਤਾ ਜਾਂਦਾ ਹੈ ਅਤੇ ਕਿਸੇ ਨੂੰ ਵੀ ਦੂਜੇ ਉੱਤੇ ਪਹਿਲ ਨਹੀਂ ਮਿਲਦੀ। ਹਾਲਾਂਕਿ ਇਹ ਕਿਹਾ ਜਾਂਦਾ ਹੈ ਕਿ ਯੋਜਨਾਬੱਧ ਆਰਥਿਕ ਪ੍ਰਣਾਲੀ ਸਭ ਤੋਂ ਆਦਰਸ਼ ਤਰੀਕੇ ਨਾਲ ਸਰੋਤਾਂ ਦੀ ਵੰਡ ਨਹੀਂ ਕਰਦੀ ਕਿਉਂਕਿ ਇਹ ਲੋਕਾਂ ਦੀ ਪਸੰਦ ਅਤੇ

ਤਰਜੀਹ 'ਤੇ ਆਧਾਰਿਤ ਨਹੀਂ ਹੈ। ਇਹ ਸਰਕਾਰ ਦੇ ਫੈਸਲੇ 'ਤੇ ਆਧਾਰਿਤ ਹੈ। ਹਾਲਾਂਕਿ, ਪ੍ਰਣਾਲੀ ਸਮਾਜ ਭਲਾਈ ਦੇ ਸਿਧਾਂਤ 'ਤੇ ਆਧਾਰਿਤ ਹੈ।

### 5.2.1.3 ਮਿਸ਼ਰਤ ਅਰਥਵਿਵਸਥਾ ਵਿੱਚ ਸਰੋਤ ਵੰਡ

ਮਿਸ਼ਰਤ ਆਰਥਿਕ ਪ੍ਰਣਾਲੀ ਸਰਕਾਰੀ ਯੋਜਨਾਬੰਦੀ ਨੂੰ ਮੁਕਤ ਬਾਜ਼ਾਰ ਦੀ ਆਰਥਿਕਤਾ ਨਾਲ ਜੋੜਦੀ ਹੈ। ਦੁਨੀਆ ਦੀ ਕੋਈ ਵੀ ਅਰਥਵਿਵਸਥਾ ਪੂਰੀ ਤਰ੍ਹਾਂ ਕੇਂਦਰੀ ਯੋਜਨਾਬੱਧ ਜਾਂ ਪੂਰੀ ਤਰ੍ਹਾਂ ਬਾਜ਼ਾਰ-ਮੁਖੀ ਨਹੀਂ ਹੈ। ਅੱਜ ਬਹੁਤੀਆਂ ਅਰਥਵਿਵਸਥਾਵਾਂ ਮਿਸ਼ਰਤ ਅਰਥਵਿਵਸਥਾਵਾਂ ਹਨ। ਮਿਸ਼ਰਤ ਆਰਥਿਕ ਪ੍ਰਣਾਲੀ ਵਿੱਚ ਨਿੱਜੀ ਖੇਤਰ ਦੁਆਰਾ ਪੈਦਾ ਕੀਤੀਆਂ ਜਾਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਚੋਣ ਮੁਨਾਫੇ ਦੇ ਉਦੇਸ਼ ਦੇ ਆਧਾਰ 'ਤੇ ਨਿਰਭਰ ਕਰਦੀ ਹੈ। ਸਰਕਾਰ ਦੁਆਰਾ ਪੈਦਾ ਕੀਤੀਆਂ ਜਾਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਚੋਣ ਲੋਕਾਂ ਦੀਆਂ ਲੋੜਾਂ ਅਤੇ ਲੋੜਾਂ ਦੇ ਆਧਾਰ 'ਤੇ ਨਿਰਭਰ ਕਰਦੀ ਹੈ। ਇਹ ਉਤਪਾਦਨ ਦੀ ਕੁਸ਼ਲਤਾ ਨੂੰ ਵੰਡ ਦੇ ਨਿਆਂ ਨਾਲ ਜੋੜਦਾ ਹੈ; ਸਰਕਾਰ ਕੋਲ ਵਸਤਾਂ ਅਤੇ ਸੇਵਾਵਾਂ ਪੈਦਾ ਕਰਨ ਲਈ ਬਹੁਤ ਘੱਟ ਸਰੋਤ ਹਨ ਜਿਨ੍ਹਾਂ ਦੀ ਉਹ ਆਪਣੇ ਦੇਸ਼ ਅਤੇ ਲੋਕਾਂ ਨੂੰ ਲੋੜ ਹੈ। ਨਿੱਜੀ ਖੇਤਰ ਦੇ ਲੋਕ ਅਤੇ ਫਰਮਾਂ ਵੀ ਵੱਧ ਤੋਂ ਵੱਧ ਪੈਸਾ ਕਮਾਉਣ ਦੇ ਉਦੇਸ਼ ਨਾਲ ਕੁਝ ਸੀਮਤ ਸਰੋਤਾਂ ਦੇ ਮਾਲਕ ਹਨ। ਇਸ ਤਰ੍ਹਾਂ, ਮਿਸ਼ਰਤ ਆਰਥਿਕ ਪ੍ਰਣਾਲੀ ਬਾਜ਼ਾਰ ਆਰਥਿਕ ਪ੍ਰਣਾਲੀ ਦੇ ਫਾਇਦਿਆਂ ਨੂੰ ਯੋਜਨਾਬੱਧ ਆਰਥਿਕ ਪ੍ਰਣਾਲੀ ਦੇ ਫਾਇਦਿਆਂ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ।

### ਪਾਠ ਅਧੀਨ ਪ੍ਰਸ਼ਨ 5.3

1. ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਦਾ ਮੁੱਖ ਉਦੇਸ਼ ਕੀ ਹੈ:

   (ੳ) ਬਾਜ਼ਾਰ ਅਰਥਵਿਵਸਥਾ ਵਿੱਚ

   (ਅ) ਯੋਜਨਾਬੱਧ ਅਰਥਵਿਵਸਥਾ ਵਿੱਚ

2. ਬਾਜ਼ਾਰ ਅਰਥਵਿਵਸਥਾ ਵਿੱਚ ਵਸਤਾਂ ਦਾ ਉਤਪਾਦਨ ਕਿਸ ਲਈ ਕੀਤਾ ਜਾਂਦਾ ਹੈ?

ਅਸੀਂ ਚਰਚਾ ਕੀਤੀ ਹੈ ਕਿ ਕੁੱਲ ਵਸੀਲੇ ਸੀਮਤ ਹੁੰਦੇ ਹਨ ਅਤੇ ਸਰੋਤ ਵੱਖ-ਵੱਖ ਵਸਤਾਂ ਪੈਦਾ ਕਰਨ ਦੇ ਸਮਰੱਥ ਹਨ। ਕੀ ਪੈਦਾ ਕਰਨਾ ਹੈ ਅਤੇ ਕਿੰਨਾ ਕਰਨਾ ਹੈ, ਇਹ ਫੈਸਲਾ ਕਰਨ ਵਿੱਚ, ਅਰਥਚਾਰੇ ਨੂੰ ਹਜ਼ਾਰਾਂ ਵੱਖ-ਵੱਖ ਸੰਭਾਵਿਤ ਵਸਤਾਂ ਵਿੱਚ ਸਰੋਤਾਂ ਦੀ ਵੰਡ ਬਾਰੇ ਫੈਸਲੇ ਲੈਣੇ ਪੈਂਦੇ ਹਨ। ਮੰਨ ਲਓ ਕਿ ਅਰਥਚਾਰਾ ਸਿਰਫ਼ ਦੋ ਵਸਤਾਂ ਦਾ ਉਤਪਾਦਨ ਕਰ ਰਿਹਾ ਹੈ- ਕਣਕ ਅਤੇ ਸਾਈਕਲ। ਕੁੱਲ ਵਸੀਲਿਆਂ ਦੀ ਸੀਮਾ ਨਾਲ ਜੇਕਰ ਸਾਰੇ ਸਾਧਨਾਂ ਦੀ ਵਰਤੋਂ ਕਣਕ ਦੀ ਪੈਦਾਵਾਰ ਵਿੱਚ ਕੀਤੀ ਜਾਵੇ ਤਾਂ 20 ਕੁਇੰਟਲ ਕਣਕ ਪੈਦਾ ਹੋ ਸਕਦੀ ਹੈ ਅਤੇ ਸਾਈਕਲ ਦਾ ਉਤਪਾਦਨ ਨਹੀਂ ਹੋਵੇਗਾ। ਜੇਕਰ ਵੱਧ ਤੋਂ ਵੱਧ ਸਾਧਨਾਂ ਨੂੰ ਸਾਈਕਲਾਂ ਦੇ ਉਤਪਾਦਨ ਵੱਲ ਮੋੜਿਆ ਜਾ ਰਿਹਾ ਹੈ, ਤਾਂ ਕਣਕ ਦੀ ਪੈਦਾਵਾਰ ਲਈ ਬਹੁਤ ਘੱਟ ਰਕਮ ਬਚੇਗੀ। ਇਸੇ ਤਰ੍ਹਾਂ ਜੇਕਰ ਸਾਰੇ ਸਾਧਨ ਸਾਈਕਲਾਂ ਦੇ ਉਤਪਾਦਨ ਵਿੱਚ ਵਰਤੇ ਜਾਣ ਤਾਂ 100 ਸਾਈਕਲ ਪੈਦਾ ਕੀਤੇ ਜਾ ਸਕਦੇ ਹਨ ਅਤੇ ਕਣਕ ਦੀ ਪੈਦਾਵਾਰ ਲਈ ਕੋਈ ਵਸੀਲਾ ਨਹੀਂ ਬਚੇਗਾ।

**ਸਾਰਣੀ 1: ਉਤਪਾਦਨ ਦੀਆਂ ਸੰਭਾਵਨਾਵਾਂ**

| ਉਤਪਾਦਨ ਦੀਆਂ ਸੰਭਾਵਨਾਵਾਂ | ਕਣਕ (ਕੁਇੰਟਲ) | ਸਾਈਕਲ |
|---|---|---|
| ੳ | 20 | 0 |
| ਅ | 8 | 30 |
| ੲ | 5 | 60 |
| ਸ | 2 | 75 |
| ਹ | 0 | 100 |

ਉਪਰੋਕਤ ਸਾਰਣੀ ਦੋ ਵਸਤਾਂ , ਕਣਕ ਅਤੇ ਸਾਈਕਲਾਂ ਦੇ ਵੱਖੋ-ਵੱਖਰੇ ਸੰਜੋਗਾਂ ਦੀਆਂ ਕੁਝ ਉਤਪਾਦਨ ਸੰਭਾਵਨਾਵਾਂ ਦੀ ਉਦਾਹਰਨ ਦਿਖਾਉਂਦੀ ਹੈ। ਸਿਰਫ਼ ਪੰਜ ਸੰਭਾਵਨਾਵਾਂ ਹਨ। ਹੋਰ ਵੀ ਬਹੁਤ ਸਾਰੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ। ਜੇ ਕਣਕ ਦੀ ਕੁਝ ਮਾਤਰਾ ਛੱਡ ਦਿੱਤੀ

ਜਾਵੇ, ਤਾਂ ਸਾਡੇ ਕੋਲ ਸਾਈਕਲਾਂ ਦੀ ਵਧੇਰੇ ਮਾਤਰਾ ਹੋ ਸਕਦੀ ਹੈ; ਜੇਕਰ ਕੁਝ ਸਾਈਕਲ ਛੱਡ ਦਿੱਤੇ ਜਾਣ ਤਾਂ ਕਣਕ ਦੀ ਵਧੇਰੇ ਪੈਦਾਵਾਰ ਹੋ ਸਕਦੀ ਹੈ। ਇਸ ਲਈ ਵਿਕਲਪਿਕ ਉਤਪਾਦਨ ਦੀਆਂ ਸੰਭਾਵਨਾਵਾਂ ਪ੍ਰਾਪਤ ਕਰਨ ਲਈ ਦੁਰਲੱਭ ਸਰੋਤਾਂ ਨੂੰ ਵੱਖ-ਵੱਖ ਸੰਜੋਗਾਂ ਵਿੱਚ ਲਗਾਇਆ ਜਾਂਦਾ ਹੈ।



ਨੋਟ

### 5.2.2 ਸਰੋਤਾਂ ਦੀ ਪੂਰੀ ਵਰਤੋਂ

ਆਰਥਿਕਤਾ ਦੀ ਦੂਜੀ ਕੇਂਦਰੀ ਸਮੱਸਿਆ ਸਰੋਤਾਂ - ਜ਼ਮੀਨ, ਕਿਰਤ, ਪੂੰਜੀ ਦੀ ਪੂਰੀ ਵਰਤੋਂ ਨਾਲ ਸਬੰਧਤ ਹੈ। ਤੁਸੀਂ ਦੇਖਿਆ ਹੈ ਕਿ ਤੁਸੀਂ ਕੁਝ ਮਾਤਰਾ ਵਿੱਚ ਕਣਕ ਦਾ ਤਿਆਗ ਕਰਕੇ ਸਾਈਕਲਾਂ ਦੀ ਜ਼ਿਆਦਾ ਮਾਤਰਾ ਲੈ ਸਕਦੇ ਹੋ। ਜੇਕਰ ਅਰਥਵਿਵਸਥਾ ਦੇ ਸਾਰੇ ਸਾਧਨ ਪੂਰੀ ਤਰ੍ਹਾਂ ਨਾਲ ਕੰਮ 'ਤੇ ਹਨ, ਤਾਂ ਇੱਕ ਵਸਤੂ ਦੀ ਮਾਤਰਾ ਦੂਜੀ ਦੀ ਕੁਝ ਮਾਤਰਾ ਨੂੰ ਛੱਡ ਕੇ ਹੀ ਵਧਾਈ ਜਾ ਸਕਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਉਤਪਾਦਨ ਕੁਸ਼ਲਤਾ ਨਾਲ ਹੁੰਦਾ ਹੈ। ਪਰ ਅਸਲ ਵਿੱਚ, ਜ਼ਿਆਦਾਤਰ ਸਮਾਂ ਉਤਪਾਦਨ ਕੁਸ਼ਲਤਾ ਨਾਲ ਨਹੀਂ ਹੁੰਦਾ। ਸਾਰੇ ਕਾਰਕ ਪੂਰੀ ਤਰ੍ਹਾਂ ਕੰਮ ਨਹੀਂ ਕਰ ਕਰਦੇ ਹਨ ਅਤੇ ਉਤਪਾਦਨ ਅਰਥਵਿਵਸਥਾ ਦੀ ਸਰਵੋਤਮ ਸਮਰੱਥਾ ਤੋਂ ਹੇਠਾਂ ਹੈ। ਤੁਸੀਂ ਆਪਣੇ ਪਰਿਵਾਰ ਦੇ ਕੁਝ ਮੈਂਬਰਾਂ ਜਾਂ ਦੋਸਤਾਂ ਨੂੰ ਜ਼ਰੂਰ ਦੇਖਿਆ ਹੋਵੇਗਾ ਜੋ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਬੇਰੁਜ਼ਗਾਰ ਹਨ। ਇਸੇ ਤਰ੍ਹਾਂ ਸਾਡੀ ਖੇਤੀ ਵਾਲੀ ਜ਼ਮੀਨ ਵਿੱਚ ਅਸੀਂ ਅਜੇ ਵੀ ਸਾਲ ਵਿੱਚ ਸਿਰਫ਼ ਇੱਕ ਫ਼ਸਲ ਹੀ ਉਗਾਉਂਦੇ ਹਾਂ। ਇਹ ਚੰਗਾ ਸੰਕੇਤ ਨਹੀਂ ਹੈ, ਕਿਉਂਕਿ ਸਰੋਤ ਪਹਿਲਾਂ ਹੀ ਘੱਟ ਹਨ। ਜੇਕਰ ਇਨ੍ਹਾਂ ਸੀਮਤ ਸਾਧਨਾਂ ਦੀ ਵੀ ਪੂਰੀ ਵਰਤੋਂ ਨਾ ਕੀਤੀ ਜਾਵੇ ਤਾਂ ਇਹ ਸਾਧਨਾਂ ਦੀ ਬਰਬਾਦੀ ਹੈ। ਇਸ ਲਈ ਇਹ ਯਕੀਨੀ ਬਣਾਉਣਾ ਇੱਕ ਅਰਥਵਿਵਸਥਾ ਦਾ ਫਰਜ਼ ਹੈ ਕਿ ਸੀਮਤ ਵਸੀਲੇ ਅਣਵਰਤੇ ਜਾਂ ਘੱਟ ਵਰਤੇ ਨਾ ਰਹਿਣ।

### 5.2.3 ਸਰੋਤਾਂ ਦਾ ਵਾਧਾ

ਜੇਕਰ ਕਿਰਤ, ਪੂੰਜੀ ਅਤੇ ਤਕਨਾਲੋਜੀ ਵਰਗੇ ਸਰੋਤ ਸਮੇਂ ਦੇ ਨਾਲ ਵਧਦੇ ਹਨ, ਤਾਂ ਘਾਟ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ, ਕਿਸੇ ਵੀ ਅਰਥਵਿਵਸਥਾ ਦੇ ਵਿਕਾਸ ਲਈ, ਆਰਥਿਕਤਾ ਲਈ ਉਪਲੱਬਧ ਸਰੋਤਾਂ ਨੂੰ

ਵਧਣਾ ਚਾਹੀਦਾ ਹੈ। ਇਹ ਕੇਵਲ ਸਰੋਤਾਂ ਦੇ ਪ੍ਰਭਾਵਸ਼ਾਲੀ ਵਿਕਾਸ ਦੁਆਰਾ ਹੀ ਹੈ ਕਿ ਇੱਕ ਸਮਾਜ ਉੱਚ ਪੱਧਰੀ ਜੀਵਨ ਪੱਧਰ ਦਾ ਆਨੰਦ ਮਾਣ ਸਕਦਾ ਹੈ। ਇਸ ਤਰ੍ਹਾਂ ਦੇਸ਼ਾਂ ਦਾ ਵਿਕਾਸ ਹੋਇਆ ਹੈ। ਜੇਕਰ ਸਰੋਤ ਵਾਧਾ ਕਰਨ ਵਿੱਚ ਅਸਫਲ ਰਹੇ ਹਨ, ਤਾਂ ਦੇਸ਼ ਲਗਾਤਾਰ ਪੱਛੜੇ ਹੋਏ ਹਨ। ਇਸ ਲਈ ਅਰਥਵਿਵਸਥਾਵਾਂ ਨੂੰ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਸਰੋਤਾਂ ਵਿੱਚ ਹੌਲੀ-ਹੌਲੀ ਵਾਧਾ ਹੋਵੇ।

**ਪਾਠ ਅਧੀਨ ਪ੍ਰਸ਼ਨ 5.4**

1. ਸਰੋਤਾਂ ਦੀ ਘੱਟ ਵਰਤੋਂ ਦੀ ਇੱਕ ਉਦਾਹਰਣ ਦਿਓ।

2. ਸਰੋਤਾਂ ਦੇ ਵਾਧੇ ਦੀਆਂ ਦੋ ਉਦਾਹਰਣਾਂ ਦਿਓ।

## ਤੁਸੀਂ ਕੀ ਸਿੱਖਿਆ ਹੈ

- 'ਚੋਣ' ਦਾ ਮੁੱਦਾ ਉੱਠਦਾ ਹੈ, ਕਿਉਂਕਿ (ੳ) ਸਰੋਤ ਬਹੁਤ ਘੱਟ ਹਨ ਅਤੇ (ਅ) ਸਰੋਤਾਂ ਨੂੰ ਕਈ ਤਰ੍ਹਾਂ ਦੀ ਵਿਕਲਪਿਕ ਵਰਤੋਂ ਲਈ ਵਰਤਿਆ ਜਾ ਸਕਦਾ ਹੈ।
- ਅਰਥਵਿਵਸਥਾ ਤਿੰਨ ਬੁਨਿਆਦੀ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਦੀ ਹੈ, ਕਿਹੜੀਆਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨਾ ਹੈ, ਕਿਵੇਂ ਉਤਪਾਦਨ ਕਰਨਾ ਹੈ ਅਤੇ ਕਿਸ ਲਈ ਉਤਪਾਦਨ ਕਰਨਾ ਹੈ।
- ਪੂੰਜੀਵਾਦੀ ਅਰਥਵਿਵਸਥਾ ਇੱਕ ਆਰਥਿਕ ਪ੍ਰਣਾਲੀ ਹੈ ਜਿਸ ਵਿੱਚ ਉਤਪਾਦਨ ਦੇ ਕਾਰਕ ਨਿੱਜੀ ਤੌਰ 'ਤੇ ਹੁੰਦੇ ਹਨ ਅਤੇ ਵੱਧ ਤੋਂ ਵੱਧ ਲਾਭ ਕਮਾਉਣ ਦੇ ਉਦੇਸ਼ ਨਾਲ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਂਦਾ ਹੈ।
- ਇੱਕ ਯੋਜਨਾਬੱਧ ਆਰਥਿਕ ਪ੍ਰਣਾਲੀ ਵਿੱਚ, ਸਰਕਾਰ ਦੀ ਇੱਕ ਕੇਂਦਰੀ ਯੋਜਨਾ ਅਥਾਰਟੀ ਹੁੰਦੀ ਹੈ ਜੋ ਇਹ ਫੈਸਲਾ ਕਰਦੀ ਹੈ ਕਿ ਕੀ ਪੈਦਾ ਕਰਨਾ ਹੈ, ਕਿਵੇਂ ਪੈਦਾ ਕਰਨਾ ਹੈ ਅਤੇ ਕਿਸ ਲਈ ਪੈਦਾ ਕਰਨਾ ਹੈ।
- ਇੱਕ ਮਿਸ਼ਰਤ ਆਰਥਿਕ ਪ੍ਰਣਾਲੀ ਸਰਕਾਰੀ ਯੋਜਨਾਬੰਦੀ ਨੂੰ ਖੁੱਲ੍ਹੇ ਬਾਜ਼ਾਰ ਦੀ ਆਰਥਿਕਤਾ ਨਾਲ ਜੋੜਦੀ ਹੈ।
- ਕਿਸੇ ਵੀ ਅਰਥਵਿਵਸਥਾ ਦੇ ਵਿਕਾਸ ਲਈ, ਕਿਰਤ, ਪੂੰਜੀ ਅਤੇ ਤਕਨਾਲੋਜੀ ਵਰਗੇ ਅਰਥਚਾਰੇ ਲਈ ਉਪਲੱਬਧ ਸਾਧਨ ਵਧਣੇ ਚਾਹੀਦੇ ਹਨ।
- ਜੇਕਰ ਅਰਥਵਿਵਸਥਾ ਦੇ ਸਾਰੇ ਸਾਧਨ ਪੂਰੀ ਤਰ੍ਹਾਂ ਨਾਲ ਕੰਮ ਕਰਦੇ ਹਨ, ਤਾਂ ਇੱਕ ਵਸਤੂ ਦੀ ਮਾਤਰਾ ਦੂਜੀ ਦੀ ਮਾਤਰਾ ਨੂੰ ਛੱਡ ਕੇ ਹੀ ਵਧਾਈ ਜਾ ਸਕਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਉਤਪਾਦਨ ਕੁਸ਼ਲਤਾ ਨਾਲ ਹੁੰਦਾ ਹੈ।
- ਜੇਕਰ ਸੀਮਤ ਸਰੋਤਾਂ ਦੀ ਵੀ ਪੂਰੀ ਵਰਤੋਂ ਨਹੀਂ ਕੀਤੀ ਜਾਂਦੀ, ਤਾਂ ਇਹ ਸਾਧਨਾਂ ਦੀ ਬਰਬਾਦੀ ਹੈ। ਇਸ ਲਈ ਇਹ ਯਕੀਨੀ ਬਣਾਉਣਾ ਇੱਕ ਅਰਥਚਾਰੇ ਦਾ ਫਰਜ਼ ਹੈ ਕਿ ਸੀਮਤ ਵਸੀਲੇ ਅਣਵਰਤੇ ਜਾਂ ਘੱਟ ਵਰਤੋਂ ਵਿੱਚ ਨਾ ਰਹਿਣ।

## ਪਾਠ ਦੇ ਅੰਤ ਦੇ ਪ੍ਰਸ਼ਨ

ਪ੍ਰਸ਼ਨ 1 ਅਤੇ ਪ੍ਰਸ਼ਨ 2 ਵਿੱਚੋਂ ਠੀਕ ਉੱਤਰ ਚੁਣੋ

1. ਅਰਥਵਿਵਸਥਾ ਦੀ ਕੇਂਦਰੀ ਸਮੱਸਿਆ ਪੈਦਾ ਹੁੰਦੀ ਹੈ, ਕਿਉਂਕਿ:

    I. ਬਹੁਤ ਸਾਰੀਆਂ ਵਸਤਾਂ ਬਾਜ਼ਾਰ ਵਿੱਚ ਵਿਕਦੀਆਂ ਹਨ



ਨੋਟ

II. ਸਰਕਾਰ ਫੈਸਲੇ ਕਰਦੀ ਹੈ

III. ਮਜ਼ਦੂਰੀ ਦੀ ਘਾਟ

IV. ਲੋੜਾਂ ਦੀ ਬਹੁਲਤਾ ਅਤੇ ਸਰੋਤਾਂ ਦੀ ਘਾਟ

2. ਚੋਣ ਆਰਥਿਕ ਵਿਵਹਾਰ ਲਈ ਬੁਨਿਆਦੀ ਹੈ, ਕਿਉਂਕਿ:

I. ਲੋਕਾਂ ਨੂੰ ਉਹ ਚੁਣਨਾ ਔਖਾ ਲੱਗਦਾ ਹੈ ਜੋ ਉਹ ਚਾਹੁੰਦੇ ਹਨ

II. ਲੋਕਾਂ ਦੀਆਂ ਇੱਛਾਵਾਂ ਦੇ ਸਬੰਧ ਵਿੱਚ ਸਰੋਤ ਬਹੁਤ ਘੱਟ ਹਨ

III. ਲੋਕ ਤਰਕਸ਼ੀਲ ਵਿਵਹਾਰ ਕਰਦੇ ਹਨ

IV. ਕਿਸੇ ਵਸਤੂ ਦੀ ਕੀਮਤ ਚੋਣ 'ਤੇ ਨਿਰਭਰ ਕਰਦੀ ਹੈ

3. ਘਾਟ ਅਤੇ ਚੋਣ ਕਿਵੇਂ ਇਕੱਠੇ ਚੱਲਦੇ ਹਨ? ਵਿਆਖਿਆ ਕਰੋ।

4. ਇਹ ਕਿਉਂ ਕਿਹਾ ਜਾਂਦਾ ਹੈ ਕਿ ਖੁੱਲ੍ਹੇ ਬਾਜ਼ਾਰ ਦੀ ਅਰਥਵਿਵਸਥਾ ਸਰੋਤਾਂ ਦੀ ਸਭ ਤੋਂ ਕੁਸ਼ਲ ਵੰਡ ਨੂੰ ਯਕੀਨੀ ਬਣਾਉਂਦੀ ਹੈ?

5. ਹਰੇਕ ਦੀ ਇੱਕ ਢੁਕਵੀਂ ਉਦਾਹਰਣ ਦੇ ਨਾਲ ਤਿੰਨ ਕੇਂਦਰੀ ਸਮੱਸਿਆਵਾਂ ਦੀ ਵਿਆਖਿਆ ਕਰੋ।

## ਪਾਠ ਅਧੀਨ ਪ੍ਰਸ਼ਨ 5.2 ਦੇ ਉੱਤਰ

1. ਸਰੋਤਾਂ ਦੀ ਕਮੀ।

2. (i) ਕੀ ਪੈਦਾ ਕਰਨਾ ਹੈ, (ii) ਕਿਵੇਂ ਪੈਦਾ ਕਰਨਾ ਹੈ, (iii) ਕਿਸ ਲਈ ਪੈਦਾ ਕਰਨਾ ਹੈ।

## ਪਾਠ ਅਧੀਨ ਪ੍ਰਸ਼ਨ 5.3 ਦੇ ਉੱਤਰ

1. (i) ਮੁਨਾਫੇ ਦਾ ਮਨੋਰਥ।

(ii) ਜਨਤਾ ਦੀਆਂ ਇੱਛਾਵਾਂ ਦੀ ਸੰਤੁਸ਼ਟੀ ਲਈ।

2. ਜੋ ਇਨ੍ਹਾਂ ਲਈ ਭੁਗਤਾਨ ਕਰ ਸਕਦੇ ਹਨ?

## ਪਾਠ ਅਧੀਨ ਪ੍ਰਸ਼ਨ 5.4 ਦੇ ਉੱਤਰ

1. ਮਜ਼ਦੂਰਾਂ ਦੀ ਬੇਰੁਜ਼ਗਾਰੀ।

2. ਆਬਾਦੀ ਦੇ ਵਾਧੇ ਨਾਲ ਕੁਸ਼ਲ ਅਤੇ ਅਕੁਸ਼ਲ ਕਾਮਿਆਂ ਦੀ ਗਿਣਤੀ ਵਿੱਚ ਵਾਧਾ।





# 6

# ਮੁੱਢਲੀਆਂ ਆਰਥਿਕ ਗਤੀਵਿਧੀਆਂ

ਉਤਪਾਦਨ, ਖਪਤ ਅਤੇ ਪੂੰਜੀ ਨਿਰਮਾਣ ਨੂੰ ਕਿਸੇ ਆਰਥਿਕਤਾ ਦੀਆਂ ਬੁਨਿਆਦੀ ਆਰਥਿਕ ਗਤੀਵਿਧੀਆਂ ਕਿਹਾ ਜਾਂਦਾ ਹੈ। ਸਾਡੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਸੰਤੁਸ਼ਟ ਕਰਨ ਦੇ ਉਦੇਸ਼ ਨਾਲ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਦੁਰਲੱਭ ਸਰੋਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਦੀ ਪ੍ਰਕਿਰਿਆ ਜ਼ਮੀਨ, ਮਜ਼ਦੂਰੀ, ਪੂੰਜੀ ਅਤੇ ਉੱਦਮ ਵਰਗੇ ਸਾਧਨਾਂ ਨੂੰ ਜੋੜ ਕੇ ਕੀਤੀ ਜਾਂਦੀ ਹੈ। ਇਹ ਸਾਧਨ ਉਹਨਾਂ ਦੀਆਂ ਉਤਪਾਦਕ ਸੇਵਾਵਾਂ ਲਈ ਕਿਰਾਇਆ, ਮਜ਼ਦੂਰੀ, ਵਿਆਜ ਅਤੇ ਮੁਨਾਫੇ ਦਾ ਭੁਗਤਾਨ ਕਰਦੇ ਹਨ। ਖਪਤ ਦੀ ਗਤੀਵਿਧੀ ਵਿੱਚ ਵਿਅਕਤੀਗਤ ਜਾਂ ਸਮੂਹਿਕ ਮਨੁੱਖੀ ਜ਼ਰੂਰਤਾਂ ਦੀ ਸਿੱਧੀ ਸੰਤੁਸ਼ਟੀ ਲਈ ਵਸਤਾਂ ਅਤੇ ਸੇਵਾਵਾਂ ਦੀ ਵਰਤੋਂ ਸ਼ਾਮਲ ਹੁੰਦੀ ਹੈ। ਮੌਜੂਦਾ ਉਤਪਾਦਨ ਦਾ ਇੱਕ ਹਿੱਸਾ ਭਵਿੱਖ ਵਿੱਚ ਉਤਪਾਦਨ ਦੀ ਸੰਭਾਵਨਾ ਨੂੰ ਵਧਾਉਣ ਲਈ ਹਰ ਸਾਲ ਮੌਜੂਦਾ ਪੂੰਜੀ ਸਟਾਕ ਜਿਵੇਂ ਕਿ ਪਲਾਂਟ, ਮਸ਼ੀਨਰੀ, ਬਿਲਡਿੰਗ ਆਦਿ ਵਿੱਚ ਜੋੜਨ ਲਈ ਭਵਿੱਖ ਲਈ ਬਚਾਇਆ ਜਾਂਦਾ ਹੈ। ਇਸ ਲਈ ਜੋ ਵੀ ਪੈਦਾ ਹੁੰਦਾ ਹੈ ਉਸ ਨੂੰ ਖਪਤ ਜਾਂ ਪੂੰਜੀ ਨਿਰਮਾਣ ਜਾਂ ਦੋਵਾਂ ਲਈ ਵੰਡ ਦਿੱਤ ਜਾਂਦਾ ਹੈ।

## ਉਦੇਸ਼

- ਇਸ ਪਾਠ ਨੂੰ ਪੂਰਾ ਕਰਨ ਤੋਂ ਬਾਅਦ,ਤੁਸੀਂ ਯੋਗ ਹੋਵੋਗੇ:
- ਉਤਪਾਦਨ ਅਤੇ ਇਸਦੇ ਉਦੇਸ਼ਾਂ ਨੂੰ ਸਮਝੋਗੇ;
- ਉਤਪਾਦਨ ਅਤੇ ਸਾਧਨ ਆਮਦਨ ਦੇ ਸਾਧਨਾਂ ਨੂੰ ਜਾਣ ਸਕੋਗੇ;
- ਖਪਤ ਬਾਰੇ ਜਾਣ ਸਕੋਗੇ;
- ਖਪਤ ਲਈ ਪੈਦਾ ਕੀਤੀਆਂ ਵਸਤਾਂ ਤੋਂ ਜਾਣੂ ਹੋਵੋਗੇ;
- ਇਹ ਸਮਝ ਸਕੋਗੇ ਕਿ ਉਤਪਾਦਨ ਅਤੇ ਖਪਤ ਪੂੰਜੀ ਨਿਰਮਾਣ ਵਿੱਚ ਕਿਵੇਂ ਮਦਦ ਕਰਦੇ ਹਨ;
- ਆਰਥਿਕ ਗਤੀਵਿਧੀਆਂ ਦੇ ਚੱਕਰ ਪ੍ਰਵਾਹ ਦੀ ਵਿਆਖਿਆ ਕਰ ਸਕੋਗੇ।



ਨੋਟ

## 6.1 ਉਤਪਾਦਨ

ਪਿਛਲੇ ਪਾਠ ਵਿੱਚ ਤੁਸੀਂ ਸਰੋਤਾਂ ਦੀ ਘਾਟ ਅਤੇ ਚੋਣ ਕਰਨ ਬਾਰੇ ਪੜ੍ਹਿਆ ਹੈ। ਇਹ ਸੀਮਤ ਸਰੋਤ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਵਰਤੇ ਜਾਂਦੇ ਹਨ। ਉਤਪਾਦਨ ਦਾ ਟੀਚਾ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ। ਇਹ ਉਤਪਾਦ ਅਤੇ ਸੇਵਾਵਾਂ ਬਾਜ਼ਾਰਾਂ ਵਿੱਚ ਵੇਚੀਆਂ ਜਾ ਸਕਦੀਆਂ ਹਨ ਜਾਂ ਸਰਕਾਰ ਦੁਆਰਾ ਲੋਕਾਂ ਨੂੰ ਮਾਮੂਲੀ ਕੀਮਤ 'ਤੇ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਇਸ ਲਈ ਉਤਪਾਦਨ ਨੂੰ ਉਪਯੋਗਤਾ ਦੀ ਸਿਰਜਣਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।

ਉਤਪਾਦਨ ਦੀਆਂ ਗਤੀਵਿਧੀਆਂ ਵਿੱਚ ਵਸਤਾਂ ਅਤੇ ਸੇਵਾਵਾਂ ਦਾ ਨਿਰਮਾਣ ਸ਼ਾਮਲ ਹੁੰਦਾ ਹੈ। ਜਿਹੜੇ ਲੋਕ ਇਹਨਾਂ ਚੀਜ਼ਾਂ ਅਤੇ ਸੇਵਾਵਾਂ ਨੂੰ ਬਣਾਉਂਦੇ ਅਤੇ ਵੇਚਦੇ ਹਨ ਉਹਨਾਂ ਨੂੰ ਉਤਪਾਦਕ ਵਜੋਂ ਜਾਣਿਆ ਜਾਂਦਾ ਹੈ। ਉਤਪਾਦਕ ਵੱਖ-ਵੱਖ ਵਸਤਾਂ ਅਤੇ ਸੇਵਾਵਾਂ ਵਿੱਚ ਬਦਲਣ ਲਈ ਕੱਚੇ ਮਾਲ ਦੇ ਨਾਲ ਜ਼ਮੀਨ, ਮਜ਼ਦੂਰੀ, ਪੂੰਜੀ ਅਤੇ ਉੱਦਮ ਵਰਗੇ ਸਾਧਨਾਂ ਨੂੰ ਜੋੜਦੇ ਹਨ। ਜ਼ਮੀਨ, ਮਜ਼ਦੂਰੀ, ਪੂੰਜੀ ਅਤੇ ਉੱਦਮ ਨੂੰ ਪੈਦਾਵਾਰ ਦੇ ਸਾਧਨ ਕਿਹਾ ਜਾਂਦਾ ਹੈ। ਉਤਪਾਦਕ ਉਤਪਾਦਨ ਦੇ ਸਾਧਨਾਂ ਦੇ ਵੱਖ-ਵੱਖ ਸੁਮੇਲ ਦੀ ਵਰਤੋਂ ਕਰਕੇ ਵੱਧ ਤੋਂ ਵੱਧ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਆਓ, ਉਤਪਾਦਨ ਦੇ ਇਹਨਾਂ ਸਾਧਨਾਂ ਬਾਰੇ ਹੋਰ ਜਾਣੀਏ।

### 6.1.1 ਜ਼ਮੀਨ

ਜ਼ਮੀਨ ਕੁਦਰਤ ਦੀ ਦੇਣ ਹੈ। ਇਸ ਵਿੱਚ ਮੈਦਾਨੀ ਖੇਤਰ, ਪਹਾੜ ਅਤੇ ਪਠਾਰ ਖੇਤਰ ਸ਼ਾਮਲ ਹਨ। ਮੈਦਾਨੀ ਖੇਤਰ ਖੇਤੀਬਾੜੀ ਅਤੇ ਉਦਯੋਗਿਕ ਗਤੀਵਿਧੀਆਂ ਲਈ ਲਾਭਦਾਇਕ ਹਨ। ਪਹਾੜੀ ਸਮਤਲ ਖੇਤਰ ਨਦੀਆਂ ਦੇ ਵਹਾਅ ਨੂੰ ਯਕੀਨੀ ਬਣਾਉਂਦੇ ਹਨ ਅਤੇ ਸੈਰ-ਸਪਾਟੇ ਲਈ ਸਹੂਲਤਾਂ ਪ੍ਰਦਾਨ ਕਰਦੇ ਹਨ। ਪਠਾਰ ਖੇਤਰ ਵਿੱਚ ਖਣਿਜਾਂ, ਜੈਵਿਕ ਬਾਲਣ ਅਤੇ ਜੰਗਲਾਂ ਦੇ ਭੰਡਾਰ ਹਨ। ਅਨਾਜ, ਸਬਜ਼ੀਆਂ, ਫ਼ਲ ਆਦਿ ਦੇ ਉਤਪਾਦਨ ਲਈ ਯੋਜਨਾ ਖੇਤਰ ਵਿੱਚ ਵਾਹੀਯੋਗ ਜ਼ਮੀਨ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਲੋਕ ਪਸ਼ੂ ਪਾਲਣ, ਮੱਛੀ ਪਾਲਣ ਅਤੇ ਜੰਗਲਾਤ ਦਾ ਕੰਮ ਵੀ ਕਰਦੇ ਹਨ ਜਿਨ੍ਹਾਂ ਨੂੰ ਸਹਾਇਕ ਗਤੀਵਿਧੀਆਂ ਕਿਹਾ ਜਾਂਦਾ ਹੈ। ਭਾਰਤ

ਵਿੱਚ ਪੇਂਡੂ ਖੇਤਰ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਲਈ ਜਾਣਿਆ ਜਾਂਦਾ ਹੈ। ਮੈਦਾਨੀ ਖੇਤਰ ਵਿੱਚ ਕੁਝ ਜ਼ਮੀਨ ਖਾਸ ਤੌਰ 'ਤੇ ਉਦਯੋਗਾਂ ਅਤੇ ਸ਼ਹਿਰੀ ਖੇਤਰਾਂ ਜਿਵੇਂ ਕਿ ਕਸਬਿਆਂ ਅਤੇ ਸ਼ਹਿਰਾਂ ਦੀ ਸਥਾਪਨਾ ਲਈ ਵਿਕਸਤ ਕੀਤੀ ਜਾਂਦੀ ਹੈ।



ਨੋਟ



### 6.1.2 ਮਜ਼ਦੂਰੀ

(i) **ਵਿਕਰੇਤਾਵਾਂ/ਫਰਮਾਂ ਦੀ ਸੰਖਿਆ:** ਬਾਜ਼ਾਰ ਦੀ ਸਪਲਾਈ ਬਾਜ਼ਾਰ ਵਿੱਚ ਸਾਰੀਆਂ ਵਿਅਕਤੀਗਤ ਸਪਲਾਈ ਅਨੁਸੂਚੀਆਂ ਦਾ ਇੱਕ ਸਮੂਹ ਹੈ। ਖੰਡ ਦੀ ਮਾਰਕੀਟ ਸਪਲਾਈ ਨੂੰ ਦਰਸਾਉਂਦੀ ਸਾਰਣੀ 10.2 'ਤੇ ਵਿਚਾਰ ਕਰੋ। ਬਾਜ਼ਾਰ ਵਿੱਚ ਖੰਡ ਸਪਲਾਈ ਕਰਨ ਵਾਲੀਆਂ ਤਿੰਨ ਫਰਮਾਂ X, Y ਅਤੇ Z ਹਨ। ਹੁਣ ਮੰਨ ਲਓ ਕਿ ਇੱਕ ਹੋਰ ਫਰਮ 'W' ਹੋਂਦ ਵਿੱਚ ਆਉਂਦੀ ਹੈ ਅਤੇ ਖੰਡ ਦੀ ਸਪਲਾਈ ਸ਼ੁਰੂ ਕਰਦੀ ਹੈ। ਖੰਡ ਦੀ ਮਾਰਕੀਟ ਸਪਲਾਈ 'ਤੇ ਕੀ ਪ੍ਰਭਵ ਹੋਵੇਗਾ? ਬਾਜ਼ਾਰ ਵਿਚ ਖੰਡ ਦੀ ਸਪਲਾਈ ਵਧੇਗੀ। ਇਸ ਲਈ, ਇਹ ਸਪੱਸ਼ਟ ਹੈ ਕਿ ਜੇਕਰ ਫਰਮਾਂ ਦੀ ਗਿਣਤੀ ਵਧਦੀ ਹੈ, ਤਾਂ ਬਾਜ਼ਾਰ ਦੀ ਸਪਲਾਈ ਵੀ ਵਧੇਗੀ। ਦੂਜੇ ਪਾਸੇ ਜੇਕਰ ਫਰਮਾਂ ਦੀ ਗਿਣਤੀ ਘਟਦੀ ਹੈ ਤਾਂ ਬਾਜ਼ਾਰ ਦੀ ਸਪਲਾਈ ਵੀ ਘਟੇਗੀ।

(ii) **ਸੰਭਾਵਿਤ ਭਵਿੱਖੀ ਕੀਮਤ:** ਜੇਕਰ ਕਿਸੇ ਵਸਤੂ ਦੀ ਕੀਮਤ ਨੇੜਲੇ ਭਵਿੱਖ ਵਿੱਚ ਵਧਣ ਦੀ ਉਮੀਦ ਕੀਤੀ ਜਾਂਦੀ ਹੈ, ਤਾਂ ਫਰਮ ਭਵਿੱਖ ਵਿੱਚ ਕੀਮਤ ਵਿੱਚ ਵਾਧੇ ਕਾਰਨ ਵੱਧ ਮੁਨਾਫੇ ਦੀ ਉਮੀਦ ਵਿੱਚ ਵਰਤਮਾਨ ਵਿੱਚ ਵਸਤੂ ਦੀ ਘੱਟ ਮਾਤਰਾ ਦੀ ਸਪਲਾਈ ਕਰੇਗੀ। ਪਰ ਜੇਕਰ ਕਿਸੇ ਵਸਤੂ ਦੀ ਕੀਮਤ ਨੇੜਲੇ ਭਵਿੱਖ ਵਿੱਚ ਘਟਣ ਦੀ ਉਮੀਦ ਕੀਤੀ ਜਾਂਦੀ ਹੈ, ਤਾਂ ਫਰਮਾਂ ਭਵਿੱਖ ਵਿੱਚ ਘੱਟ ਮੁਨਾਫੇ ਦੀ ਉਮੀਦ ਵਿੱਚ ਇਸ ਸਮੇਂ ਵਿਕਰੀ ਲਈ ਵਧੇਰੇ ਮਾਤਰਾ ਵਿੱਚ ਵਸਤੂ ਦੀ ਪੇਸ਼ਕਸ਼ ਕਰਨਗੀਆਂ।

### ਪਾਠ ਅਧੀਨ ਪ੍ਰਸ਼ਨ 10.4

1. ਢੁਕਵੇਂ ਸ਼ਬਦਾਂ ਨਾਲ ਖਾਲੀ ਥਾਂ ਭਰੋ:

   (i) ਕਿਸੇ ਵਸਤੂ ਦੀ ਸਪਲਾਈ----------ਜਾਂਦੀ ਹੈ ਜਦੋਂ ਇਸ ਦੀ ਕੀਮਤ ਵਧ ਜਾਂਦੀ ਹੈ।



ਨੋਟ

(ii) ਇੱਕ ਫਰਮ ਜਿਸਦਾ ਉਦੇਸ਼ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਹੈ, ਜ਼ਿਆਦਾ ਕੀਮਤ ’ਤੇ ਵਸਤੂ ਦੀ ----------ਮਾਤਰਾ ਦੀ ਸਪਲਾਈ ਕਰੇਗੀ।

(iii) ਜੇਕਰ ਇੱਕ ਫਰਮ ਦਿੱਤੇ ਸਰੋਤਾਂ ਨਾਲ ਦੋ ਮਾਲ X ਅਤੇ Y ਦਾ ਉਤਪਾਦਨ ਕਰਦੀ ਹੈ ਅਤੇ ਜੇਕਰ ਵਸਤੂ Y ਦੀ ਕੀਮਤ ਵਿੱਚ ਕਮੀ ਹੋ ਜਾਂਦੀ ਹੈ, ਤਾਂ ਵਸਤੂ X ਦੀ ਸਪਲਾਈ ..................... ਹੋ ਜਾਵੇਗੀ।

(iv) ਮਜ਼ਦੂਰੀ ਦਰ ਵਿੱਚ ਗਿਰਾਵਟ ਹੋਣ ’ਤੇ ਕਿਸੇ ਵਸਤੂ ਦੀ ਸਪਲਾਈ ਵਿੱਚ-----ਹੋ ਜਾਵੇਗੀ।

(v) ਟੀ.ਵੀ. ਸੈੱਟਾਂ ਦੇ ਉਤਪਾਦਨ 'ਤੇ ਆਬਕਾਰੀ ਡਿਊਟੀ ਵਿੱਚ ਵਾਧਾ ਹੋਣ ਨਾਲ ਟੀ.ਵੀ. ਦੀ ਸਪਲਾਈ ਵਿੱਚ.................. ਹੋ ਜਾਵੇਗੀ।

2. ਕਿਸੇ ਵਸਤੂ ਦੀ ਸਪਲਾਈ ਦਾ ਕੀ ਹੋਵੇਗਾ, ਜਦੋਂ

(i) ਵਸਤੂ ਦੇ ਉਤਪਾਦਨ ਵਿੱਚ ਵਰਤੇ ਜਾਣ ਵਾਲੇ ਕੱਚੇ ਮਾਲ ਦੀ ਕੀਮਤ ਵਧ ਜਾਂਦੀ ਹੈ।

(ii) ਵਸਤੂ ਦੀ ਸਪਲਾਈ ਕਰਨ ਵਾਲੀ ਇੱਕ ਨਵੀਂ ਫਰਮ ਹੋਂਦ ਵਿੱਚ ਆਉਂਦੀ ਹੈ।

(iii) ਉਤਪਾਦਨ ਦੀ ਤਕਨੀਕ ਵਿੱਚ ਤਰੱਕੀ ਹੁੰਦੀ ਹੈ।

3. ਜੇਕਰ ਸਟੇਨਲੈਸ ਸਟੀਲ ਦੀ ਕੀਮਤ ਘਟਦੀ ਹੈ ਤਾਂ ਸਟੀਲ ਦੇ ਭਾਂਡਿਆਂ ਦੀ ਸਪਲਾਈ ’ਤੇ ਕੀ ਪ੍ਰਭਾਵ ਪਵੇਗਾ?

## ਤੁਸੀਂ ਕੀ ਸਿੱਖਿਆ

- ਇੱਕ ਵਸਤੂ ਦੀ ਸਪਲਾਈ ਇੱਕ ਵਸਤੂ ਦੀ ਮਾਤਰਾ ਹੈ ਜੋ ਇੱਕ ਵਿਕਰੇਤਾ/ਫਰਮ ਸਮੇਂ ਦੀ ਪ੍ਰਤੀ ਇਕਾਈ ਕੀਮਤ 'ਤੇ ਵਿਕਰੀ ਲਈ ਪੇਸ਼ ਕਰਦਾ ਹੈ।

- ਕਿਸੇ ਖਾਸ ਸਮੇਂ 'ਤੇ ਵੇਚਣ ਵਾਲੇ/ਫਰਮ ਕੋਲ ਉਪਲੱਬਧ ਕੁੱਲ ਮਾਤਰਾ ਨੂੰ ਸਟਾਕ ਕਿਹਾ ਜਾਂਦਾ ਹੈ। ਸਪਲਾਈ ਵਸਤੂ ਦੇ ਸਟਾਕ ਦਾ ਉਹ ਹਿੱਸਾ ਹੈ ਜਿਸ ਨੂੰ ਵਿਕਰੇਤਾ ਇੱਕ ਦਿੱਤੇ ਸਮੇਂ ਦੇ ਦੌਰਾਨ ਇੱਕ ਦਿੱਤੇ ਮੁੱਲ 'ਤੇ ਵੇਚਣ ਲਈ ਤਿਆਰ ਹੈ।

- ਵਿਅਕਤੀਗਤ ਸਪਲਾਈ ਅਨੁਸੂਚੀ ਇੱਕ ਸਾਰਣੀ ਦੇ ਰੂਪ ਵਿੱਚ ਇੱਕ ਵਿਅਕਤੀਗਤ ਫਰਮ ਦੁਆਰਾ ਵੱਖ-ਵੱਖ ਕੀਮਤਾਂ 'ਤੇ ਵਿਕਰੀ ਲਈ ਪੇਸ਼ ਕੀਤੀ ਗਈ ਵਸਤੂ ਦੀ ਮਾਤਰਾ ਨੂੰ ਦਰਸਾਉਂਦੀ ਹੈ। ਵਿਅਕਤੀਗਤ ਸਪਲਾਈ ਵਕਰ ਵਿਅਕਤੀਗਤ ਸਪਲਾਈ ਅਨੁਸੂਚੀ ਤੋਂ ਲਿਆ ਜਾਂਦਾ ਹੈ।

- ਬਾਜ਼ਾਰ ਦੀ ਸਪਲਾਈ ਇੱਕ ਵਸਤੂ ਦੀ ਕੁੱਲ ਮਾਤਰਾ ਹੈ ਜੋ ਮਾਰਕੀਟ ਵਿੱਚ ਸਾਰੀਆਂ ਫਰਮਾਂ ਦੁਆਰਾ ਦਿੱਤੀ ਗਈ ਕੀਮਤ ਅਤੇ ਦਿੱਤੇ ਸਮੇਂ 'ਤੇ ਵਿਕਰੀ ਲਈ ਪੇਸ਼ ਕੀਤੀ ਜਾਂਦੀ ਹੈ।

- ਵਿਅਕਤੀਗਤ ਸਪਲਾਈ ਦੇ ਨਿਰਧਾਰਕ ਹਨ - ਵਸਤੂ ਦੀ ਕੀਮਤ, ਹੋਰ ਸਬੰਧਤ ਵਸਤਾਂ ਦੀ ਕੀਮਤ, ਉਤਪਾਦਨ ਦੀ ਤਕਨਾਲੋਜੀ ਵਿੱਚ ਤਬਦੀਲੀ, ਇਨਪੁੱਟਸ ਦੀ ਕੀਮਤ ਵਿੱਚ ਤਬਦੀਲੀ, ਫਰਮ ਦਾ ਉਦੇਸ਼ ਅਤੇ ਸਰਕਾਰੀ ਨੀਤੀ।

- ਮਾਰਕੀਟ ਸਪਲਾਈ ਦੇ ਨਿਰਧਾਰਕ ਵਿਅਕਤੀਗਤ ਸਪਲਾਈ ਦੇ ਨਿਰਧਾਰਕਾਂ ਤੋਂ ਇਲਾਵਾ ਵਸਤੂ ਦੀ ਸਪਲਾਈ ਕਰਨ ਵਾਲੀਆਂ ਫਰਮਾਂ ਦੀ ਸੰਖਿਆ, ਸੰਭਾਵਿਤ ਭਵਿੱਖੀ ਕੀਮਤ ਹਨ।

- ਮਾਰਕੀਟ ਸਪਲਾਈ ਦੇ ਨਿਰਧਾਰਕ ਵਿਅਕਤੀਗਤ ਸਪਲਾਈ ਦੇ ਨਿਰਧਾਰਕਾਂ ਤੋਂ ਇਲਾਵਾ ਵਸਤੂ ਦੀ ਸਪਲਾਈ ਕਰਨ ਵਾਲੀਆਂ ਫਰਮਾਂ ਦੀ ਸੰਖਿਆ, ਸੰਭਾਵਿਤ ਭਵਿੱਖੀ ਕੀਮਤ ਹਨ।

- ਸਪਲਾਈ ਦਾ ਨਿਯਮ ਦੱਸਦਾ ਹੈ ਕਿ ਸਪਲਾਈ ਦੇ ਸਥਿਰ ਰਹਿਣ, ਵਸਤੂ ਦੀ ਕੀਮਤ ਅਤੇ ਸਪਲਾਈ ਕੀਤੀ ਮਾਤਰਾ ਨੂੰ ਨਿਰਧਾਰਤ ਕਰਨ ਵਾਲੇ ਹੋਰ ਕਾਰਕ ਸਿੱਧੇ ਤੌਰ 'ਤੇ ਸਬੰਧਤ ਹਨ।

- ਸਪਲਾਈ ਵਕਰ ਸਪਲਾਈ ਦੇ ਨਿਯਮਾਂ ਦੀ ਰੇਖਾ-ਚਿੱਤਰ ਪ੍ਰਤੀਨਿਧਤਾ ਹੈ।

- ਸਪਲਾਈ ਦੇ ਨਿਯਮ ਅਨੁਸਾਰ ਕਿਸੇ ਵਸਤੂ ਦੀ ਸਪਲਾਈ ਵਕਰ ਉੱਪਰ ਵੱਲ ਢਲਾਣ ਹੁੰਦੀ ਹੈ।



ਨੋਟ

## ਪਾਠ ਦੇ ਅੰਤ ਦੇ ਪ੍ਰਸ਼ਨ

1. ਸਪਲਾਈ ਨੂੰ ਪਰਿਭਾਸ਼ਿਤ ਕਰੋ। ਵਿਅਕਤੀਗਤ ਸਪਲਾਈ ਅਤੇ ਮਾਰਕੀਟ ਸਪਲਾਈ ਵਿਚਕਾਰ ਫਰਕ ਦੱਸੋ।

2. ਉਹਨਾਂ ਕਾਰਕਾਂ ਦੀ ਵਿਆਖਿਆ ਕਰੋ ਜੋ ਕਿਸੇ ਵਸਤੂ ਦੀ ਵਿਅਕਤੀਗਤ ਸਪਲਾਈ ਨੂੰ ਪ੍ਰਭਾਵਿਤ ਕਰਦੇ ਹਨ।

3. ਕਿਸੇ ਵਸਤੂ ਦੀ ਮਾਰਕੀਟ ਸਪਲਾਈ ਦੇ ਤਿੰਨ ਨਿਰਧਾਰਕਾਂ ਨੂੰ ਸੰਖੇਪ ਵਿੱਚ ਸਮਝਾਓ।

4. ਇੱਕ ਢੁਕਵੀਂ ਉਦਾਹਰਣ ਦੀ ਮਦਦ ਨਾਲ ਸਟਾਕ ਅਤੇ ਸਪਲਾਈ ਵਿੱਚ ਫਰਕ ਦੱਸੋ।

5. ਇੱਕ ਢੁਕਵੀਂ ਸੰਖਿਆਤਮਕ ਉਦਾਹਰਨ ਦੀ ਵਰਤੋਂ ਕਰਕੇ ਸਪਲਾਈ ਦੇ ਨਿਯਮ ਨੂੰ ਬਿਆਨ ਕਰੋ ਅਤੇ ਵਿਆਖਿਆ ਕਰੋ।

6. ਸਪਲਾਈ ਵਕਰ ਕੀ ਹੈ? ਇੱਕ ਕਾਲਪਨਿਕ ਸਪਲਾਈ ਅਨੁਸੂਚੀ ਦੀ ਮਦਦ ਨਾਲ ਇੱਕ ਵਿਅਕਤੀਗਤ ਸਪਲਾਈ ਵਕਰ ਬਣਾਓ।

7. ਸਪਲਾਈ ਵਕਰ ਢਲਾਨ ਉੱਪਰ ਵੱਲ ਕਿਉਂ ਹੁੰਦਾ ਹੈ?

8. ਸਪਲਾਈ ਦੇ ਨਿਯਮਾਂ ਦੇ ਪਿੱਛੇ ਕੀ ਕਾਰਨ ਹਨ?

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 10.1 ਦੇ ਉੱਤਰ

1. ਸਪਲਾਈ ਸਮੇਂ ਦੀ ਪ੍ਰਤੀ ਯੂਨਿਟ ਕੀਮਤ 'ਤੇ ਵਿਕਰੀ ਲਈ ਪੇਸ਼ ਕੀਤੀ ਗਈ ਵਸਤੂ ਦੀ ਮਾਤਰਾ ਨੂੰ ਦਰਸਾਉਂਦੀ ਹੈ।

2. ਵਸਤੂ ਦੀ ਕੀਮਤ, ਸਪਲਾਈ ਕੀਤੀ ਮਾਤਰਾ ਅਤੇ ਸਮਾਂ ਮਿਆਦ।

3. ਸਟਾਕ ਕਿਸੇ ਖਾਸ ਸਮੇਂ 'ਤੇ ਕਿਸੇ ਫਰਮ ਕੋਲ ਉਪਲੱਬਧ ਵਸਤੂ ਦੀ ਕੁੱਲ ਮਾਤਰਾ ਹੈ।

ਸਪਲਾਈ ਕਿਸੇ ਵਸਤੂ ਦੇ ਸਟਾਕ ਦਾ ਉਹ ਹਿੱਸਾ ਹੈ ਜਿਸ ਨੂੰ ਵਿਕਰੇਤਾ ਦਿੱਤੇ ਸਮੇਂ ਦੇ ਦੌਰਾਨ ਨਿਰਧਾਰਤ ਕੀਮਤ 'ਤੇ ਵੇਚਣ ਲਈ ਤਿਆਰ ਹੈ।

## ਪਾਠ ਅਧੀਨ ਪ੍ਰਸ਼ਨ 10.3 ਦੇ ਉੱਤਰ

1. 4500, 7000, 9500, 12000, 14,500

2. 300, 500, 700, 900, 1100

## ਪਾਠ ਅਧੀਨ ਪ੍ਰਸ਼ਨ 10.4 ਦੇ ਉੱਤਰ

1. (i) ਵਧਦਾ ਹੈ

   (ii) ਹੋਰ

   (iii) ਵਾਧਾ

   (iv) ਵਾਧਾ

   (v) ਘਟਣਾ

2. (i) ਵਸਤੂ ਦੀ ਸਪਲਾਈ ਘਟ ਜਾਵੇਗੀ

   (ii) ਵਸਤੂ ਦੀ ਸਪਲਾਈ ਵਧੇਗੀ

   (iii) ਵਸਤੂ ਦੀ ਸਪਲਾਈ ਵਧੇਗੀ

ਸਟੇਨਲੈਸ ਸਟੀਲ ਦੇ ਭਾਂਡਿਆਂ ਦੀ ਸਪਲਾਈ ਵਧੇਗੀ।

ਨੋਟ

# 11

# ਕੀਮਤ ਅਤੇ ਮਾਤਰਾ ਦਾ ਨਿਰਧਾਰਨ

ਪਾਠ 9 ਵਿੱਚ ਤੁਸੀਂ ਅਧਿਐਨ ਕੀਤਾ ਹੈ ਕਿ ਕਿਸ ਤਰ੍ਹਾਂ ਕਿਸੇ ਵਸਤੂ ਦੀ ਕੀਮਤ ਵਿੱਚ ਤਬਦੀਲੀ ਇਸਦੀ ਮੰਗ ਨੂੰ ਪ੍ਰਭਾਵਿਤ ਕਰਦੀ ਹੈ। ਪਾਠ 10 ਵਿੱਚ, ਉਸੇ ਕਿਸਮ ਦਾ ਅਧਿਐਨ ਇੱਕ ਵਸਤੂ ਦੀ ਸਪਲਾਈ ਬਾਰੇ ਕੀਤਾ ਗਿਆ ਸੀ। ਅਸਲ ਵਿੱਚ, ਵਸਤੂ ਦੀ ਕੀਮਤ ਵਿੱਚ ਤਬਦੀਲੀ ਨਾਲ ਕਿਸੇ ਵਸਤੂ ਦੀ ਮੰਗ ਅਤੇ ਸਪਲਾਈ ਦੋਵੇਂ ਪ੍ਰਭਾਵਿਤ ਹੁੰਦੇ ਹਨ। ਪਰ ਧਿਆਨ ਦੇਣ ਵਾਲੀ ਦਿਲਚਸਪ ਗੱਲ ਇਹ ਹੈ ਕਿ ਕਿਸੇ ਵਸਤੂ ਦੀ ਮੰਗ ਅਤੇ ਪੂਰਤੀ ਦੋਵਾਂ ਵਿੱਚ ਤਬਦੀਲੀ ਵੀ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰਦੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੰਡੀ ਵਿੱਚ ਕਿਸੇ ਵਸਤੂ ਦੀ ਕੀਮਤ ਕਿਵੇਂ ਤੈਅ ਕੀਤੀ ਜਾਂਦੀ ਹੈ। ਕਿਹੜੇ ਕਾਰਕ ਕਿਸੇ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰਦੇ ਹਨ? ਕਿਸੇ ਵਸਤੂ ਦੀ ਮੰਗ ਅਤੇ ਪੂਰਤੀ ਵਿੱਚ ਤਬਦੀਲੀਆਂ ਇਸਦੀ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ, ਇਹ ਇਸ ਪਾਠ ਦਾ ਵਿਸ਼ਾ ਹੈ।

## ਉਦੇਸ਼

- ਇਸ ਪਾਠ ਨੂੰ ਪੂਰਾ ਕਰਨ ਤੋਂ ਬਾਅਦ, ਤੁਸੀਂ ਇਹ ਕਰਨ ਦੇ ਯੋਗ ਹੋਵੋਗੇ:
- ਕੀਮਤ ਦੇ ਨਿਰਧਾਰਨ ਦਾ ਕੀ ਮਤਲਬ ਹੈ;
- ਮੰਗ ਅਤੇ ਸਪਲਾਈ ਅਨੁਸੂਚੀ ਦੀ ਮਦਦ ਨਾਲ ਕੀਮਤ ਨਿਰਧਾਰਨ ਦੀ ਵਿਆਖਿਆ ਕਰ ਸਕੋਗੇ;
- ਅਨੁਸੂਚੀ ਦੀ ਮਦਦ ਨਾਲ ਸੰਤੁਲਨ ਨੂੰ ਸਮਝ ਸਕੋਗੇ;
- ਕਿਸੇ ਵਸਤੂ ਦੀ ਕੀਮਤ ਅਤੇ ਮਾਤਰਾ 'ਤੇ ਮੰਗ ਅਤੇ ਸਪਲਾਈ ਵਿੱਚ ਤਬਦੀਲੀਆਂ ਦੇ ਪ੍ਰਭਾਵਾਂ ਨੂੰ ਸਮਝੋਗੇ।

## 11.1 ਕੀਮਤ ਦਾ ਮਤਲਬ

ਜਦੋਂ ਕੋਈ ਵਿਕਰੇਤਾ ਕੋਈ ਵਸਤੂ ਵੇਚਦਾ ਹੈ, ਤਾਂ ਉਹ ਇਸ ਨੂੰ ਪੈਸੇ ਲਈ ਬਦਲਦਾ ਹੈ। ਖਰੀਦਦਾਰ ਚੀਜ਼ਾਂ ਅਤੇ ਸੇਵਾਵਾਂ ਦੇ ਬਦਲੇ ਵੇਚਣ ਵਾਲੇ ਨੂੰ ਪੈਸੇ ਦਿੰਦਾ ਹੈ। ਉਹ ਰਕਮ ਜੋ

ਖਰੀਦਦਾਰ ਕਿਸੇ ਵਸਤੂ ਜਾਂ ਸੇਵਾ ਦੀ ਇੱਕ ਯੂਨਿਟ ਲਈ ਵੇਚਣ ਵਾਲੇ ਨੂੰ ਅਦਾ ਕਰਦਾ ਹੈ, ਉਸ ਨੂੰ ਵਸਤੂ ਜਾਂ ਸੇਵਾ ਦੀ ਕੀਮਤ ਕਿਹਾ ਜਾਂਦਾ ਹੈ। ਉਦਾਹਰਨ ਲਈ, ਇੱਕ ਖਰੀਦਦਾਰ ਇੱਕ ਲੀਟਰ ਫੁੱਲ ਕਰੀਮ ਦੁੱਧ ਖਰੀਦਣ ਲਈ 36 ਰੁਪਏ ਦਾ ਭੁਗਤਾਨ ਕਰਦਾ ਹੈ, ਫੁੱਲ ਕਰੀਮ ਦੁੱਧ ਦੀ ਕੀਮਤ 36 ਰੁਪਏ ਪ੍ਰਤੀ ਲੀਟਰ ਹੋਵੇਗੀ।

ਆਮ ਤੌਰ 'ਤੇ, ਵਿਕਰੇਤਾ ਦਾ ਮੁੱਖ ਉਦੇਸ਼ ਲਾਭ ਕਮਾਉਣਾ ਹੁੰਦਾ ਹੈ। ਮੁਨਾਫਾ ਕੁੱਲ ਆਮਦਨ ਅਤੇ ਕੁੱਲ ਲਾਗਤ ਵਿੱਚ ਅੰਤਰ ਹੁੰਦਾ ਹੈ। ਕੁੱਲ ਆਮਦਨ ਦਾ ਅਰਥ ਹੈ ਉਤਪਾਦਕ ਦੀ ਉਸ ਕੁੱਲ ਰਾਸ਼ੀ ਪ੍ਰਾਪਤੀ ਤੋਂ ਹੈ ਜੋ ਉਹ ਦਿੱਤੀ ਹੋਈ ਉਤਪਾਦਨ ਮਾਤਰਾ ਨੂੰ ਵੇਚ ਕੇ ਪ੍ਰਾਪਤ ਕਰਦਾ ਹੈ। ਕੁੱਲ ਲਾਗਤ ਦਾ ਮਤਲਬ ਹੈ ਉਸ ਸਮੁੱਚੇ ਖਰਚ ਤੋਂ ਜੋ ਇੱਕ ਉਤਪਾਦਕ ਵਸਤੂ ਦੀ ਉਸ ਮਾਤਰਾ ਦੇ ਉਤਪਾਦਨ 'ਤੇ ਖਰਚ ਕਰਦਾ ਹੈ।

ਵਿਕਰੇਤਾ ਉਸ ਦੁਆਰਾ ਸਪਲਾਈ ਕੀਤੀ ਵਸਤੂ ਦੀ ਕੀਮਤ ਨਿਰਧਾਰਤ ਕਰਦਾ ਹੈ। ਕਿਸੇ ਵਸਤੂ ਦੀ ਮਾਰਕੀਟ ਕੀਮਤ ਉਹ ਕੀਮਤ ਹੁੰਦੀ ਹੈ ਜਿਸ 'ਤੇ ਇਹ ਬਾਜ਼ਾਰ ਵਿੱਚ ਵੇਚੀ ਜਾਂਦੀ ਹੈ। ਕਿਸੇ ਵਸਤੂ ਦੀ ਕੀਮਤ ਨਿਰਧਾਰਤ ਕਰਦੇ ਸਮੇਂ ਵਿਕਰੇਤਾ ਵੱਧ ਤੋਂ ਵੱਧ ਲਾਭ ਕਮਾਉਣ ਤੋਂ ਇਲਾਵਾ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖਦਾ ਹੈ। ਕਿਸੇ ਵਸਤੂ ਦੀ ਕੀਮਤ ਨਿਰਧਾਰਤ ਕਰਨ ਵਿੱਚ ਵਿਕਰੇਤਾ ਦੇ ਫੈਸਲੇ ਨੂੰ ਪ੍ਰਭਾਵਿਤ ਕਰਨ ਵਾਲੇ ਕੁਝ ਮਹੱਤਵਪੂਰਨ ਕਾਰਕ ਹੇਠਾਂ ਦਿੱਤੇ ਗਏ ਹਨ।

(i) **ਉਤਪਾਦਨ ਦੀ ਲਾਗਤ:** ਇੱਕ ਵਿਕਰੇਤਾ ਆਪਣੀ ਵਸਤੂ ਦੀ ਮਾਰਕੀਟ ਕੀਮਤ ਨਿਰਧਾਰਤ ਕਰਦਾ ਹੈ ਜੋ ਕਿ ਵਸਤੂ ਦੇ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਤੋਂ ਵੱਧ ਹੈ। ਪ੍ਰਤੀ ਯੂਨਿਟ ਕੀਮਤ ਅਤੇ ਵਸਤੂ ਦੇ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਵਿੱਚ ਅੰਤਰ ਪ੍ਰਤੀ ਯੂਨਿਟ ਲਾਭ ਹੈ। ਇਸ ਤਰ੍ਹਾਂ, ਕੀਮਤ ਅਤੇ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਵਿੱਚ ਵੱਧ ਅੰਤਰ ਲਾਭ ਦਾ ਮਾਰਜਿਨ ਹੋਵੇਗਾ। ਇਸ ਲਈ ਵਿਕਰੇਤਾ ਦੁਆਰਾ ਵਸਤੂ ਦੀ ਕੀਮਤ ਨਿਰਧਾਰਤ ਕਰਨ ਵਿੱਚ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਬਹੁਤ ਮਹੱਤਵ ਰੱਖਦੀ ਹੈ।

(ii) **ਦੂਜੇ ਵਿਕਰੇਤਾਵਾਂ ਦੁਆਰਾ ਨਿਰਧਾਰਤ ਕੀਤੀ ਗਈ ਕੀਮਤ:** ਆਪਣੀ ਵਸਤੂ ਦੀ ਕੀਮਤ ਨਿਰਧਾਰਤ ਕਰਦੇ ਸਮੇਂ, ਵਿਕਰੇਤਾ ਸਮਾਨ ਵਸਤੂ ਦੇ ਦੂਜੇ ਵਿਕਰੇਤਾਵਾਂ ਦੁਆਰਾ ਨਿਰਧਾਰਤ ਕੀਤੀ ਵਸਤੂ ਦੀ ਕੀਮਤ ਨੂੰ ਵੀ ਵਿਚਾਰਦਾ ਹੈ। ਜੇਕਰ ਕੋਈ ਵਿਕਰੇਤਾ ਆਪਣੀ ਵਸਤੂ ਦੀ ਕੀਮਤ ਨਿਰਧਾਰਤ ਕਰਦਾ ਹੈ ਜੋ ਸਮਾਨ ਵਸਤੂ ਦੇ ਦੂਜੇ ਵਿਕਰੇਤਾਵਾਂ ਦੁਆਰਾ ਨਿਰਧਾਰਤ ਕੀਤੀ ਗਈ ਕੀਮਤ ਨਾਲੋਂ ਬਹੁਤ ਜ਼ਿਆਦਾ ਹੈ, ਤਾਂ ਉਹ ਵਸਤੂ ਦੀ ਵੱਧ ਮਾਤਰਾ ਨੂੰ



ਨੋਟ

ਵੇਚਣ ਦੇ ਯੋਗ ਨਹੀਂ ਹੋ ਸਕਦਾ। ਇਸ ਲਈ ਆਪਣੀ ਵਿਕਰੀ ਵਧਾਉਣ ਲਈ ਉਸਨੂੰ ਆਪਣੀ ਵਸਤੂ ਦੀ ਕੀਮਤ ਘਟਾਉਣੀ ਪਵੇਗੀ। ਇਸ ਤਰ੍ਹਾਂ, ਕਿਸੇ ਵਸਤੂ ਦੇ ਵਿਕਰੇਤਾ ਲਈ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਆਪਣੀ ਵਸਤੂ ਦੀ ਕੀਮਤ ਨਿਰਧਾਰਤ ਕਰਨਾ ਵੀ ਬਹੁਤ ਮਹੱਤਵਪੂਰਨ ਹੈ ਜੋ ਹੋਰ ਵਿਕਰੇਤਾਵਾਂ ਦੀ ਕੀਮਤ ਨਾਲ ਤੁਲਨਾਯੋਗ ਹੈ।

(iii) **ਵੱਖ-ਵੱਖ ਕੀਮਤਾਂ 'ਤੇ ਵਸਤੂ ਦੀ ਸੰਭਾਵਿਤ ਵਿਕਰੀ:** ਵਿਕਰੇਤਾ ਉਸ ਵਸਤੂ ਦੀ ਮਾਤਰਾ 'ਤੇ ਵੀ ਵਿਚਾਰ ਕਰਦਾ ਹੈ ਜਿਸ ਨੂੰ ਉਹ ਵੱਖ-ਵੱਖ ਕੀਮਤਾਂ 'ਤੇ ਵੇਚਣ ਦੇ ਯੋਗ ਹੋਵੇਗਾ। ਇਸ ਲਈ, ਉਸ ਦੁਆਰਾ ਨਿਰਧਾਰਤ ਕੀਤੀ ਵਸਤੂ ਦੀ ਕੀਮਤ ਅਜਿਹੀ ਹੋਣੀ ਚਾਹੀਦੀ ਹੈ ਕਿ ਉਸ ਦੁਆਰਾ ਵੇਚੀ ਗਈ ਵਸਤੂ ਦੀ ਕੁੱਲ ਮਾਤਰਾ ਉਸ ਨੂੰ ਵੱਧ ਤੋਂ ਵੱਧ ਕੁੱਲ ਲਾਭ ਦੇਵੇ।

## ਪਾਠ ਅਧੀਨ ਪ੍ਰਸ਼ਨ 11.1

1. ਮੰਨ ਲਓ ਕਿ ਤੁਸੀਂ ਬਾਜ਼ਾਰ ਵਿਚ ਟਮਾਟਰ ਵੇਚਣ ਵਾਲੇ ਹੋ। ਤੁਹਾਡੇ ਦੁਆਰਾ ਵੇਚੇ ਗਏ ਟਮਾਟਰਾਂ ਦੀ ਕੀਮਤ ਨਿਰਧਾਰਤ ਕਰਦੇ ਸਮੇਂ ਉਹਨਾਂ ਕਾਰਕਾਂ ਦੇ ਨਾਮ ਦਿਓ ਜਿਨ੍ਹਾਂ 'ਤੇ ਤੁਸੀਂ ਵਿਚਾਰ ਕਰੋਗੇ।

2. ਜੇਕਰ ਡੀਜ਼ਲ ਦੀ ਕੀਮਤ ਵਧਣ ਕਾਰਨ ਆਵਾਜਾਈ ਦੀ ਲਾਗਤ ਵਧ ਜਾਂਦੀ ਹੈ ਤਾਂ ਤੁਹਾਡੇ ਦੁਆਰਾ ਤੈਅ ਕੀਤੇ ਟਮਾਟਰਾਂ ਦੀ ਕੀਮਤ 'ਤੇ ਕੀ ਪ੍ਰਭਾਵ ਪਵੇਗਾ।

## 11.2 ਕੀਮਤ ਦਾ ਅਰਥ ਅਤੇ ਕੀਮਤ ਦਾ ਨਿਰਧਾਰਨ

ਜੇਕਰ ਵਿਕਰੇਤਾ ਵਸਤੂ ਦੀ ਉੱਚ ਕੀਮਤ ਨਿਰਧਾਰਤ ਕਰਦਾ ਹੈ, ਤਾਂ ਵਸਤੂ ਦੀ ਸਪਲਾਈ ਕੀਤੀ ਗਈ ਮਾਤਰਾ ਉਸ ਦੀ ਮੰਗ ਦੀ ਮਾਤਰਾ ਤੋਂ ਵੱਧ ਹੋ ਸਕਦੀ ਹੈ ਅਤੇ ਜੇਕਰ ਉਹ ਵਸਤੂ ਦੀ ਘੱਟ ਕੀਮਤ ਨਿਰਧਾਰਤ ਕਰਦਾ ਹੈ, ਤਾਂ ਵਸਤੂ ਦੀ ਮੰਗ ਦੀ ਮਾਤਰਾ ਉਸਦੀ ਸਪਲਾਈ ਦੀ ਮਾਤਰਾ ਤੋਂ ਵੱਧ ਹੋ ਸਕਦੀ ਹੈ। ਤੁਸੀਂ ਪਹਿਲਾਂ ਹੀ ਸਿੱਖਿਆ ਹੈ ਕਿ ਮੰਗ ਦੇ ਨਿਯਮ ਦੇ ਅਨੁਸਾਰ ਜੇਕਰ ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਕਾਰਕ ਸਥਿਰ ਰਹਿੰਦੇ ਹਨ ਤਾਂ ਕਿਸੇ ਵਸਤੂ ਦਾ ਖਰੀਦਦਾਰ ਘੱਟ ਕੀਮਤ 'ਤੇ ਵਸਤੂ ਦੀ ਜ਼ਿਆਦਾ ਮਾਤਰਾ ਖਰੀਦਦਾ ਹੈ ਅਤੇ ਉੱਚ ਕੀਮਤ 'ਤੇ ਘੱਟ ਖਰੀਦਦਾ ਹੈ। ਸਪਲਾਈ ਦੇ ਨਿਯਮ ਅਨੁਸਾਰ, ਜੇਕਰ ਸਪਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਕਾਰਕ ਸਥਿਰ ਰਹਿੰਦੇ ਹਨ ਤਾਂ ਵਸਤੂ ਦਾ ਵਿਕਰੇਤਾ ਉੱਚ ਕੀਮਤ 'ਤੇ ਵਸਤੂ ਦੀ ਜ਼ਿਆਦਾ ਮਾਤਰਾ ਵੇਚਣ ਲਈ ਤਤਪਰ ਹੁੰਦਾ ਹੈ ਅਤੇ ਘੱਟ ਕੀਮਤ 'ਤੇ ਘੱਟ। ਖਰੀਦਦਾਰ ਦਾ ਉਦੇਸ਼ ਘੱਟੋ ਘੱਟ ਖਰਚ ਕਰਕੇ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਕਰਨਾ ਹੈ ਅਤੇ ਵੇਚਣ ਵਾਲੇ ਦਾ ਉਦੇਸ਼ ਵੱਧ

ਤੋਂ ਵੱਧ ਲਾਭ ਪ੍ਰਾਪਤ ਕਰਨਾ ਹੈ। ਜੇਕਰ ਕਿਸੇ ਕੀਮਤ 'ਤੇ ਕਿਸੇ ਵਸਤੂ ਦੀ ਮੰਗ ਮਾਤਰਾ ਅਤੇ ਸਪਲਾਈ ਕੀਤੀ ਗਈ ਮਾਤਰਾ ਦੋਵੇਂ ਬਰਾਬਰ ਹੋਣ ਤਾਂ ਇਸ ਨੂੰ ਵਸਤੂ ਦੀ ਸੰਤੁਲਨ ਕੀਮਤ ਕਿਹਾ ਜਾਂਦਾ ਹੈ। ਇਸ ਤਰ੍ਹਾਂ, ਕਿਸੇ ਵਸਤੂ ਦੀ ਕੀਮਤ ਬਾਜ਼ਾਰ ਵਿੱਚ ਮੰਗ ਅਤੇ ਸਪਲਾਈ ਦੀਆਂ ਤਾਕਤਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਪਰ ਕੁਝ ਵਸਤਾਂ ਦੇ ਮਾਮਲੇ ਵਿੱਚ, ਸਰਕਾਰ ਦੁਆਰਾ ਖਪਤਕਾਰਾਂ ਜਾਂ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਕੀਮਤ ਨਿਰਧਾਰਤ ਕੀਤੀ ਜਾਂਦੀ ਹੈ। ਇਸ ਪਾਠ ਵਿੱਚ,

ਅਸੀਂ ਚਰਚਾ ਕਰਾਂਗੇ ਕਿ ਕਿਸੇ ਵਸਤੂ ਦੀ ਕੀਮਤ ਮੰਗ ਅਤੇ ਸਪਲਾਈ ਦੀਆਂ ਤਾਕਤਾਂ ਦੁਆਰਾ ਕਿਵੇਂ ਨਿਰਧਾਰਤ ਕੀਤੀ ਜਾਂਦੀ ਹੈ।

## 11.3 ਸੰਤੁਲਿਤ ਕੀਮਤ ਦਾ ਅਰਥ

ਸੰਤੁਲਨ ਦਾ ਸ਼ਾਬਦਿਕ ਅਰਥ ਹੈ ਸੰਤੁਲਨ ਦੀ ਅਵਸਥਾ ਜਿੱਥੋਂ ਬਦਲਣ ਦੀ ਕੋਈ ਪ੍ਰਵਿਰਤੀ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਸੰਤੁਲਨ ਇੱਕ ਅਜਿਹੀ ਸਥਿਤੀ ਹੈ ਜਿੱਥੇ ਸੰਤੁਲਨ ਨਿਰਧਾਰਤ ਕਰਨ ਵਾਲੀਆਂ ਸ਼ਕਤੀਆਂ ਸੰਤੁਲਨ ਵਿੱਚ ਹੁੰਦੀਆਂ ਹਨ ਜਾਂ ਇੱਕ ਦੂਜੇ ਦੇ ਬਰਾਬਰ ਹੁੰਦੀਆਂ ਹਨ। ਇੱਥੇ ਸੰਤੁਲਨ ਮੁੱਲ ਨਿਰਧਾਰਤ ਕਰਨ ਵਾਲੀਆਂ ਸ਼ਕਤੀਆਂ ਵਸਤੂ ਦੀ ਮੰਗ ਦੀ ਮਾਤਰਾ ਅਤੇ ਸਪਲਾਈ ਕੀਤੀ ਮਾਤਰਾ ਹਨ। ਜਿਸ ਕੀਮਤ 'ਤੇ ਕਿਸੇ ਵਸਤੂ ਦੀ ਮੰਗ ਕੀਤੀ ਗਈ ਮਾਤਰਾ ਉਸ ਦੀ ਸਪਲਾਈ ਕੀਤੀ ਗਈ ਮਾਤਰਾ ਦੇ ਬਰਾਬਰ ਹੁੰਦੀ ਹੈ, ਉਸ ਨੂੰ ਸੰਤੁਲਿਤ ਮੁੱਲ ਕਿਹਾ ਜਾਂਦਾ ਹੈ।

ਸੰਤੁਲਿਤ ਕੀਮਤ 'ਤੇ ਕਿਸੇ ਵਸਤੂ ਦੀ ਮੰਗ ਕੀਤੀ ਮਾਤਰਾ ਅਤੇ ਸਪਲਾਈ ਕੀਤੀ ਮਾਤਰਾ ਬਰਾਬਰ ਹੁੰਦੀ ਹੈ। ਇਸ ਮਾਤਰਾ ਨੂੰ ਵਸਤੂ ਦੀ ਸੰਤੁਲਿਤ ਮਾਤਰਾ ਕਿਹਾ ਜਾਂਦਾ ਹੈ।

## 11.4 ਸੰਤੁਲਿਤ ਮੁੱਲ ਦਾ ਨਿਰਧਾਰਨ

ਵਿਹਾਰਕ ਜੀਵਨ ਵਿੱਚ, ਜਿਸ ਕੀਮਤ 'ਤੇ ਵਿਕਰੇਤਾ/ਫਰਮ ਕਿਸੇ ਵਸਤੂ ਨੂੰ ਵੇਚਣਾ ਚਾਹੁੰਦਾ ਹੈ, ਉਸ ਦੀ ਸਪਲਾਈ ਕੀਤੀ ਗਈ ਮਾਤਰਾ ਮੰਗੀ ਗਈ ਮਾਤਰਾ ਤੋਂ ਵੱਧ ਜਾਂ ਘੱਟ ਹੋ ਸਕਦੀ ਹੈ। ਇਸ ਲਈ ਇਹ ਕੀਮਤ ਵਸਤੂ ਦੀ ਸੰਤੁਲਿਤ ਕੀਮਤ ਨਹੀਂ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸੰਤੁਲਨ ਕਿਵੇਂ ਕਾਇਮ ਹੋਵੇਗਾ?



ਨੋਟ

ਸਾਰਣੀ 11.1 ਵਿੱਚ ਦਿੱਤੇ ਅਨੁਸਾਰ ਵੱਖ-ਵੱਖ ਕੀਮਤਾਂ 'ਤੇ ਟਮਾਟਰਾਂ ਦੀ ਬਾਜ਼ਾਰ ਦੀ ਮੰਗ ਅਤੇ ਬਾਜ਼ਾਰ ਦੀ ਸਪਲਾਈ ਦੀ ਅਨੁਸੂਚੀ 'ਤੇ ਵਿਚਾਰ ਕਰੋ। ਤੁਸੀਂ ਕ੍ਰਮਵਾਰ ਪਾਠ 9 ਅਤੇ 10 ਵਿੱਚ ਕਿਸੇ ਵਸਤੂ ਦੀ ਮਾਰਕੀਟ ਮੰਗ ਅਤੇ ਸਪਲਾਈ ਦੇ ਵਿਸ਼ੇ ਬਾਰੇ ਪਹਿਲਾਂ ਹੀ ਪੜ੍ਹ ਚੁੱਕੇ ਹੋ।

**ਸਾਰਣੀ 11.1 ਟਮਾਟਰਾਂ ਦੀ ਮੰਗ ਅਤੇ ਸਪਲਾਈ ਦੀ ਮਾਤਰਾ**

| ਟਮਾਟਰ ਦੀ ਕੀਮਤ (ਰੁ. ਪ੍ਰਤੀ ਕਿਲੋਗ੍ਰਾਮ) | ਮੰਗ ਦੀ ਮਾਤਰਾ ਪ੍ਰਤੀ ਦਿਨ (ਕਿਲੋਗ੍ਰਾਮ) | ਸਪਲਾਈ ਦੀ ਮਾਤਰਾ ਪ੍ਰਤੀ ਦਿਨ (ਕਿਲੋਗ੍ਰਾਮ) |
|---|---|---|
| 20 | 100 | 300 |
| 18 | 150 | 250 |
| **16** | **200** | **200** |
| 14 | 250 | 150 |
| 12 | 300 | 100 |

ਸਾਰਣੀ 11.1 ਵਿੱਚ ਦੇਖਿਆ ਗਿਆ ਹੈ ਕਿ ਜਦੋਂ ਟਮਾਟਰ ਦੀ ਕੀਮਤ 20 ਰੁਪਏ ਪ੍ਰਤੀ ਕਿਲੋ ਹੁੰਦੀ ਹੈ ਤਾਂ ਵਿਕਰੇਤਾ 300 ਕਿਲੋ ਟਮਾਟਰ ਵਿਕਰੀ ਲਈ ਪੇਸ਼ ਕਰਦਾ ਹੈ, ਪਰ ਖਰੀਦਦਾਰ ਸਿਰਫ਼ 100 ਕਿਲੋ ਟਮਾਟਰ ਖਰੀਦਣ ਲਈ ਤਿਆਰ ਹੁੰਦੇ ਹਨ। ਜੇਕਰ ਕੀਮਤ 18 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਡਿੱਗ ਜਾਂਦੀ ਹੈ, ਤਾਂ ਮੰਗੀ ਗਈ ਮਾਤਰਾ 150 ਕਿਲੋਗ੍ਰਾਮ ਤੱਕ ਵਧ ਜਾਂਦੀ ਹੈ ਪਰ ਸਪਲਾਈ ਕੀਤੀ ਗਈ ਮਾਤਰਾ 250 ਕਿਲੋਗ੍ਰਾਮ ਟਮਾਟਰ 'ਤੇ ਆ ਜਾਂਦੀ ਹੈ। ਦੋਵਾਂ ਮਾਮਲਿਆਂ ਵਿੱਚ, ਟਮਾਟਰ ਦੀ ਸਪਲਾਈ ਕੀਤੀ ਗਈ ਮਾਤਰਾ ਟਮਾਟਰ ਦੀ ਵੱਧ ਸਪਲਾਈ ਨੂੰ ਦਰਸਾਉਂਦੇ ਹੋਏ ਇਸਦੀ ਮੰਗ ਦੀ ਮਾਤਰਾ ਤੋਂ ਵੱਧ ਹੈ। ਇਸ ਨਾਲ ਟਮਾਟਰਾਂ ਦੀ ਕੀਮਤ ਵਿੱਚ ਹੋਰ ਗਿਰਾਵਟ ਆਵੇਗੀ।

ਹੁਣ ਸਪਲਾਈ ਜ਼ਿਆਦਾ ਹੋਣ ਕਾਰਨ ਟਮਾਟਰ ਦੀ ਕੀਮਤ 16 ਰੁਪਏ ਪ੍ਰਤੀ ਕਿਲੋ ਤੱਕ ਡਿੱਗ ਗਈ ਹੈ। ਇਸ ਕੀਮਤ 'ਤੇ ਖਰੀਦਦਾਰ 200 ਕਿਲੋ ਟਮਾਟਰ ਖਰੀਦਣ ਦੇ ਇੱਛੁਕ ਹਨ ਅਤੇ ਵਿਕਰੇਤਾ ਵੀ ਇੰਨੀ ਹੀ ਮਾਤਰਾ 'ਚ ਟਮਾਟਰ ਭਾਵ 200 ਕਿਲੋ ਟਮਾਟਰ ਵੇਚਣ ਲਈ ਤਿਆਰ ਹਨ। ਇਸ ਤਰ੍ਹਾਂ ਸਥਿਤੀ ਸੰਤੁਲਿਤ ਕੀਮਤ ਤੱਕ ਪਹੁੰਚ ਗਈ। ਇਸ ਤਰ੍ਹਾਂ 16 ਰੁਪਏ ਪ੍ਰਤੀ ਕਿਲੋ ਟਮਾਟਰ ਦੀ ਸੰਤੁਲਿਤ ਕੀਮਤ ਹੈ ਜਿਸ 'ਤੇ ਟਮਾਟਰ ਦੀ ਮੰਗ ਦੀ ਮਾਤਰਾ 200 ਕਿਲੋ ਟਮਾਟਰ 'ਤੇ ਸਪਲਾਈ ਕੀਤੀ ਗਈ ਮਾਤਰਾ ਦੇ ਬਰਾਬਰ ਹੈ।

## 11.5 ਅਸੰਤੁਲਨ ਦੀਆਂ ਸਥਿਤੀਆਂ ਅਤੇ ਸੰਤੁਲਨ ਸਥਿਤੀ ਲਈ ਸਮਾਯੋਜਨ

ਸਾਰਣੀ 11.1 ਵਿੱਚ ਦੇਖੋ ਕਿ 12 ਅਤੇ 14 ਰੁਪਏ ਦੀਆਂ ਕੀਮਤਾਂ (ਸੰਤੁਲਿਤ ਕੀਮਤ ਤੋਂ ਘੱਟ) ਦੀ ਮੰਗ ਅਤੇ ਸਪਲਾਈ ਕੀਤੀ ਮਾਤਰਾ ਬਰਾਬਰ ਨਹੀਂ ਹਨ। ਇਸੇ ਤਰ੍ਹਾਂ 20 ਰੁਪਏ ਅਤੇ 18 ਰੁਪਏ (ਸੰਤੁਲਿਤ ਕੀਮਤ ਤੋਂ ਵੱਧ) ਦੀ ਮੰਗ ਅਤੇ ਸਪਲਾਈ ਦੀ ਮਾਤਰਾ ਵੀ ਬਰਾਬਰ ਨਹੀਂ ਹੈ। ਇਹ ਦੋ ਸਥਿਤੀਆਂ ਅਸੰਤੁਲਨ ਵਾਲੀਆਂ ਸਥਿਤੀਆਂ ਹਨ। ਆਓ ਉਨ੍ਹਾਂ ਦੀ ਵਿਆਖਿਆ ਕਰੀਏ।

ਟਮਾਟਰ ਦੀ ਮਾਰਕੀਟ ਕੀਮਤ 12 ਰੁਪਏ ਪ੍ਰਤੀ ਕਿਲੋ ਹੈ, ਇਸ ਸਥਿਤੀ 'ਤੇ ਗੌਰ ਕਰੋ। ਇਸ ਕੀਮਤ 'ਤੇ ਖਰੀਦਦਾਰ 300 ਕਿਲੋ ਟਮਾਟਰ ਖਰੀਦਣ ਦੇ ਇੱਛੁਕ ਹਨ, ਜਦਕਿ ਵਿਕਰੇਤਾ ਸਿਰਫ਼ 100 ਕਿਲੋ ਟਮਾਟਰ ਵੇਚਣ ਦੇ ਇੱਛੁਕ ਹਨ। ਇਸੇ ਤਰ੍ਹਾਂ ਜਦੋਂ ਟਮਾਟਰ ਦੀ ਕੀਮਤ 14 ਰੁਪਏ ਪ੍ਰਤੀ ਕਿਲੋਗ੍ਰਾਮ ਹੈ ਤਾਂ ਟਮਾਟਰ ਦੀ ਮੰਗ ਦੀ ਮਾਤਰਾ 250 ਕਿਲੋਗ੍ਰਾਮ ਰਹਿ ਜਾਂਦੀ ਹੈ ਅਤੇ ਸਪਲਾਈ ਕੀਤੀ ਗਈ ਮਾਤਰਾ 150 ਕਿਲੋਗ੍ਰਾਮ ਤੱਕ ਪਹੁੰਚ ਜਾਂਦੀ ਹੈ। ਇਹ ਦੋਵੇਂ ਮਾਮਲੇ ਬਾਜ਼ਾਰ ਵਿੱਚ ਟਮਾਟਰ ਦੀ ਜ਼ਿਆਦਾ ਮੰਗ ਨੂੰ ਦਰਸਾਉਂਦੇ ਹਨ। ਇਸ ਨਾਲ ਟਮਾਟਰ ਦੀ ਕੀਮਤ ਵਿੱਚ ਹੋਰ ਵਾਧਾ ਹੋਵੇਗਾ। ਟਮਾਟਰਾਂ ਦੀ ਕੀਮਤ ਉਦੋਂ ਤੱਕ ਵਧਦੀ ਰਹੇਗੀ ਜਦੋਂ ਤੱਕ ਟਮਾਟਰ ਦੀ ਮੰਗ ਦੀ ਮਾਤਰਾ ਉਨ੍ਹਾਂ ਦੀ ਸਪਲਾਈ ਕੀਤੀ ਗਈ ਮਾਤਰਾ ਦੇ ਬਰਾਬਰ ਮੁੱਲ 'ਤੇ ਨਹੀਂ ਪਹੁੰਚ ਜਾਂਦੀ। ਇਸ ਤਰ੍ਹਾਂ ਟਮਾਟਰਾਂ ਦੀ ਸੰਤੁਲਨ ਕੀਮਤ 16 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਜਾਵੇਗੀ ਜਿਸ 'ਤੇ ਮੰਗ ਦੀ ਮਾਤਰਾ ਅਤੇ 200 ਕਿਲੋ ਟਮਾਟਰ ਦੀ ਸਪਲਾਈ ਦੀ ਮਾਤਰਾ ਦੋਵੇਂ ਬਰਾਬਰ ਹਨ।

ਦੂਜੇ ਪਾਸੇ ਜਦੋਂ ਟਮਾਟਰ ਦੀ ਕੀਮਤ 18 ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ ਤਾਂ ਮੰਗ ਦੀ ਮਾਤਰਾ 150 ਕਿਲੋਗ੍ਰਾਮ ਅਤੇ ਸਪਲਾਈ ਕੀਤੀ ਗਈ ਮਾਤਰਾ 250 ਕਿਲੋਗ੍ਰਾਮ ਹੁੰਦੀ ਹੈ, ਭਾਵ ਟਮਾਟਰਾਂ ਦੀ ਸਪਲਾਈ ਕੀਤੀ ਗਈ ਮਾਤਰਾ ਉਹਨਾਂ ਦੀ ਮੰਗ ਦੀ ਮਾਤਰਾ ਤੋਂ ਵੱਧ ਹੁੰਦੀ ਹੈ। ਇਹ ਟਮਾਟਰ ਦੀ ਵਾਧੂ ਸਪਲਾਈ ਦੀ ਸਥਿਤੀ ਹੈ। ਇਸ ਨਾਲ ਕੀਮਤ ਵਿੱਚ ਗਿਰਾਵਟ ਆਵੇਗੀ ਅਤੇ ਕੀਮਤ ਉਦੋਂ ਤੱਕ ਡਿੱਗਦੀ ਰਹੇਗੀ ਜਦੋਂ ਤੱਕ ਇਹ ਸੰਤੁਲਿਤ ਕੀਮਤ 16 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਨਹੀਂ ਪਹੁੰਚ ਜਾਂਦੀ, ਜਿਸ 'ਤੇ ਟਮਾਟਰ ਦੀ ਮੰਗ ਅਤੇ ਸਪਲਾਈ ਦੀ ਮਾਤਰਾ 200 ਕਿਲੋਗ੍ਰਾਮ ਦੇ ਬਰਾਬਰ ਹੈ।



ਨੋਟ

## ਪਾਠ ਅਧੀਨ ਪ੍ਰਸ਼ਨ 11.2

1. ਮੰਨ ਲਓ ਕਿ ਤੁਸੀਂ ਟਮਾਟਰ ਵੇਚਣ ਵਾਲੇ ਹੋ ਅਤੇ ਤੁਹਾਡੇ ਕੋਲ ਵਿਕਰੀ ਲਈ 100 ਕਿਲੋ ਟਮਾਟਰ ਹਨ। ਇਸ ਦੀ ਬਾਜ਼ਾਰੀ ਕੀਮਤ 20 ਰੁਪਏ ਪ੍ਰਤੀ ਕਿਲੋ ਹੈ। ਇਸ ਕੀਮਤ 'ਤੇ ਟਮਾਟਰ ਦੀ ਮੰਗ ਸਿਰਫ਼ 60 ਕਿਲੋ ਹੈ। ਇਹ ਤੁਹਾਡੇ ਦੁਆਰਾ ਨਿਰਧਾਰਤ ਟਮਾਟਰਾਂ ਦੀ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

2. ਜਿਵੇਂ ਕਿ ਪ੍ਰਸ਼ਨ ਨੰਬਰ 1 ਵਿੱਚ, ਜੇਕਰ ਕੀਮਤ 20 ਰੁਪਏ ਪ੍ਰਤੀ ਕਿਲੋ ਹੈ ਤਾਂ ਟਮਾਟਰ ਦੀ ਮੰਗ 150 ਕਿਲੋ ਹੈ। ਇਹ ਤੁਹਾਡੇ ਦੁਆਰਾ ਨਿਰਧਾਰਤ ਟਮਾਟਰਾਂ ਦੀ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

3. ਸਹੀ ਉੱਤਰ 'ਤੇ ਨਿਸ਼ਾਨ ਲਗਾਓ (√) ਵਾਧੂ ਮੰਗ ਇੱਕ ਅਜਿਹੀ ਸਥਿਤੀ ਹੈ ਜਿੱਥੇ:

   (ੳ) ਕਿਸੇ ਵਸਤੂ ਦੀ ਮੰਗ ਦੀ ਮਾਤਰਾ ਉਸ ਦੀ ਸਪਲਾਈ ਦੀ ਮਾਤਰਾ ਦੇ ਬਰਾਬਰ ਹੈ

   (ਅ) ਕਿਸੇ ਵਸਤੂ ਦੀ ਮੰਗ ਦੀ ਮਾਤਰਾ, ਸਪਲਾਈ ਦੀ ਮਾਤਰਾ ਤੋਂ ਵੱਧ ਹੈ।

   (ੲ) ਕਿਸੇ ਵਸਤੂ ਦੀ ਸਪਲਾਈ ਦੀ ਮਾਤਰਾ ਉਸਦੀ ਮੰਗ ਦੀ ਮਾਤਰਾ ਤੋਂ ਵੱਧ ਹੈ

4. ਸਹੀ ਉੱਤਰ 'ਤੇ ਨਿਸ਼ਾਨ (√) ਲਗਾਓ ਵਾਧੂ ਸਪਲਾਈ ਅਜਿਹੀ ਸਥਿਤੀ ਹੈ ਜਿੱਥੇ:

   (ੳ) ਕਿਸੇ ਵਸਤੂ ਦੀ ਸਪਲਾਈ ਦੀ ਮਾਤਰਾ ਉਸਦੀ ਮੰਗ ਦੀ ਮਾਤਰਾ ਤੋਂ ਵੱਧ ਹੈ

   (ਅ) ਕਿਸੇ ਵਸਤੂ ਦੀ ਸਪਲਾਈ ਦੀ ਮਾਤਰਾ ਉਸਦੀ ਮੰਗ ਦੀ ਮਾਤਰਾ ਦੇ ਬਰਾਬਰ ਹੁੰਦੀ ਹੈ

   (ੲ) ਕਿਸੇ ਵਸਤੂ ਦੀ ਸਪਲਾਈ ਦੀ ਮਾਤਰਾ ਉਸਦੀ ਮੰਗ ਦੀ ਮਾਤਰਾ ਤੋਂ ਘੱਟ ਹੈ।

5. ਸਹੀ ਉੱਤਰ 'ਤੇ ਨਿਸ਼ਾਨ ਲਗਾਓ (√)

   ਜੇਕਰ ਕਿਸੇ ਵਸਤੂ ਦੀ ਨਿਰਧਾਰਤ ਕੀਮਤ 'ਤੇ ਕਿਸੇ ਵਸਤੂ ਦੀ ਮੰਗ ਦੀ ਮਾਤਰਾ ਸਪਲਾਈ ਦੀ ਮਾਤਰਾ ਤੋਂ ਵੱਧ ਹੈ:

   (ੳ) ਵਸਤੂ ਦੀ ਕੀਮਤ ਨਹੀਂ ਬਦਲਦੀ

(ਅ) ਕੀਮਤ ਘਟਣੀ ਸ਼ੁਰੂ ਹੋ ਜਾਂਦੀ ਹੈ

(ੲ) ਕੀਮਤ ਵਧਣੀ ਸ਼ੁਰੂ ਹੋ ਜਾਂਦੀ ਹੈ

6. ਜੇਕਰ ਕਿਸੇ ਵਸਤੂ ਦੀ ਨਿਰਧਾਰਤ ਕੀਮਤ 'ਤੇ ਸਪਲਾਈ ਦੀ ਮਾਤਰਾ ਮੰਗ ਦੀ ਮਾਤਰਾ ਤੋਂ ਵੱਧ ਹੈ:

(ੳ) ਕੀਮਤ ਡਿੱਗਣੀ ਸ਼ੁਰੂ ਹੋ ਜਾਂਦੀ ਹੈ

(ਅ) ਕੀਮਤ ਉਹੀ ਰਹਿੰਦੀ ਹੈ

(ੲ) ਕੀਮਤ ਵਧਣੀ ਸ਼ੁਰੂ ਹੋ ਜਾਂਦੀ ਹੈ

## 11.6 ਮੰਗ ਵਿੱਚ ਤਬਦੀਲੀ ਦਾ ਸੰਤੁਲਿਤ ਕੀਮਤ ਅਤੇ ਮਾਤਰਾ 'ਤੇ ਪ੍ਰਭਾਵ

ਤੁਸੀਂ ਅਧਿਐਨ ਕੀਤਾ ਹੈ ਕਿ ਕਿਸੇ ਵਸਤੂ ਦੀ ਸੰਤੁਲਿਤ ਕੀਮਤ ਉਹ ਕੀਮਤ ਹੁੰਦੀ ਹੈ ਜਿਸ 'ਤੇ ਵਸਤੂ ਦੀ ਮੰਗ ਦੀ ਮਾਤਰਾ ਉਸ ਦੀ ਸਪਲਾਈ ਦੀ ਮਾਤਰਾ ਦੇ ਬਰਾਬਰ ਹੁੰਦੀ ਹੈ। ਪਰ ਉਦੋਂ ਕੀ ਹੁੰਦਾ ਹੈ ਜਦੋਂ ਵਸਤੂ ਦੀ ਮੰਗ ਵਧ ਜਾਂਦੀ ਹੈ ਪਰ ਇਸਦੀ ਸਪਲਾਈ ਇੱਕੋ ਜਿਹੀ ਰਹਿੰਦੀ ਹੈ। ਵਸਤੂ ਦੀ ਮੰਗ ਵਿੱਚ ਵਾਧੇ ਨਾਲ ਵਸਤੂ ਦੀ ਮੰਗ ਅਤੇ ਸਪਲਾਈ ਦੀ ਸੰਤੁਲਿਤ ਕੀਮਤ ਅਤੇ ਮਾਤਰਾ ਵਿੱਚ ਵਾਧਾ ਹੋਵੇਗਾ। ਦੂਜੇ ਪਾਸੇ, ਜੇਕਰ ਵਸਤੂ ਦੀ ਮੰਗ ਘਟਦੀ ਹੈ ਪਰ ਇਸਦੀ ਸਪਲਾਈ ਇੱਕੋ ਜਿਹੀ ਰਹਿੰਦੀ ਹੈ, ਤਾਂ ਇਹ ਵਸਤੂ ਦੀ ਮੰਗ ਅਤੇ ਸਪਲਾਈ ਦੀ ਸੰਤੁਲਿਤ ਕੀਮਤ ਅਤੇ ਮਾਤਰਾ ਵਿੱਚ ਕਮੀ ਵੱਲ ਲੈ ਜਾਵੇਗੀ।

## 11.7 ਸਪਲਾਈ ਵਿੱਚ ਤਬਦੀਲੀ ਦਾ ਸੰਤੁਲਿਤ ਕੀਮਤ ਅਤੇ ਸੰਤੁਲਿਤ ਮਾਤਰਾ 'ਤੇ ਪ੍ਰਭਾਵ

ਜਦੋਂ ਕਿਸੇ ਵਸਤੂ ਦੀ ਸਪਲਾਈ ਵਧਦੀ ਹੈ ਪਰ ਇਸਦੀ ਮੰਗ ਇੱਕੋ ਜਿਹੀ ਰਹਿੰਦੀ ਹੈ, ਤਾਂ ਸੰਤੁਲਿਤ ਮੁੱਲ ਘਟੇਗਾ ਪਰ ਮੰਗ ਅਤੇ ਸਪਲਾਈ ਕੀਤੀ ਸੰਤੁਲਿਤ ਮਾਤਰਾ ਵਧੇਗੀ। ਦੂਜੇ ਪਾਸੇ ਜਦੋਂ ਕਿਸੇ ਵਸਤੂ ਦੀ ਸਪਲਾਈ ਘਟ ਜਾਂਦੀ ਹੈ ਪਰ ਇਸਦੀ ਮੰਗ ਇੱਕੋ ਜਿਹੀ ਰਹਿੰਦੀ

ਹੈ, ਤਾਂ ਇਸਦੀ ਸੰਤੁਲਿਤ ਕੀਮਤ ਵਧ ਜਾਂਦੀ ਹੈ ਪਰ ਮੰਗ ਅਤੇ ਸਪਲਾਈ ਦੀ ਸੰਤੁਲਿਤ ਮਾਤਰਾ ਘਟ ਜਾਂਦੀ ਹੈ।

## ਪਾਠ ਅਧੀਨ ਪ੍ਰਸ਼ਨ 11.3

1. ਕਿਸੇ ਵਸਤੂ ਦੀ ਸੰਤੁਲਿਤ ਕੀਮਤ 'ਤੇ ਕੀ ਪ੍ਰਭਾਵ ਪਵੇਗਾ, ਜਦੋਂ

   (ੳ) ਇਸਦੀ ਮੰਗ ਵਧਦੀ ਹੈ ਅਤੇ ਸਪਲਾਈ ਉਹੀ ਰਹਿੰਦੀ ਹੈ

   (ਅ) ਇਸਦੀ ਸਪਲਾਈ ਵਧਦੀ ਹੈ ਅਤੇ ਮੰਗ ਇੱਕੋ ਜਿਹੀ ਰਹਿੰਦੀ ਹੈ

   (ੲ) ਇਸਦੀ ਮੰਗ ਘਟਦੀ ਹੈ ਪਰ ਸਪਲਾਈ ਉਹੀ ਰਹਿੰਦੀ ਹੈ

   (ਸ) ਇਸਦੀ ਸਪਲਾਈ ਘਟਦੀ ਹੈ ਪਰ ਮੰਗ ਉਹੀ ਰਹਿੰਦੀ ਹੈ

2. ਕਿਸੇ ਵਸਤੂ ਦੀ ਸੰਤੁਲਿਤ ਮਾਤਰਾ ਦੀ ਮੰਗ ਅਤੇ ਸਪਲਾਈ ਕਿਵੇਂ ਪ੍ਰਭਾਵਿਤ ਹੁੰਦੀ ਹੈ ਜਦੋਂ

   (ੳ) ਇਸਦੀ ਮੰਗ ਵਧਦੀ ਹੈ ਪਰ ਸਪਲਾਈ ਉਹੀ ਰਹਿੰਦੀ ਹੈ

   (ਅ) ਇਸਦੀ ਸਪਲਾਈ ਵਧਦੀ ਹੈ ਪਰ ਮੰਗ ਉਹੀ ਰਹਿੰਦੀ ਹੈ

   (ੲ) ਇਸਦੀ ਮੰਗ ਘਟਦੀ ਹੈ ਪਰ ਸਪਲਾਈ ਉਹੀ ਰਹਿੰਦੀ ਹੈ

   (ਸ) ਇਸਦੀ ਸਪਲਾਈ ਘਟਦੀ ਹੈ ਪਰ ਮੰਗ ਉਹੀ ਰਹਿੰਦੀ ਹੈ।

## ਤੁਸੀਂ ਕੀ ਸਿੱਖਿਆ

- ਖਰੀਦਦਾਰ ਦੁਆਰਾ ਕਿਸੇ ਵਸਤੂ ਜਾਂ ਸੇਵਾ ਦੀ ਇਕਾਈ ਦੇ ਬਦਲੇ ਵੇਚਣ ਵਾਲੇ ਨੂੰ ਦਿੱਤੀ ਗਈ ਰਕਮ ਨੂੰ ਉਸ ਵਸਤੂ ਜਾਂ ਸੇਵਾ ਦੀ ਕੀਮਤ ਮੰਨਿਆ ਜਾਂਦਾ ਹੈ।
- ਸੰਤੁਲਿਤ ਕੀਮਤ ਉਹ ਕੀਮਤ ਹੁੰਦੀ ਹੈ ਜਿਸ 'ਤੇ ਕਿਸੇ ਵਸਤੂ ਦੀ ਮੰਗ ਅਤੇ ਸਪਲਾਈ ਦੀ ਮਾਤਰਾ ਦੋਵੇਂ ਬਰਾਬਰ ਹੁੰਦੀਆਂ ਹਨ।
- ਸੰਤੁਲਨ ਮੁੱਲ ਕਿਸੇ ਵਸਤੂ ਦੀ ਮੰਗ ਅਤੇ ਸਪਲਾਈ ਦੀਆਂ ਮਾਰਕੀਟ ਤਾਕਤਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।
- ਵਾਧੂ ਮੰਗ ਅਜਿਹੀ ਸਥਿਤੀ ਹੁੰਦੀ ਹੈ ਜਦੋਂ ਇੱਕ ਦਿੱਤੇ ਮੁੱਲ 'ਤੇ ਕਿਸੇ ਵਸਤੂ ਦੀ ਮੰਗ ਦੀ ਮਾਤਰਾ, ਸਪਲਾਈ ਦੀ ਮਾਤਰਾ ਤੋਂ ਵੱਧ ਹੁੰਦੀ ਹੈ।

- ਵਾਧੂ ਸਪਲਾਈ ਅਜਿਹੀ ਸਥਿਤੀ ਹੁੰਦੀ ਹੈ ਜਦੋਂ ਕਿਸੇ ਵਸਤੂ ਦੀ ਨਿਰਧਾਰਤ ਕੀਮਤ 'ਤੇ ਸਪਲਾਈ ਦੀ ਮਾਤਰਾ ਉਸਦੀ ਮੰਗ ਦੀ ਮਾਤਰਾ ਤੋਂ ਵੱਧ ਹੁੰਦੀ ਹੈ।
- ਜਦੋਂ ਵਸਤੂ ਦੀ ਜ਼ਿਆਦਾ ਮੰਗ ਹੁੰਦੀ ਹੈ ਤਾਂ ਕੀਮਤ ਵਧਣੀ ਸ਼ੁਰੂ ਹੋ ਜਾਂਦੀ ਹੈ ਅਤੇ ਸੰਤੁਲਿਤ ਮੁੱਲ 'ਤੇ ਪਹੁੰਚਣ ਤੱਕ ਇਹ ਲਗਾਤਾਰ ਵਧਦੀ ਰਹਿੰਦੀ ਹੈ।
- ਜਦੋਂ ਵਸਤੂ ਦੀ ਵਾਧੂ ਸਪਲਾਈ ਹੁੰਦੀ ਹੈ ਤਾਂ ਇਸਦੀ ਕੀਮਤ ਡਿੱਗਣੀ ਸ਼ੁਰੂ ਹੋ ਜਾਂਦੀ ਹੈ ਅਤੇ ਸੰਤੁਲਿਤ ਮੁੱਲ 'ਤੇ ਪਹੁੰਚਣ ਤੱਕ ਡਿੱਗਦੀ ਰਹਿੰਦੀ ਹੈ।
- ਜਦੋਂ ਕਿਸੇ ਵਸਤੂ ਦੀ ਮੰਗ ਵਧਦੀ ਹੈ ਪਰ ਇਸਦੀ ਸਪਲਾਈ ਇੱਕੋ ਜਿਹੀ ਰਹਿੰਦੀ ਹੈ, ਤਾਂ ਸੰਤੁਲਿਤ ਮੁੱਲ ਅਤੇ ਮੰਗ ਅਤੇ ਸਪਲਾਈ ਦੀ ਮਾਤਰਾ ਦੋਵੇਂ ਵਧਣਗੀਆਂ।
- ਜਦੋਂ ਕਿਸੇ ਵਸਤੂ ਦੀ ਮੰਗ ਘਟ ਜਾਂਦੀ ਹੈ ਪਰ ਇਸਦੀ ਸਪਲਾਈ ਬਰਾਬਰ ਰਹਿੰਦੀ ਹੈ ਤਾਂ ਸੰਤੁਲਿਤ ਮੁੱਲ ਅਤੇ ਸੰਤੁਲਿਤ ਮਾਤਰਾ ਦੀ ਮੰਗ ਅਤੇ ਸਪਲਾਈ ਘਟ ਜਾਂਦੀ ਹੈ।
- ਜਦੋਂ ਕਿਸੇ ਵਸਤੂ ਦੀ ਸਪਲਾਈ ਵਧਦੀ ਹੈ ਅਤੇ ਇਸਦੀ ਮੰਗ ਇੱਕੋ ਜਿਹੀ ਰਹਿੰਦੀ ਹੈ, ਤਾਂ ਸੰਤੁਲਿਤ ਮੁੱਲ ਘਟੇਗਾ ਅਤੇ ਮੰਗ ਅਤੇ ਸਪਲਾਈ ਦੀ ਸੰਤੁਲਿਤ ਮਾਤਰਾ ਵਧੇਗੀ।
- ਜਦੋਂ ਕਿਸੇ ਵਸਤੂ ਦੀ ਸਪਲਾਈ ਘਟਦੀ ਹੈ ਪਰ ਇਸਦੀ ਮੰਗ ਉਸੇ ਤਰ੍ਹਾਂ ਰਹਿੰਦੀ ਹੈ ਤਾਂ ਸੰਤੁਲਿਤ ਮੁੱਲ ਵਧੇਗਾ ਪਰ ਮੰਗ ਅਤੇ ਸਪਲਾਈ ਦੀ ਸੰਤੁਲਿਤ ਮਾਤਰਾ ਘਟੇਗੀ।

## ਪਾਠ ਦੇ ਅੰਤ ਦੇ ਪ੍ਰਸ਼ਨ

1. ਕੀਮਤ ਤੋਂ ਕੀ ਭਾਵ ਹੈ?
2. ਸੰਤੁਲਿਤ ਕੀਮਤ ਤੋਂ ਕੀ ਭਾਵ ਹੈ?
3. ਸੰਤੁਲਿਤ ਮਾਤਰਾ ਤੋਂ ਕੀ ਭਾਵ ਹੈ?
4. ਕਿਸੇ ਵਸਤੂ ਦੀ ਸੰਤੁਲਿਤ ਕੀਮਤ ਕਿਵੇਂ ਨਿਰਧਾਰਤ ਕੀਤੀ ਜਾਂਦੀ ਹੈ?
5. ਕਿਸੇ ਵਸਤੂ ਦੀ ਕੀਮਤ 'ਤੇ ਕੀ ਪ੍ਰਭਾਵ ਪੈਂਦਾ ਹੈ ਜਦੋਂ ਦਿੱਤੀ ਹੋਈ ਕੀਮਤ 'ਤੇ:

   (ੳ) ਕਿਸੇ ਵਸਤੂ ਦੀ ਮੰਗ ਦੀ ਮਾਤਰਾ, ਸਪਲਾਈ ਦੀ ਮਾਤਰਾ ਤੋਂ ਵੱਧ ਹੈ

(ਅ) ਕਿਸੇ ਵਸਤੂ ਦੀ ਸਪਲਾਈ ਦੀ ਮਾਤਰਾ ਉਸਦੀ ਮੰਗ ਦੀ ਮਾਤਰਾ ਤੋਂ ਵੱਧ ਹੈ

(ੲ) ਕਿਸੇ ਵਸਤੂ ਦੀ ਮੰਗ ਦੀ ਮਾਤਰਾ ਉਸ ਦੀ ਸਪਲਾਈ ਦੀ ਮਾਤਰਾ ਦੇ ਬਰਾਬਰ ਹੈ

6. ਜਦੋਂ ਮੰਗ ਵਧਦੀ ਹੈ ਪਰ ਸਪਲਾਈ ਇੱਕੋ ਜਿਹੀ ਰਹਿੰਦੀ ਹੈ ਤਾਂ ਕਿਸੇ ਵਸਤੂ ਦੀ ਸੰਤੁਲਿਤ ਕੀਮਤ ਕਿਵੇਂ ਪ੍ਰਭਾਵਿਤ ਹੁੰਦੀ ਹੈ।

7. ਕਿਸੇ ਵਸਤੂ ਦੀ ਸਪਲਾਈ ਵਿੱਚ ਕਮੀ ਦਾ ਉਸ ਦੀ ਸੰਤੁਲਿਤ ਕੀਮਤ ਅਤੇ ਮੰਗ ਅਤੇ ਸਪਲਾਈ ਦੀ ਸੰਤੁਲਿਤ ਮਾਤਰਾ 'ਤੇ ਕੀ ਪ੍ਰਭਾਵ ਪੈਂਦਾ ਹੈ ਜਦੋਂ ਉਸ ਦੀ ਮੰਗ ਇੱਕੋ ਜਿਹੀ ਰਹਿੰਦੀ ਹੈ।

ਨੋਟ

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 11.1 ਦੇ ਉੱਤਰ

1. (i) ਉਤਪਾਦਨ ਦੀ ਲਾਗਤ

   (ii) ਸਮਾਨ ਵਸਤੂ ਦੇ ਦੂਜੇ ਵਿਕਰੇਤਾ ਦੁਆਰਾ ਨਿਰਧਾਰਤ ਕੀਮਤ

   (iii) ਵੱਖ-ਵੱਖ ਕੀਮਤਾਂ 'ਤੇ ਸੰਭਾਵਿਤ ਵਿਕਰੀ।

2. ਟਮਾਟਰ ਦੀ ਕੀਮਤ ਵਧੇਗੀ।

### ਪਾਠਕ੍ਰਮ ਪ੍ਰਸ਼ਨ 11.2 ਦੇ ਉੱਤਰ

1. ਟਮਾਟਰ ਦੀ ਕੀਮਤ ਘੱਟ ਜਾਵੇਗੀ

2. ਟਮਾਟਰ ਦੀ ਕੀਮਤ ਵਧੇਗੀ

3. (ਅ)

4. (ੳ)

5. (ੲ)

6. (ੳ)

## ਪਾਠ ਅਧੀਨ ਪ੍ਰਸ਼ਨ 11.3 ਦੇ ਉੱਤਰ

1. (ੳ) ਸੰਤੁਲਿਤ ਕੀਮਤ ਵਧੇਗੀ

   (ਅ) ਸੰਤੁਲਿਤ ਮੁੱਲ ਘਟੇਗਾ

   (ੲ) ਸੰਤੁਲਿਤ ਮੁੱਲ ਘਟੇਗਾ

   (ਸ) ਸੰਤੁਲਿਤ ਕੀਮਤ ਵਧੇਗੀ

2. (ੳ) ਵਧੇਗਾ

   (ਅ) ਵਧੇਗੀ

   (ੲ) ਘਟੇਗੀ

   (ਸ) ਘਟੇਗੀ



ਨੋਟ

# 12

# ਬਾਜ਼ਾਰ

ਪਿਛਲੇ ਪਾਠ ਵਿੱਚ ਅਸੀਂ ਉਤਪਾਦਨ ਅਤੇ ਉਤਪਾਦਨ ਦੇ ਕਾਰਕਾਂ ਬਾਰੇ ਅਧਿਐਨ ਕੀਤਾ ਸੀ। ਉਤਪਾਦਨ ਦੇ ਕਾਰਕਾਂ ਦੇ ਸਾਂਝੇ ਯਤਨਾਂ ਦੁਆਰਾ ਜੋ ਵੀ ਮਾਲ ਤਿਆਰ ਕੀਤਾ ਜਾਂਦਾ ਹੈ, ਉਸ ਨੂੰ ਬਾਜ਼ਾਰ ਵਿੱਚ ਰੱਖਿਆ ਜਾਂਦਾ ਹੈ ਜਾਂ ਬਾਜ਼ਾਰ ਵਿੱਚ ਵਿਕਰੀ ਲਈ ਪੇਸ਼ ਕੀਤਾ ਜਾਂਦਾ ਹੈ। ਜਦੋਂ ਵੀ ਅਤੇ ਜਿੱਥੇ ਵੀ ਅਸੀਂ ਕੋਈ ਚੀਜ਼ ਲੈਣਾ ਚਾਹੁੰਦੇ ਹਾਂ, ਅਸੀਂ ਬਾਜ਼ਾਰ ਜਾ ਕੇ ਉਸ ਚੀਜ਼ ਨੂੰ ਖਰੀਦ ਲੈਂਦੇ ਹਾਂ। ਇਹ ਸਾਬਣ, ਸ਼ੈਂਪੂ, ਕੱਪੜਾ ਆਦਿ ਹੋ ਸਕਦਾ ਹੈ।

## ਉਦੇਸ਼

- ਇਸ ਪਾਠ ਨੂੰ ਪੂਰਾ ਕਰਨ ਤੋਂ ਬਾਅਦ, ਤੁਸੀਂ ਇਹ ਕਰਨ ਦੇ ਯੋਗ ਹੋਵੋਗੇ:
- ਬਾਜ਼ਾਰ ਦਾ ਅਰਥ ਸਮਝੋਗੇ;
- ਬਾਜ਼ਾਰ ਦੀ ਬਣਤਰ ਨੂੰ ਸਮਝੋਗੇ;
- ਵੰਡ ਦੇ ਚੈਨਲਾਂ ਦੇ ਆਧਾਰ 'ਤੇ ਬਾਜ਼ਾਰਾਂ ਨੂੰ ਵੱਖਰਾ ਕਰ ਸਕੋਗੇ;
- ਔਨਲਾਈਨ ਬਾਜ਼ਾਰ ਦਾ ਅਰਥ ਸਮਝੋਗੇ।

## 12.1 ਬਾਜ਼ਾਰ ਦਾ

ਆਮ ਤੌਰ 'ਤੇ, ਬਾਜ਼ਾਰ ਸ਼ਬਦ ਉਸ ਜਗ੍ਹਾ ਨੂੰ ਦਰਸਾਉਂਦਾ ਹੈ, ਜਿੱਥੇ ਚੀਜ਼ਾਂ ਖਰੀਦੀਆਂ ਅਤੇ ਵੇਚੀਆਂ ਜਾਂਦੀਆਂ ਹਨ, ਜਿਵੇਂ ਕਿ ਵੱਡੇ ਬਾਜ਼ਾਰ, ਦਿੱਲੀ ਵਿੱਚ ਚਾਂਦਨੀ ਚੌਕ, ਮੁੰਬਈ ਵਿੱਚ ਫੈਸ਼ਨ ਸਟ੍ਰੀਟ ਅਤੇ ਹੋਰ ਬਹੁਤ ਸਾਰੇ। ਬਾਜ਼ਾਰ ਨੂੰ ਕਿਸੇ ਖਾਸ ਥਾਂ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ। ਅਰਥ ਸ਼ਾਸਤਰ ਵਿੱਚ ਬਾਜ਼ਾਰ ਖਰੀਦਦਾਰਾਂ ਅਤੇ ਵੇਚਣ ਵਾਲਿਆਂ ਦੇ ਨਿੱਜੀ ਸੰਪਰਕ ਤੋਂ ਬਿਨਾਂ ਵੀ ਮੌਜੂਦ ਹੋ ਸਕਦਾ ਹੈ। ਇਸ ਤਰ੍ਹਾਂ, "ਮਾਰਕੀਟ ਇੱਕ ਦਿੱਤੇ ਖੇਤਰ ਵਿੱਚ ਪ੍ਰਬੰਧ ਨੂੰ ਦਰਸਾਉਂਦਾ ਹੈ ਜਿਸ ਵਿੱਚ ਖਰੀਦਦਾਰ ਅਤੇ ਵਿਕਰੇਤਾ ਇੱਕ ਦੂਜੇ ਦੇ ਸੰਪਰਕ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਵਸਤਾਂ ਨੂੰ ਖਰੀਦਣ ਜਾਂ ਵੇਚਣ ਲਈ ਆਉਂਦੇ ਹਨ।" ਇਹ ਪਰਿਭਾਸ਼ਾ ਦਰਸਾਉਂਦੀ ਹੈ ਕਿ ਬਾਜ਼ਾਰ ਲਈ ਆਹਮੋ-ਸਾਹਮਣੇ ਸੰਪਰਕ ਜ਼ਰੂਰੀ ਨਹੀਂ ਹੈ। ਖਰੀਦਦਾਰ ਅਤੇ ਵਿਕਰੇਤਾ ਏਜੰਟਾਂ, ਟੈਲੀਫੋਨ, ਮੋਬਾਈਲ ਜਾਂ ਇੰਟਰਨੈੱਟ ਰਾਹੀਂ ਅਸਿੱਧੇ ਤੌਰ 'ਤੇ ਆਪਣਾ ਲੈਣ-ਦੇਣ ਕਰ ਸਕਦੇ ਹਨ। ਖਰੀਦਦਾਰ ਅਤੇ ਵਿਕਰੇਤਾ

ਜੋ ਵੀ ਤਰੀਕੇ ਨਾਲ ਆਪਸ ਵਿੱਚ ਗੱਲਬਾਤ ਕਰਦੇ ਹਨ, ਉਹ ਪੈਸੇ ਲਈ ਚੀਜ਼ਾਂ ਅਤੇ ਸੇਵਾਵਾਂ ਦਾ ਆਦਾਨ-ਪ੍ਰਦਾਨ ਕਰਨ ਲਈ ਅਜਿਹਾ ਕਰਦੇ ਹਨ। ਇਸ ਪ੍ਰਕਿਰਿਆ ਵਿੱਚ, ਵਪਾਰ ਕੀਤੇ ਗਏ ਸਾਮਾਨ ਅਤੇ ਸੇਵਾਵਾਂ ਦੀ ਕੀਮਤ ਅਤੇ ਮਾਤਰਾ ਵੀ ਨਿਰਧਾਰਤ ਕੀਤੀ ਜਾਂਦੀ ਹੈ।

''ਇਸ ਤਰ੍ਹਾਂ, ਬਾਜ਼ਾਰ ਇੱਕ ਵਿਧੀ ਜਾਂ ਪ੍ਰਣਾਲੀ ਹੈ ਜਿਸ ਦੁਆਰਾ ਖਰੀਦਦਾਰ ਅਤੇ ਵਿਕਰੇਤਾ ਕਿਸੇ ਵਸਤੂ ਜਾਂ ਸੇਵਾ ਦੀ ਕੀਮਤ ਅਤੇ ਮਾਤਰਾ ਨੂੰ ਨਿਰਧਾਰਤ ਕਰਨ ਲਈ ਆਪਸ ਵਿੱਚ ਗੱਲਬਾਤ ਕਰਦੇ ਹਨ।"

**ਬਾਜ਼ਾਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ**

ਉੱਪਰ ਦੱਸੀ ਗਈ ਪਰਿਭਾਸ਼ਾ ਦੇ ਅਨੁਸਾਰ, ਇੱਕ ਬਾਜ਼ਾਰ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ:

1. ਵਸਤੂ, ਭਾਵ, ਇੱਕ ਵਸਤੂ ਹੋਣੀ ਚਾਹੀਦੀ ਹੈ ਜਿਸਦੀ ਮੰਗ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਵੇਚਿਆ ਜਾ ਰਿਹਾ ਹੈ।
2. ਖਰੀਦਦਾਰ ਅਤੇ ਵੇਚਣ ਵਾਲੇ, ਭਾਵ, ਵਸਤੂ ਦੇ ਖਰੀਦਦਾਰ ਅਤੇ ਵੇਚਣ ਵਾਲੇ ਹੋਣੇ ਚਾਹੀਦੇ ਹਨ।
3. ਸੰਚਾਰ, ਭਾਵ, ਖਰੀਦਦਾਰਾਂ ਅਤੇ ਵੇਚਣ ਵਾਲਿਆਂ ਵਿਚਕਾਰ ਸੰਚਾਰ ਹੋਣਾ ਚਾਹੀਦਾ ਹੈ।

**ਪਾਠ ਅਧੀਨ ਪ੍ਰਸ਼ਨ 12.1**

ਖਾਲੀ ਸਥਾਨਾਂ ਨੂੰ ਭਰੋ:

1. ਬਾਜ਼ਾਰ ਦੀ ਹੋਂਦ ਉੱਥੇ ਹੁੰਦੀ ਹੈ ਜਿੱਥੇ ਖਰੀਦਦਾਰਾਂ ਅਤੇ ਵਿਕਰੇਤਾਵਾਂ ਵਿਚਕਾਰ----------ਹੁੰਦਾ ਹੈ।
2. ਖਰੀਦਦਾਰ ਅਤੇ ਵਿਕਰੇਤਾ----------ਵਿੱਚ ਹੁੰਦਾ ਹੈ।
3. ----------ਅਤੇ ----------ਦੀ ਪ੍ਰਕਿਰਿਆ ਬਾਜ਼ਾਰ ਵਿੱਚ ਨਾਲ ਨਾਲ ਹੁੰਦੀ ਹੈ।
4. ਬਾਜ਼ਾਰ ਵਿੱਚ ਖਰੀਦਦਾਰ ਅਤੇ ਵਿਕਰੇਤਾਵਾਂ ਦੀ ਹੋਂਦ, ਉਨ੍ਹਾਂ ਵਿਚਕਾਰ ਸੰਪਰਕ ਅਤੇ ----------ਹੁੰਦੇ ਹਨ।



ਨੋਟ

## 12.2 ਬਾਜ਼ਾਰ ਦਾ ਢਾਂਚਾ

"ਬਾਜ਼ਾਰ ਦੇ ਢਾਂਚੇ" ਤੋਂ ਸਾਡਾ ਮਤਲਬ ਉਤਪਾਦ ਦੀ ਪ੍ਰਕਿਰਤੀ, ਬਾਜ਼ਾਰ ਵਿੱਚ ਵੇਚਣ ਵਾਲਿਆਂ ਅਤੇ ਖਰੀਦਦਾਰਾਂ ਦੀ ਗਿਣਤੀ ਆਦਿ ਹੈ। ਇਸ ਆਧਾਰ 'ਤੇ ਅਸੀਂ ਬਾਜ਼ਾਰ ਦੇ ਦੋ ਰੂਪ ਦੇ ਸਕਦੇ ਹਾਂ:

1. ਏਕਾਧਿਕਾਰ ਬਾਜ਼ਾਰ 2. ਪੂਰੀ ਤਰ੍ਹਾਂ ਪ੍ਰਤੀਯੋਗੀ ਬਾਜ਼ਾਰ

### 12.2.1 ਏਕਾਧਿਕਾਰ (Monopoly)

"Monopoly" ਸ਼ਬਦ ਦੀ ਉਤਪਦੀ ਦੋ ਯੂਨਾਨੀ ਸ਼ਬਦਾਂ 'MONOS' ਅਤੇ 'POLUS' ਤੋਂ ਹੋਈ ਹੈ। 'MONOS' ਦਾ ਅਰਥ ਹੈ ਇੱਕ ਅਤੇ 'POLUS' ਦਾ ਅਰਥ ਹੈ ਵਿਕਰੇਤਾ। ਇਸ ਲਈ "Monopoly" ਦਾ ਅਰਥ ਹੈ ਇੱਕ ਵਿਕਰੇਤਾ। ਏਕਾਧਿਕਾਰ ਇੱਕ ਬਾਜ਼ਾਰ ਢਾਂਚਾ ਹੈ ਜਿਸ ਵਿੱਚ ਇੱਕ ਇਕਹਿਰੀ ਫਰਮ ਸਾਰਾ ਉਤਪਾਦਨ ਕਰਦੀ ਹੈ ਅਤੇ ਏਕਾਧਿਕਾਰ ਦੁਆਰਾ ਵੇਚੇ ਗਏ ਉਤਪਾਦ ਦਾ ਕੋਈ ਨਜ਼ਦੀਕੀ ਵਿਕਲਪ ਨਹੀਂ ਹੁੰਦਾ, ਇਸ ਤਰ੍ਹਾਂ ਇਸ ਵਿੱਚ ਕਿਸੇ ਵੀ ਕਿਸਮ ਦਾ ਮੁਕਾਬਲੇ ਨਹੀਂ ਹੁੰਦਾ ਹੈ। ਇਸ ਮਾਰਕੀਟ ਵਿੱਚ ਵਿਕਰੇਤਾ ਨੂੰ ਕਿਸੇ ਮੁਕਾਬਲੇ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਕਿਉਂਕਿ ਉਹ ਜੋ ਉਤਪਾਦ ਵੇਚ ਰਿਹਾ ਹੈ ਉਸ ਦੇ ਕੋਈ ਹੋਰ ਵਿਕਰੇਤਾ ਨਹੀਂ ਹਨ। ਵਿਕਰੇਤਾ ਖਪਤਕਾਰਾਂ ਨੂੰ ਆਪਣੇ ਉਤਪਾਦ ਉੱਚ ਕੀਮਤ 'ਤੇ ਵੇਚਣ ਦੀ ਸਥਿਤੀ ਵਿੱਚ ਹੁੰਦਾ ਹੈ। ਉਦਾਹਰਨ: ਭਾਰਤ ਵਿੱਚ ਪਰਮਾਣੂ ਊਰਜਾ, ਰੱਖਿਆ, ਜਨਤਕ ਜਲ ਸਪਲਾਈ ਪ੍ਰਣਾਲੀ, ਰੇਲਵੇ ਆਦਿ ਵਿੱਚ ਸਰਕਾਰ ਦਾ ਏਕਾਧਿਕਾਰ ਹੈ।

#### ਏਕਾਧਿਕਾਰ ਦੀਆਂ ਵਿਸ਼ੇਸ਼ਤਾਵਾਂ

(i) **ਇਕਹਿਰੀ ਫਰਮ:** ਏਕਾਧਿਕਾਰ ਸਿਰਫ਼ ਵਸਤੂ ਉਤਪਾਦਕ ਹੈ। ਉਸਦਾ ਕੋਈ ਪ੍ਰਤੀਯੋਗੀ ਨਹੀਂ ਹੈ। ਉਹ ਇਕੱਲਾ ਹੀ ਹੈ ਜੋ ਆਪਣੀ ਵਸਤੂ ਨਾਲ ਬਾਜ਼ਾਰ 'ਤੇ ਰਾਜ ਕਰਦਾ ਹੈ।

(ii) **ਵਸਤੂ ਦਾ ਕੋਈ ਨਜ਼ਦੀਕੀ ਵਿਕਲਪ ਨਹੀਂ:** ਏਕਾਧਿਕਾਰ ਦੁਆਰਾ ਪੈਦਾ ਕੀਤੀ ਵਸਤੂ ਦਾ ਕੋਈ ਨਜ਼ਦੀਕੀ ਵਿਕਲਪ ਉਪਲੱਬਧ ਨਹੀਂ ਹੈ। "ਨਜ਼ਦੀਕੀ ਵਿਕਲਪ" ਦਾ ਅਰਥ ਹੈ ਸਮਾਨ ਵਰਤੋਂ ਵਾਲਾ ਕੋਈ ਹੋਰ ਸਮਾਨ ਉਤਪਾਦ। ਏਕਾਧਿਕਾਰ ਇੱਕ ਖਾਸ ਬਾਜ਼ਾਰ ਵਿੱਚ ਸਾਰਾ ਉਤਪਾਦਨ ਕਰਦਾ ਹੈ।

(iii) **ਕੀਮਤ ਨਿਰਧਾਰਕ:** ਮੰਡੀ ਵਿਚ ਵਸਤੂ ਦਾ ਇਕੱਲਾ ਵਿਕਰੇਤਾ ਹੋਣ ਕਰਕੇ ਏਕਾਧਿਕਾਰ ਵਸਤੂ ਦੀ ਕੀਮਤ ਨਿਰਧਾਰਤ ਕਰਦਾ ਹੈ ਕਿਉਂਕਿ ਉਸ ਦੀ ਕੀਮਤ ਨੂੰ ਚੁਣੌਤੀ ਦੇਣ ਵਾਲਾ ਕੋਈ ਨਹੀਂ ਹੁੰਦਾ। ਏਕਾਧਿਕਾਰ ਇੱਕ 'ਕੀਮਤ ਨਿਰਮਾਤਾ' ਹੈ। ਇਸ ਦਾ ਇਹ ਮਤਲਬ ਨਹੀਂ ਹੈ ਕਿ ਏਕਾਧਿਕਾਰ ਕੀਮਤ ਅਤੇ ਮੰਗੀ ਗਈ ਮਾਤਰਾ ਦੋਵਾਂ ਨੂੰ ਤੈਅ ਕਰ ਸਕਦਾ ਹੈ। ਜੇਕਰ ਉਹ ਉੱਚ ਕੀਮਤ ਤੈਅ ਕਰਦਾ ਹੈ, ਤਾਂ ਵਸਤੂ ਦੀ ਘੱਟ ਮਾਤਰਾ ਦੀ ਮੰਗ ਕੀਤੀ ਜਾਵੇਗੀ।

(iv) **ਨਵੀਂ ਫਰਮ ਦੀ ਕੋਈ ਐਂਟਰੀ ਨਹੀਂ:** ਨਵੀਆਂ ਫਰਮਾਂ ਲਈ ਮਾਰਕੀਟ ਵਿੱਚ ਦਾਖਲ ਹੋਣਾ ਅਤੇ ਇਕਹਿਰੇ ਵਿਕਰੇਤਾ ਨਾਲ ਮੁਕਾਬਲਾ ਕਰਨਾ ਸੰਭਵ ਨਹੀਂ ਹੈ। ਇਕਹਿਰਾ ਵਿਕਰੇਤਾ ਜਾਂ ਫਰਮ ਹੋਣ ਕਰਕੇ, ਏਕਾਧਿਕਾਰ ਅਧੀਨ ਫਰਮ ਅਤੇ ਉਦਯੋਗ ਵਿੱਚ ਕੋਈ ਅੰਤਰ ਨਹੀਂ ਹੈ।

(v) ਏਕਾਧਿਕਾਰ ਦਾ ਉਦੇਸ਼ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ।

### 12.2.2 ਪੂਰੀ ਤਰ੍ਹਾਂ ਪ੍ਰਤੀਯੋਗੀ ਬਾਜ਼ਾਰ ਜਾਂ ਸੰਪੂਰਨ ਮੁਕਾਬਲਾ

ਏਕਾਧਿਕਾਰ ਬਾਜ਼ਾਰ ਦੀ ਦੂਜੀ ਉੱਚਤਮ ਸਥਿਤੀ ਨੂੰ ਪੂਰੀ ਤਰ੍ਹਾਂ ਪ੍ਰਤੀਯੋਗੀ ਬਾਜ਼ਾਰ ਜਾਂ ਸੰਪੂਰਨ ਮੁਕਾਬਲਾ ਕਿਹਾ ਜਾਂਦਾ ਹੈ।

### ਸੰਪੂਰਣ ਮੁਕਾਬਲੇ ਦੀਆਂ ਵਿਸ਼ੇਸ਼ਤਾਵਾਂ

(i) **ਵਿਕਰੇਤਾਵਾਂ ਅਤੇ ਖਰੀਦਦਾਰਾਂ ਦੀ ਵੱਡੀ ਗਿਣਤੀ -** ਏਕਾਧਿਕਾਰ ਬਾਜ਼ਾਰ ਦੇ ਮੁਕਾਬਲੇ, ਇੱਕ ਪ੍ਰਤੀਯੋਗੀ ਬਾਜ਼ਾਰ ਵਿੱਚ ਵੱਡੀ ਗਿਣਤੀ ਵਿੱਚ ਖਰੀਦਦਾਰਾਂ ਨੂੰ ਵਸਤੂ ਵੇਚਣ ਵਾਲੇ ਵਿਕਰੇਤਾ ਹੁੰਦੇ ਹਨ।

(ii) **ਸਮਰੂਪ ਉਤਪਾਦ:** ਸੰਪੂਰਨ ਮੁਕਾਬਲੇ ਤਹਿਤ ਕੇਵਲ ਇੱਕ ਉਤਪਾਦ ਵੇਚਿਆ ਜਾਂਦਾ ਹੈ। ਇਸਦਾ ਮਤਲਬ ਹੈ ਕਿ ਸਾਰੇ ਵਿਕਰੇਤਾ ਖਰੀਦਦਾਰਾਂ ਨੂੰ ਇੱਕੋ ਕਿਸਮ ਦਾ ਉਤਪਾਦ ਵੇਚਦੇ ਹਨ। ਇਸ ਲਈ ਉਤਪਾਦ ਇੱਕ ਸੰਪੂਰਣ ਵਿਕਲਪ ਹੈ।

(iii) **ਮੁਫਤ ਪ੍ਰਵੇਸ਼ ਅਤੇ ਨਿਕਾਸ:** ਸੰਪੂਰਨ ਮੁਕਾਬਲੇ ਤਹਿਤ ਕਿਸੇ ਵੀ ਨਵੀਂ ਫਰਮ ਜਾਂ ਉਤਪਾਦਕ ਨੂੰ ਉਤਪਾਦ ਵੇਚਣ ਜਾਂ ਪੈਦਾ ਕਰਨ ਲਈ ਬਾਜ਼ਾਰ ਵਿੱਚ ਦਾਖਲ ਹੋਣ ਲਈ ਕੋਈ ਰੋਕ ਨਹੀਂ ਹੈ। ਇਸੇ ਤਰ੍ਹਾਂ ਜੇਕਰ ਕੋਈ ਮੌਜੂਦਾ ਵਿਕਰੇਤਾ ਬਾਹਰ ਨਿਕਲਣਾ ਚਾਹੁੰਦਾ ਹੈ ਤਾਂ ਉਹ ਅਜਿਹਾ ਕਰਨ ਲਈ ਸੁਤੰਤਰ ਹੈ।

(iv) ਹਰ ਵਿਕਰੇਤਾ ਵੱਧ ਤੋਂ ਵੱਧ ਲਾਭ ਕਮਾਉਣਾ ਚਾਹੁੰਦਾ ਹੈ।



ਨੋਟ

v) ਸਰਕਾਰ ਦੀ ਭੂਮਿਕਾ ਵਿਕਰੇਤਾਵਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਅਤੇ ਕਾਰੋਬਾਰ ਵਿੱਚ ਦਖਲ ਨਾ ਦੇਣਾ ਹੈ।

(vi) ਸੰਪੂਰਨ ਮੁਕਾਬਲੇ ਤਹਿਤ ਵਿਕਰੇਤਾਵਾਂ ਅਤੇ ਖਰੀਦਦਾਰਾਂ ਨੂੰ ਉਤਪਾਦ ਬਾਰੇ ਸੰਪੂਰਨ ਜਾਣਕਾਰੀ ਹੁੰਦੀ ਹੈ।

(vii) ਕੰਮ ਕਰਨ ਲਈ ਇੱਕ ਉਤਪਾਦਨ ਯੂਨਿਟ ਤੋਂ ਦੂਜੀ ਵਿੱਚ ਜਾਣ ਲਈ ਕਿਰਤ ਆਦਿ ਵਰਗੇ ਉਤਪਾਦਨ ਦੇ ਕਾਰਕਾਂ 'ਤੇ ਕੋਈ ਰੋਕ ਨਹੀਂ ਹੈ।

**ਵਾਸਤਵਿਕ ਦੁਨੀਆ ਦੀ ਸਥਿਤੀ ਵਿੱਚ ਬਾਜ਼ਾਰ ਦਾ ਢਾਂਚਾ**

ਏਕਾਧਿਕਾਰ ਜਾਂ ਸੰਪੂਰਨ ਮੁਕਾਬਲੇ ਦੀ ਸਥਿਤੀ ਵਾਸਤਵਿਕ ਦੁਨੀਆ ਵਿੱਚ ਨਹੀਂ ਵੇਖੀ ਜਾਂਦੀ। ਕਾਨੂੰਨ ਅਨੁਸਾਰ ਨਿੱਜੀ ਏਕਾਧਿਕਾਰ ਦੀ ਇਜਾਜ਼ਤ ਨਹੀਂ ਹੈ। ਸਿਰਫ਼ ਸਰਕਾਰ ਦਾ ਏਕਾਧਿਕਾਰ ਹੀ ਮੌਜੂਦ ਹੈ। ਅੱਜ-ਕੱਲ੍ਹ ਮਾਰਕੀਟ ਇੱਕੋ ਉਤਪਾਦ ਦੀਆਂ ਇੰਨੀਆਂ ਕਿਸਮਾਂ ਨਾਲ ਭਰੀ ਹੋਈ ਹੈ ਕਿ ਅਸਲ ਅਰਥਾਂ ਵਿੱਚ ਸੰਪੂਰਨ ਮੁਕਾਬਲਾ ਵੀ ਮੌਜੂਦ ਨਹੀਂ ਹੈ। “ਸਾਬਣ” ਦੀ ਉਦਾਹਰਨ ਲਓ – ਇੱਕ ਉਤਪਾਦ ਜਿਸਦੀ ਵਰਤੋਂ ਨਹਾਉਣ ਜਾਂ ਹੱਥ ਧੋਣ ਲਈ ਕੀਤੀ ਜਾਂਦੀ ਹੈ। ਸੰਪੂਰਨ ਮੁਕਾਬਲੇ ਦੇ ਤਹਿਤ ਇਹ ਉਮੀਦ ਕੀਤੀ ਜਾਂਦੀ ਹੈ ਕਿ ਬਹੁਤ ਸਾਰੇ ਵਿਕਰੇਤਾਵਾਂ ਦੁਆਰਾ ਸਿਰਫ ਇੱਕ ਕਿਸਮ ਦਾ ਸਾਬਣ ਵੇਚਿਆ ਜਾਵੇਗਾ. ਪਰ ਅਸਲ ਵਿਚ ਸਾਡੇ ਕੋਲ ਬਾਜ਼ਾਰ ਵਿਚ ਵੱਖ-ਵੱਖ ਬ੍ਰਾਂਡਾਂ ਦੇ ਸਾਬਣ ਉਪਲੱਬਧ ਹਨ ਅਤੇ ਵੱਖ-ਵੱਖ ਫਰਮਾਂ ਜਿਵੇਂ ਕਿ ਲਕਸ, ਡਵ, ਲਿਰਿਲ, ਗੋਦਰੇਜ, ਨੀਮ, ਮੈਸੂਰ ਸੈਂਡਲ, ਜੌਹਨਸਨ, ਹਮਾਮ, ਡੈਟੋਲ, ਲਾਈਫਬੁਆਏ ਆਦਿ ਦੁਆਰਾ ਵੇਚੇ ਜਾਂਦੇ ਹਨ, ਇਹ ਸਾਰੇ ਇੱਕੋ ਉਦੇਸ਼ ਲਈ ਵਰਤੇ ਜਾਂਦੇ ਹਨ | ਭਾਵ ਇਸ਼ਨਾਨ ਕਰਨਾ। ਪਰ ਇਹ ਰੰਗ, ਪੈਕੇਜਿੰਗ, ਖੁਸ਼ਬੂ ਆਦਿ ਦੇ ਰੂਪ ਵਿੱਚ ਵੱਖਰੇ ਹਨ। ਇਹ ਸਾਰੇ ਵਿਕਰੇਤਾ ਆਪਣੇ ਕਿਸਮ ਦੇ ਸਾਬਣ ਨੂੰ ਵੇਚਣ ਲਈ ਇਸ਼ਤਿਹਾਰਾਂ 'ਤੇ ਭਾਰੀ ਖਰਚ ਵੀ ਕਰਦੇ ਹਨ। ਸੰਪੂਰਨ ਮੁਕਾਬਲੇ ਦੇ ਉਲਟ ਜਿੱਥੇ ਬਹੁਤ ਸਾਰੇ ਵਿਕਰੇਤਾ ਬਿਨਾਂ ਕਿਸੇ ਇਸ਼ਤਿਹਾਰ ਦੇ ਇੱਕ ਉਤਪਾਦ ਵੇਚ ਰਹੇ ਹਨ, ਇਸ ਮਾਮਲੇ ਵਿੱਚ ਬਹੁਤ ਸਾਰੇ ਵਿਕਰੇਤਾ ਵਿਸ਼ੇਸ਼ ਉਤਪਾਦ ਦੀਆਂ ਵੱਖੋ ਵੱਖਰੀਆਂ ਕਿਸਮਾਂ ਨੂੰ ਵੇਚ ਰਹੇ ਹਨ। ਇਸ ਲਈ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਸ ਕਿਸਮ ਦੀ ਮਾਰਕੀਟ ਪੂਰੀ ਤਰ੍ਹਾਂ ਪ੍ਰਤੀਯੋਗੀ ਹੈ. ਇਸ ਕਿਸਮ ਦੀ ਮੰਡੀ ਨੂੰ ਏਕਾਧਿਕਾਰ ਜਾਂ ਅਪੂਰਨ ਮੁਕਾਬਲਾ ਕਿਹਾ ਜਾਂਦਾ ਹੈ।



ਨੋਟ

## ਪਾਠ ਅਧੀਨ ਪ੍ਰਸ਼ਨ 12.2

1. ਏਕਾਧਿਕਾਰ ਤੋਂ ਕੀ ਭਾਵ ਹੈ?
2. ਭਾਰਤ ਵਿੱਚ ਏਕਾਧਿਕਾਰ ਦੀਆਂ ਦੋ ਉਦਾਹਰਣਾਂ ਦਿਓ?
3. ਏਕਾਧਿਕਾਰ ਅਧੀਨ ਫਰਮ ਅਤੇ ਉਦਯੋਗ ਵਿੱਚ ਕੋਈ ਅੰਤਰ ਕਿਉਂ ਨਹੀਂ ਹੈ?
4. ਕੀ ਏਕਾਧਿਕਾਰ ਫਰਮ ਕੀਮਤ ਨਿਰਮਾਤਾ ਜਾਂ ਕੀਮਤ ਲੈਣ ਵਾਲੀ ਹੈ?
5. ਸੰਪੂਰਨ ਮੁਕਾਬਲੇ ਤਹਿਤ "ਮੁਫ਼ਤ ਦਾਖਲੇ" ਤੋਂ ਤੁਹਾਡਾ ਕੀ ਮਤਲਬ ਹੈ?
6. ਹਾਂ ਜਾਂ ਨਾਂਹ ਵਿੱਚ ਉੱਤਰ ਦਿਓ:
   (ੳ) ਸੰਪੂਰਨ ਮੁਕਾਬਲੇ ਵਿੱਚ ਇੱਕ ਵਿਕਰੇਤਾ ਹੁੰਦਾ ਹੈ।
   (ਅ) ਸੰਪੂਰਣ ਮੁਕਾਬਲੇ ਤਹਿਤ ਵੱਖ-ਵੱਖ ਸਾਮਾਨ ਵੇਚਿਆ ਜਾਂਦਾ ਹੈ।
   (ੲ) ਸਰਕਾਰ ਸੰਪੂਰਨ ਮੁਕਾਬਲੇ ਅਧੀਨ ਉਤਪਾਦਨ ਵਿੱਚ ਦਖਲ ਦਿੰਦੀ ਹੈ।
   (ਸ) ਉਤਪਾਦ ਸੰਪੂਰਨ ਮੁਕਾਬਲੇ ਦੇ ਅਧੀਨ ਸਹੀ ਵਿਕਲਪ ਹਨ।
   (ਹ) ਖਰੀਦਦਾਰਾਂ ਨੂੰ ਸੰਪੂਰਨ ਮੁਕਾਬਲੇ ਅਧੀਨ ਉਤਪਾਦ ਬਾਰੇ ਸੰਪੂਰਨ ਗਿਆਨ ਹੁੰਦਾ ਹੈ।

## 12.3 ਵੰਡ ਦੇ ਸਾਧਨਾਂ ਜਾਂ ਵਿਕਰੀ ਦੀ ਮਾਤਰਾ ਦੇ ਆਧਾਰ 'ਤੇ ਬਾਜ਼ਾਰਾਂ ਦਾ

ਵੰਡ ਦੇ ਸਾਧਨਾਂ ਜਾਂ ਵਿਕਰੀ ਦੀ ਮਾਤਰਾ ਦੇ ਆਧਾਰ 'ਤੇ, ਬਾਜ਼ਾਰਾਂ ਨੂੰ ਇਹਨਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ:

(ੳ) ਥੋਕ ਬਾਜ਼ਾਰ

(ਅ) ਪ੍ਰਚੂਨ ਬਾਜ਼ਾਰ।

**(ੳ) ਥੋਕ ਬਾਜ਼ਾਰ**

ਇੱਕ ਥੋਕ ਵਿਕਰੇਤਾ ਇੱਕ ਵਿਤਰਕ ਜਾਂ ਵਿਚੋਲਾ ਹੁੰਦਾ ਹੈ ਜੋ ਖਪਤਕਾਰਾਂ ਦੀ ਬਜਾਏ ਮੁੱਖ ਤੌਰ 'ਤੇ ਰਿਟੇਲਰਾਂ ਅਤੇ ਸੰਸਥਾਵਾਂ ਨੂੰ ਵੇਚਦਾ ਹੈ। ਜਦੋਂ ਕਿਸੇ ਮੰਡੀ ਵਿੱਚ ਵਸਤਾਂ ਦਾ ਲੈਣ-ਦੇਣ ਵੱਡੀ ਮਾਤਰਾ ਵਿੱਚ ਹੁੰਦਾ ਹੈ ਤਾਂ ਇਸਨੂੰ ਥੋਕ ਮੰਡੀ ਕਿਹਾ ਜਾਂਦਾ ਹੈ। ਥੋਕ ਵਿਕਰੇਤਾ ਆਮ ਤੌਰ 'ਤੇ ਛੋਟੀ ਮਾਤਰਾ ਵਿੱਚ ਮਾਲ ਨਹੀਂ ਵੇਚਦੇ। ਉਹ ਆਮ ਤੌਰ 'ਤੇ ਰਿਟੇਲਰਾਂ ਨੂੰ ਵੇਚਦੇ ਹਨ। ਥੋਕ ਵਿਕਰੇਤਾ ਨਿਰਮਾਤਾਵਾਂ ਅਤੇ ਅੰਤਮ ਖਪਤਕਾਰਾਂ ਵਿਚਕਾਰ ਜ਼ਰੂਰੀ ਸੰਪਰਕ ਹੈ। ਇਹ ਥੋਕ



ਨੋਟ

ਵਿਕਰੇਤਾਵਾਂ ਦੀ ਮੌਜੂਦਗੀ ਹੈ ਕਿ ਨਿਰਮਾਤਾ ਆਰਾਮ ਖੇਤਰ ਵਿੱਚ ਹਨ ਕਿਉਂਕਿ ਉਹ ਆਪਣੇ ਉਤਪਾਦਾਂ ਨੂੰ ਵੱਡੀ ਮਾਤਰਾ ਵਿੱਚ ਵੇਚ ਸਕਦੇ ਹਨ ਅਤੇ ਕਾਰੋਬਾਰ ਅਤੇ ਉਤਪਾਦਨ 'ਤੇ ਧਿਆਨ ਦੇ ਸਕਦੇ ਹਨ।

**(ਅ) ਪ੍ਰਚੂਨ ਬਾਜ਼ਾਰ**

ਪ੍ਰਚੂਨ ਵਿੱਚ ਇੱਕ ਨਿਸ਼ਚਿਤ ਸਥਾਨ ਤੋਂ ਭੌਤਿਕ ਵਸਤਾਂ ਜਾਂ ਵਪਾਰਕ ਮਾਲ ਦੀ ਵਿਕਰੀ ਸ਼ਾਮਲ ਹੁੰਦੀ ਹੈ, ਜਿਵੇਂ ਕਿ ਇੱਕ ਡਿਪਾਰਟਮੈਂਟਲ ਸਟੋਰ, ਖਰੀਦਦਾਰ ਦੁਆਰਾ ਸਿੱਧੀ ਖਪਤ ਲਈ ਛੋਟੇ ਜਾਂ ਵਿਅਕਤੀਗਤ ਪੱਧਰ 'ਤੇ ਦੁਕਾਨਦਾਰ। ਪ੍ਰਚੂਨ ਬਾਜ਼ਾਰਾਂ ਵਿੱਚ ਚੀਜ਼ਾਂ ਛੋਟੀ ਮਾਤਰਾ ਵਿੱਚ ਵੇਚੀਆਂ ਜਾਂਦੀਆਂ ਹਨ। ਰਿਟੇਲਰ ਆਮ ਤੌਰ 'ਤੇ ਅੰਤਮ ਖਪਤਕਾਰਾਂ ਨੂੰ ਵੇਚਦੇ ਹਨ।

ਨਿਰਮਾਤਾ ⟶ ਥੋਕ ਵਿਕਰੇਤਾ ⟶ ਰਿਟੇਲਰ ⟶ ਖਪਤਕਾਰ

ਵਸਤਾਂ ਅਤੇ ਸੇਵਾਵਾਂ ਦੀ ਵੰਡ ਦੇ ਚੈਨਲ ਵਿੱਚ ਇੱਕ ਰਿਟੇਲਰ ਦੀ ਸਥਿਤੀ ਸਭ ਤੋਂ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਇਹ ਅੰਤਮ ਖਪਤਕਾਰਾਂ ਨਾਲ ਅਸਿੱਧੇ ਸੰਪਰਕ ਵਿੱਚ ਹੁੰਦਾ ਹੈ। ਇਸ ਲਈ ਥੋਕ ਕਾਰੋਬਾਰ ਦੇ ਮੁਕਾਬਲੇ ਰਿਟੇਲ ਦੁਕਾਨ ਜਾਂ ਆਊਟਲੈਟ ਦੀ ਸਥਿਤੀ ਬਹੁਤ ਮਹੱਤਵਪੂਰਨ ਹੈ। ਰਿਟੇਲ ਆਊਟਲੈਟ ਰਿਹਾਇਸ਼ੀ ਸਥਾਨਾਂ ਦੇ ਨੇੜੇ ਸਥਿਤ ਹੋਣਾ ਚਾਹੀਦਾ ਹੈ ਤਾਂ ਜੋ ਲੋਕ ਆਸਾਨੀ ਨਾਲ ਚੀਜ਼ਾਂ ਅਤੇ ਸੇਵਾਵਾਂ ਖਰੀਦਣ ਲਈ ਆ ਸਕਣ। ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਦੀ ਸਜਾਵਟ ਅਤੇ ਵਸਤਾਂ ਦੀ ਸਹੀ ਪੇਸ਼ਕਾਰੀ 'ਤੇ ਵੀ ਬਹੁਤ ਸਾਰਾ ਖਰਚਾ ਕਰਨਾ ਪੈਂਦਾ ਹੈ ਤਾਂ ਜੋ ਖਪਤਕਾਰ ਪ੍ਰਚੂਨ ਦੁਕਾਨ ਵੱਲ ਆਕਰਸ਼ਿਤ ਹੋ ਸਕਣ।

## ਪਾਠ ਅਧੀਨ ਪ੍ਰਸ਼ਨ 12.3

1. ਆਪਣੇ ਇਲਾਕੇ ਵਿੱਚ ਰਿਟੇਲ ਆਉਟਲੈਟ ਦੀਆਂ ਕੁਝ ਉਦਾਹਰਣਾਂ ਦਿਓ।
2. ਥੋਕ ਵਿਕਰੇਤਾ ਨੂੰ ਪਰਿਭਾਸ਼ਿਤ ਕਰੋ।
3. ਰਿਟੇਲਰ ਨੂੰ ਪਰਿਭਾਸ਼ਿਤ ਕਰੋ।
4. ਪ੍ਰਚੂਨ ਬਾਜ਼ਾਰ ਨੂੰ ਪਰਿਭਾਸ਼ਿਤ ਕਰੋ।

## 12.4 ਔਨਲਾਈਨ ਮਾਰਕੀਟ ਜਾਂ ਔਨਲਾਈਨ ਖਰੀਦਦਾਰੀ

ਇਹ ਇੱਕ ਨਵੀਨ ਪ੍ਰਕਿਰਿਆ ਹੈ ਜਿਸ ਵਿੱਚ ਉਪਭੋਗਤਾ ਸਿੱਧੇ ਤੌਰ 'ਤੇ ਕਿਸੇ ਵਿਕਰੇਤਾ ਤੋਂ ਬਿਨਾਂ ਕਿਸੇ ਵਿਚੋਲੇ ਦੀ ਸੇਵਾ ਦੇ ਇੰਟਰਨੈਟ ਤੋਂ ਚੀਜ਼ਾਂ ਜਾਂ ਸੇਵਾਵਾਂ ਖਰੀਦਦੇ ਹਨ। ਇਸਨੂੰ

ਇਲੈੱਕਟ੍ਰਾਨਿਕ ਕਾਮਰਸ ਵੀ ਕਿਹਾ ਜਾਂਦਾ ਹੈ। ਹੁਣ ਔਨਲਾਈਨ ਖਰੀਦਦਾਰੀ ਪ੍ਰਸਿੱਧ ਹੋ ਗਈ ਹੈ, ਇਹ ਖਰੀਦਦਾਰੀ ਤਕਨਾਲੋਜੀ ਦੇ ਵਿਕਾਸ ਦੇ ਨਾਲ ਵਿਕਸਤ ਹੋਈ ਹੈ। ਇਸ ਖਰੀਦਦਾਰੀ ਵਿੱਚ ਕੋਈ ਭੁਗਤਾਨ ਕਰਨ ਲਈ ਕ੍ਰੈਡਿਟ ਕਾਰਡ ਜਾਂ ਡੈਬਿਟ ਕਾਰਡ ਦੀ ਵਰਤੋਂ ਕਰ ਸਕਦਾ ਹੈ, ਹਾਲਾਂਕਿ ਕੁਝ ਪ੍ਰਣਾਲੀਆਂ ਉਪਭੋਗਤਾਵਾਂ ਨੂੰ ਖਾਤੇ ਬਣਾਉਣ ਅਤੇ ਵਿਕਲਪਕ ਤਰੀਕਿਆਂ ਨਾਲ ਭੁਗਤਾਨ ਕਰਨ ਦੇ ਯੋਗ ਬਣਾਉਂਦੀਆਂ ਹਨ, ਜਿਵੇਂ ਕਿ:

- ਮੋਬਾਈਲ ਫ਼ੋਨਾਂ ਅਤੇ ਲੈਂਡਲਾਈਨਾਂ 'ਤੇ ਬਿਲਿੰਗ
- ਡਿਲੀਵਰੀ 'ਤੇ ਨਕਦ ਅਦਾਇਗੀ
- ਚੈੱਕ
- ਡੈਬਿਟ ਕਾਰਡ
- ਮਨੀ ਆਰਡਰ

ਇੱਕ ਵਾਰ ਭੁਗਤਾਨ ਸਵੀਕਾਰ ਕੀਤੇ ਜਾਣ ਤੋਂ ਬਾਅਦ ਚੀਜ਼ਾਂ ਜਾਂ ਸੇਵਾਵਾਂ ਨੂੰ ਡਾਉਨਲੋਡ ਕਰਨ, ਵੰਡਣ, ਇਨ-ਸਟੋਰ ਪਿਕਿੰਗ ਆਦਿ ਰਾਹੀਂ ਡਿਲੀਵਰ ਕੀਤਾ ਜਾ ਸਕਦਾ ਹੈ।

ਔਨਲਾਈਨ ਸਟੋਰ ਆਮ ਤੌਰ 'ਤੇ ਦਿਨ ਦੇ 24 ਘੰਟੇ ਉਪਲੱਬਧ ਹੁੰਦੇ ਹਨ, ਅਤੇ ਬਹੁਤ ਸਾਰੇ ਖਪਤਕਾਰਾਂ ਕੋਲ ਕੰਮਕਾਜੀ ਸਥਾਨ ਅਤੇ ਘਰ ਦੋਵਾਂ ਵਿੱਚ ਇੰਟਰਨੈੱਟ ਦੀ ਪਹੁੰਚ ਹੁੰਦੀ ਹੈ, ਇਸ ਲਈ ਉਹ ਕਿਸੇ ਵੀ ਸਟੋਰ ਜਾਂ ਦੁਕਾਨ 'ਤੇ ਜਾਣ ਦੀ ਬਜਾਏ, ਉਹ ਸਿਰਫ਼ ਇੰਟਰਨੈੱਟ

ਰਾਹੀਂ ਖਰੀਦਣ ਨੂੰ ਤਰਜੀਹ ਦਿੰਦੇ ਹਨ। ਔਨਲਾਈਨ ਸਟੋਰਾਂ ਨੂੰ ਵਿਕਰੀ ਲਈ ਉਤਪਾਦਾਂ ਦਾ ਵਰਣਨ ਕਰਨਾ ਹੁੰਦਾ ਹੈ। ਵੇਰਵੇ ਨਿਰਦੇਸ਼ਾਂ ਦੇ ਨਾਲ ਟੈਕਸਟ, ਫੋਟੋਆਂ ਅਤੇ ਮਲਟੀਮੀਡੀਆ ਫਾਈਲਾਂ ਦੇ ਨਾਲ ਪੂਰਾ ਵਿਵਰਣ ਹੁੰਦਾ ਹੈ। ਮੌਜੂਦਾ ਸਥਿਤੀ ਵਿੱਚ ਔਨਲਾਈਨ ਖਰੀਦਦਾਰੀ ਰਾਹੀਂ ਕੋਈ ਵੀ ਇੱਕ ਸਮੇਂ ਵਿੱਚ ਕਈ ਤਰ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਦੀ ਖਰੀਦਦਾਰੀ ਕਰ ਸਕਦਾ ਹੈ। ਕੁੱਲ ਮਿਲਾ ਕੇ, ਖਰੀਦਦਾਰੀ ਦੇ ਇਸ ਢੰਗ ਨੇ ਹਾਲ ਹੀ ਦੇ ਸਾਲਾਂ ਵਿੱਚ ਬਾਜ਼ਾਰ ਵਿੱਚ ਤਕਨਾਲੋਜੀ ਦੇ ਸੰਪਰਕ ਕਾਰਨ ਮਹੱਤਵ ਪ੍ਰਾਪਤ ਕੀਤਾ ਹੈ।

## ਤੁਸੀਂ ਕੀ ਸਿੱਖਿਆ

- ਅਰਥ ਸ਼ਾਸਤਰ ਵਿੱਚ ਬਾਜ਼ਾਰ ਇੱਕ ਦਿੱਤੇ ਖੇਤਰ ਵਿੱਚ ਪ੍ਰਬੰਧ ਨੂੰ ਦਰਸਾਉਂਦਾ ਹੈ ਜਿੱਥੇ ਖਰੀਦਦਾਰ ਅਤੇ ਵਿਕਰੇਤਾ ਮਾਲ ਖਰੀਦਣ ਜਾਂ ਵੇਚਣ ਲਈ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ।



ਨੋਟ

- ਏਕਾਧਿਕਾਰ ਅਤੇ ਸੰਪੂਰਨ ਮੁਕਾਬਲਾ ਬਾਜ਼ਾਰ ਢਾਂਚੇ ਦੇ ਦੋ ਸਿਖਰ ਰੂਪ ਹਨ।
- ਏਕਾਧਿਕਾਰ ਇੱਕ ਮਾਰਕੀਟ ਢਾਂਚਾ ਹੈ ਜਿਸ ਵਿੱਚ ਇੱਕ ਫਰਮ ਦਾ ਮਾਰਕੀਟ ਉੱਤੇ ਨਿਯੰਤਰਣ ਹੁੰਦਾ ਹੈ। ਇਹ ਇਕੱਲੇ ਵਿਕਰੇਤਾ ਦਾ ਇੱਕ ਬਾਜ਼ਾਰ ਹੈ, ਜੋ ਇੱਕ ਵਿਲੱਖਣ ਉਤਪਾਦ ਵੇਚਦਾ ਹੈ ਜਿਸਦਾ ਕੋਈ ਨਜ਼ਦੀਕੀ ਵਿਕਲਪ ਉਪਲੱਬਧ ਨਹੀਂ ਹੁੰਦਾ
- ਸੰਪੂਰਨ ਮੁਕਾਬਲਾ ਇੱਕ ਮਾਰਕੀਟ ਢਾਂਚਾ ਹੈ ਜਿੱਥੇ ਬਹੁਤ ਸਾਰੀਆਂ ਫਰਮਾਂ ਇੱਕ ਸਮਾਨ ਉਤਪਾਦ ਵੇਚਦੀਆਂ ਹਨ। ਇਸ ਮਾਰਕੀਟ ਦੇ ਹੇਠਾਂ ਦਾਖਲਾ ਅਤੇ ਨਿਕਾਸ ਮੁਫਤ ਹੈ। ਖਰੀਦਦਾਰਾਂ ਅਤੇ ਵਿਕਰੇਤਾਵਾਂ ਨੂੰ ਮਾਰਕੀਟ ਸਥਿਤੀ ਬਾਰੇ ਸੰਪੂਰਨ ਜਾਣਕਾਰੀ ਹੁੰਦੀ ਹੈ।
- ਥੋਕ ਵਿਕਰੇਤਾ ਇੱਕ ਵਿਤਰਕ ਜਾਂ ਵਿਚੋਲਾ ਹੁੰਦਾ ਹੈ ਜੋ ਖਪਤਕਾਰਾਂ ਦੀ ਬਜਾਏ ਮੁੱਖ ਤੌਰ 'ਤੇ ਰਿਟੇਲਰਾਂ ਅਤੇ ਸੰਸਥਾਵਾਂ ਨੂੰ ਵੇਚਦਾ ਹੈ।
- ਪ੍ਰਚੂਨ ਵਿਕਰੇਤਾ ਉਹ ਹੁੰਦਾ ਹੈ ਜੋ ਵੱਖ-ਵੱਖ ਕਿਸਮਾਂ ਦੀਆਂ ਵਸਤਾਂ ਜਾਂ ਸੇਵਾਵਾਂ ਨੂੰ ਸਿੱਧੇ ਆਮ ਲੋਕਾਂ ਨੂੰ ਵੇਚਦਾ ਹੈ।
- ਔਨਲਾਈਨ ਖਰੀਦਦਾਰੀ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਖਪਤਕਾਰ ਸਿੱਧੇ ਤੌਰ 'ਤੇ ਵਿਕਰੇਤਾ ਤੋਂ ਸਾਮਾਨ ਜਾਂ ਸੇਵਾਵਾਂ ਨੂੰ ਬਿਨਾਂ ਕਿਸੇ ਸਮੇਂ ਦੀ ਬਰਬਾਦੀ, ਬਿਨਾਂ ਕਿਸੇ ਵਿਚੋਲੇ ਦੀ ਸੇਵਾ ਦੇ ਕੰਪਿਊਟਰ 'ਤੇ ਇੰਟਰਨੈੱਟ ਰਾਹੀਂ ਖਰੀਦਦੇ ਹਨ।
- ਔਨਲਾਈਨ ਖਰੀਦਦਾਰੀ ਇਲੈਕਟ੍ਰਾਨਿਕ ਕਾਮਰਸ ਦਾ ਇੱਕ ਰੂਪ ਹੈ।

## ਪਾਠ ਦੇ ਅੰਤ ਦੇ ਪ੍ਰਸ਼ਨ ਅਭਿਆਸ

1. ਬਾਜ਼ਾਰ ਨੂੰ ਪਰਿਭਾਸ਼ਿਤ ਕਰੋ।
2. ਸੰਪੂਰਨ ਮੁਕਾਬਲੇ ਦੀ ਪਰਿਭਾਸ਼ਾ ਦਿਓ।
3. ਏਕਾਧਿਕਾਰ ਨੂੰ ਪਰਿਭਾਸ਼ਿਤ ਕਰੋ।
4. ਪ੍ਰਚੂਨ ਅਤੇ ਥੋਕ ਬਾਜ਼ਾਰ ਵਿੱਚ ਫਰਕ ਦੱਸੋ।
5. ਸੰਪੂਰਨ ਮੁਕਾਬਲੇ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।
6. ਏਕਾਧਿਕਾਰ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।
7. ਕੀ ਤੁਸੀਂ ਸੋਚਦੇ ਹੋ ਕਿ ਰਿਟੇਲਰ ਉਹਨਾਂ ਚੀਜ਼ਾਂ ਦੀ ਸਥਿਤੀ ਅਤੇ ਪੇਸ਼ਕਾਰੀ ਬਾਰੇ ਚਿੰਤਤ ਹੈ ਜੋ ਉਹ ਵਿਕਰੀ ਲਈ ਪੇਸ਼ ਕਰਦਾ ਹੈ? ਜੇਕਰ ਹਾਂ ਤਾਂ ਕਿਉਂ।

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 12.1 ਦੇ ਉੱਤਰ

1. ਪਰਸਪਰ ਸੰਪਰਕ 2. ਬਾਜ਼ਾਰ ਸਥਾਨ 3. ਖਰੀਦਣਾ; ਵੇਚਣਾ 4. ਵਸਤੂ

### ਪਾਠ ਅਧੀਨ ਪ੍ਰਸ਼ਨ 12.2 ਦੇ ਉੱਤਰ

1. ਏਕਾਧਿਕਾਰ ਇੱਕ ਬਾਜ਼ਾਰ ਢਾਂਚਾ ਹੈ ਜਿਸ ਵਿੱਚ ਇੱਕ ਇਕਹਿਰਾ ਵਿਕਰੇਤਾ ਸਾਰਾ ਉਤਪਾਦਨ ਕਰਦਾ ਹੈ ਅਤੇ ਏਕਾਧਿਕਾਰ ਦੁਆਰਾ ਵੇਚੇ ਗਏ ਉਤਪਾਦ ਦਾ ਕੋਈ ਨਜ਼ਦੀਕੀ ਵਿਕਲਪ ਉਪਲੱਬਧ ਨਹੀਂ ਹੁੰਦਾ ਹੈ।
2. ਪਰਮਾਣੂ ਊਰਜਾ, ਭਾਰਤੀ ਰੇਲਵੇ ਅਤੇ ਪੋਸਟ ਅਤੇ ਟੈਲੀਗ੍ਰਾਫ
3. ਕਿਉਂਕਿ ਏਕਾਧਿਕਾਰ ਇਕੱਲਾ ਉਤਪਾਦਕ/ਵਿਕਰੇਤਾ ਹੈ,
4. ਕੀਮਤ ਨਿਰਧਾਰਕ
5. "ਮੁਫ਼ਤ ਐਂਟਰੀ" ਦਾ ਮਤਲਬ ਹੈ ਕਿ ਸੰਪੂਰਨ ਮੁਕਾਬਲੇ ਦੇ ਅਧੀਨ ਵਿਕਰੇਤਾ ਬਾਜ਼ਾਰ ਵਿੱਚ ਆਉਣ ਅਤੇ ਜਾਣ ਲਈ ਸੁਤੰਤਰ ਹਨ। ਨਵੀਆਂ ਫਰਮਾਂ ਦੇ ਦਾਖਲੇ 'ਤੇ ਕੋਈ ਰੁਕਾਵਟ ਨਹੀਂ ਹੈ।
6. (ੳ) ਨਹੀਂ (ਅ) ਨਹੀਂ (ੲ) ਨਹੀਂ (ਸ) ਹਾਂ (ਹ) ਹਾਂ

### ਪਾਠ ਅਧੀਨ ਪ੍ਰਸ਼ਨ 12.3 ਦੇ ਉੱਤਰ

1. ਸਟੇਸ਼ਨਰੀ ਦੀਆਂ ਦੁਕਾਨਾਂ, ਕੇਂਦਰੀ ਭੰਡਾਰ, ਮਦਰ ਡੇਅਰੀ, ਦਵਾਈਆਂ ਦੀਆਂ ਦੁਕਾਨਾਂ
2. ਇੱਕ ਥੋਕ ਵਿਕਰੇਤਾ ਇੱਕ ਵਿਤਰਕ ਜਾਂ ਵਿਚੋਲਾ ਹੁੰਦਾ ਹੈ ਜੋ ਖਪਤਕਾਰਾਂ ਦੀ ਬਜਾਏ ਮੁੱਖ ਤੌਰ 'ਤੇ ਰਿਟੇਲਰਾਂ ਅਤੇ ਸੰਸਥਾਵਾਂ ਨੂੰ ਵੇਚਦਾ ਹੈ।
3. ਪ੍ਰਚੂਨ ਵਿਕਰੇਤਾ ਉਹ ਹੁੰਦਾ ਹੈ ਜੋ ਖਰੀਦਦਾਰ ਦੁਆਰਾ ਸਿੱਧੀ ਖਪਤ ਲਈ ਨਿਸ਼ਚਿਤ ਸਥਾਨ ਜਿਵੇਂ ਕਿ ਡਿਪਾਰਟਮੈਂਟਲ ਸਟੋਰ, ਦੁਕਾਨਦਾਰ ਨੂੰ ਛੋਟੇ ਜਾਂ ਵਿਅਕਤੀਗਤ ਲਾਟ ਵਿੱਚ ਸਾਮਾਨ ਜਾਂ ਵਪਾਰਕ ਸਾਮਾਨ ਵੇਚਦਾ ਹੈ।
4. ਪ੍ਰਚੂਨ ਬਾਜ਼ਾਰ ਦਾ ਅਰਥ ਹੈ ਉਹ ਬਾਜ਼ਾਰ ਜਿਸ ਵਿੱਚ ਵਸਤਾਂ ਨੂੰ ਅੰਤਮ ਖਪਤਕਾਰਾਂ ਨੂੰ ਛੋਟੀ ਮਾਤਰਾ ਵਿੱਚ ਵੇਚਿਆ ਜਾਂਦਾ ਹੈ।



ਨੋਟ

13

# ਕੀਮਤ ਅਤੇ ਮਾਤਰਾ ਦੇ ਨਿਰਧਾਰਨ ਵਿੱਚ ਸਰਕਾਰ ਦੀ ਭੂਮਿਕਾ

ਅਸੀਂ ਪਿਛਲੇ ਪਾਠ ਵਿੱਚ ਅਧਿਐਨ ਕੀਤਾ ਹੈ ਕਿ ਕਿਸੇ ਵਸਤੂ ਦੀ ਸੰਤੁਲਿਤ ਕੀਮਤ ਸਰਕਾਰ ਦੇ ਕਿਸੇ ਦਖਲ ਤੋਂ ਬਿਨਾਂ ਮੰਗ ਅਤੇ ਸਪਲਾਈ ਦੀਆਂ ਤਾਕਤਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਪਰ ਇਸ ਲਈ ਨਿਰਧਾਰਤ ਕੀਤੀ ਗਈ ਕੀਮਤ ਇੰਨੀ ਜ਼ਿਆਦਾ ਹੋ ਸਕਦੀ ਹੈ ਕਿ ਕੁਝ ਖਪਤਕਾਰ ਇਸ ਕੀਮਤ 'ਤੇ ਵਸਤੂ ਖਰੀਦਣ ਦੇ ਸਮਰੱਥ ਨਹੀਂ ਹੋ ਸਕਦੇ ਜਾਂ ਇਹ ਇੰਨੀ ਘੱਟ ਹੋ ਸਕਦੇ ਹਨ ਕਿ ਉਤਪਾਦਕ ਇਸ ਕੀਮਤ 'ਤੇ ਆਪਣੇ ਉਤਪਾਦ ਵੇਚਣ ਲਈ ਤਿਆਰ ਨਹੀਂ ਹੋ ਸਕਦੇ ਹਨ ਜਾਂ ਇਹ ਉਨ੍ਹਾਂ ਦੀ ਕੀਮਤ ਨੂੰ ਪੂਰਾ ਨਹੀਂ ਕਰ ਸਕਦਾ ਹੈ। ਵਸਤੂ ਦੇ ਉਤਪਾਦਨ ਦੀ ਅਜਿਹੀ ਸਥਿਤੀ ਵਿੱਚ ਸਰਕਾਰ ਦਖਲਅੰਦਾਜ਼ੀ ਕਰਦੀ ਹੈ ਅਤੇ ਖਪਤਕਾਰਾਂ ਜਾਂ ਉਤਪਾਦਕਾਂ ਦੇ ਹਿੱਤਾਂ ਨੂੰ ਬਚਾਉਣ ਲਈ ਸੰਤੁਲਿਤ ਕੀਮਤ ਤੋਂ ਹੇਠਾਂ ਜਾਂ ਸੰਤੁਲਿਤ ਕੀਮਤ ਤੋਂ ਉੱਪਰ ਕੀਮਤ ਨਿਰਧਾਰਤ ਕਰਦੀ ਹੈ।

## ਉਦੇਸ਼

- ਇਸ ਪਾਠ ਨੂੰ ਪੂਰਾ ਕਰਨ ਤੋਂ ਬਾਅਦ, ਤੁਸੀਂ ਇਹ ਕਰਨ ਦੇ ਯੋਗ ਹੋਵੋਗੇ:
- ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਵੰਡ ਵਿੱਚ ਸਰਕਾਰ ਦੀ ਭੂਮਿਕਾ ਨੂੰ ਸਮਝੋਗੇ;
- ਸਰਕਾਰ ਕੀਮਤ ਨੂੰ ਕਿਵੇਂ ਕੰਟਰੋਲ ਕਰਦੀ ਹੈ, ਇਹ ਦੱਸ ਸਕੋਗੇ।
- ਘੱਟੋ-ਘੱਟ ਸਮਰਥਨ ਮੁੱਲ ਦੀ ਧਾਰਨਾ ਨੂੰ ਸਮਝੋਗੇ।
- ਸਰਕਾਰ ਖਪਤਕਾਰਾਂ ਅਤੇ ਉਤਪਾਦਕਾਂ ਦੀ ਕਿਵੇਂ ਅਤੇ ਕਿਉਂ ਮਦਦ ਕਰਦੀ ਹੈ, ਸਮਝ ਸਕੋਗੇ।

## 13.1 ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਵੰਡ ਵਿੱਚ ਸਰਕਾਰ ਦੀ ਭੂਮਿਕਾ

ਪਹਿਲਾਂ ਦੱਸਿਆ ਗਿਆ ਹੈ, ਕਿਸੇ ਵਸਤੂ ਦੀ ਸੰਤੁਲਿਤ ਕੀਮਤ ਸਰਕਾਰ ਦੇ ਕਿਸੇ ਦਖਲ ਤੋਂ ਬਿਨਾਂ ਵਸਤੂ ਦੀ ਮੰਗ ਅਤੇ ਸਪਲਾਈ ਦੀਆਂ ਸ਼ਕਤੀਆਂ ਦੇ ਸੁਤੰਤਰ ਖੇਡ ਦੁਆਰਾ ਨਿਰਧਾਰਤ



ਨੋਟ



ਕੀਤੀ ਜਾਂਦੀ ਹੈ। ਪਰ ਕਈ ਵਾਰੀ ਇਸ ਤਰ੍ਹਾਂ ਨਿਰਧਾਰਤ ਕੀਤੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ, ਜਦੋਂ ਬਾਜ਼ਾਰ ਵਿੱਚ ਕਿਸੇ ਵਸਤੂ ਦੀ ਕਮੀ ਹੁੰਦੀ ਹੈ। ਅਜਿਹੇ 'ਚ ਕੁਝ ਖਪਤਕਾਰ ਵਸਤੂ ਦੀ ਕੀਮਤ ਜ਼ਿਆਦਾ ਹੋਣ ਕਾਰਨ ਉਸ ਨੂੰ ਨਹੀਂ ਖਰੀਦ ਸਕਦੇ। ਇਸ ਲਈ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਨੂੰ ਉਸ ਵਸਤੂ ਦੀ ਕੀਮਤ ਤੈਅ ਕਰਨੀ ਪੈਂਦੀ ਹੈ ਜੋ ਆਮ ਤੌਰ 'ਤੇ ਸੰਤੁਲਿਤ ਮੁੱਲ ਤੋਂ ਘੱਟ ਹੁੰਦੀ ਹੈ। ਇਸੇ ਤਰ੍ਹਾਂ ਜਦੋਂ ਅਨਾਜ ਦੀ ਬੰਪਰ ਫਸਲ ਹੁੰਦੀ ਹੈ ਤਾਂ ਅਨਾਜ ਦੀ ਕੀਮਤ ਹੇਠਲੇ ਪੱਧਰ 'ਤੇ ਤੈਅ ਕੀਤੀ ਜਾਂਦੀ ਹੈ, ਇਸ ਕੀਮਤ ਨਾਲ ਕਿਸਾਨ ਆਪਣੀ ਪੈਦਾਵਾਰ ਦੀ ਲਾਗਤ ਵੀ ਪੂਰੀ ਕਰਨ ਤੋਂ ਅਸਮਰੱਥ ਹੁੰਦੇ ਹਨ। ਇਸ ਲਈ ਭਾਅ ਵਿੱਚ ਭਾਰੀ ਗਿਰਾਵਟ ਕਾਰਨ ਕਿਸਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਅਜਿਹੇ ਮਾਮਲਿਆਂ ਵਿੱਚ ਸਰਕਾਰ ਉਤਪਾਦਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਅਨਾਜ ਦੀ ਕੀਮਤ ਤੈਅ ਕਰਦੀ ਹੈ ਜੋ ਸੰਤੁਲਨ ਮੁੱਲ ਤੋਂ ਵੱਧ ਹੁੰਦੀ ਹੈ। ਇਸ ਲਈ, ਕਈ ਵਾਰੀ ਸਰਕਾਰ ਖਪਤਕਾਰਾਂ ਜਾਂ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਕੁਝ ਵਸਤਾਂ ਦੀ ਕੀਮਤ ਨਿਰਧਾਰਤ ਕਰਨ ਲਈ ਮੰਗ ਅਤੇ ਸਪਲਾਈ ਦੀਆਂ ਸ਼ਕਤੀਆਂ ਨੂੰ ਖੁੱਲ੍ਹਾ ਖੇਡਣ ਦੀ ਆਗਿਆ ਨਹੀਂ ਦਿੰਦੀ। ਸਰਕਾਰ ਵਸਤੂ ਦੀ ਕੀਮਤ ਸੰਤੁਲਿਤ ਕੀਮਤ ਤੋਂ ਹੇਠਾਂ ਜਾਂ ਸੰਤੁਲਿਤ ਕੀਮਤ ਤੋਂ ਉੱਪਰ ਤੈਅ ਕਰ ਸਕਦੀ ਹੈ। ਅਜਿਹੀ ਕੀਮਤ ਨੂੰ ਪ੍ਰਬੰਧਕੀ ਕੀਮਤ (ਸਰਕਾਰੀ ਨਿਰਧਾਰਤ ਕੀਮਤ) ਕਿਹਾ ਜਾਂਦਾ ਹੈ। ਪ੍ਰਬੰਧਕੀ ਕੀਮਤ ਇਸ ਰੂਪ ਵਿੱਚ ਹੋ ਸਕਦੀ ਹੈ:

(i) ਨਿਯੰਤਰਤ ਕੀਮਤ

(ii) ਸਮਰਥਨ ਮੁੱਲ

(iii) ਸੰਕੇਤਕ (ਟੋਕਨ) ਕੀਮਤ

(iv) ਦੋਹਰੀ ਕੀਮਤ

## 13.2 ਨਿਯੰਤਰਤ ਕੀਮਤ

ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਵਸਤਾਂ ਦੀ ਵੱਧ ਤੋਂ ਵੱਧ ਕੀਮਤ ਤੈਅ ਕਰਦੀ ਹੈ। ਇਹ ਵੱਧ ਤੋਂ ਵੱਧ ਕੀਮਤ ਆਮ ਤੌਰ 'ਤੇ ਸੰਤੁਲਿਤ ਕੀਮਤ ਨਾਲੋਂ ਘੱਟ ਹੁੰਦੀ ਹੈ। ਇਸ ਨੂੰ ਨਿਯੰਤਰਣ ਕੀਮਤ ਜਾਂ ਸੀਲਿੰਗ ਕੀਮਤ ਕਿਹਾ ਜਾਂਦਾ ਹੈ। ਇਹ ਕੀਮਤ ਸਰਕਾਰ ਵੱਲੋਂ ਤੈਅ ਕੀਤੀ ਜਾਂਦੀ ਹੈ ਕਿਉਂਕਿ ਗਰੀਬ ਲੋਕ ਸੰਤੁਲਿਤ ਕੀਮਤ 'ਤੇ ਵਸਤੂ ਨਹੀਂ ਖਰੀਦ ਸਕਦੇ। ਇਹ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਵਸਤੂ ਦਾ ਉਤਪਾਦਨ ਉਸਦੀ ਮੰਗ ਤੋਂ ਘੱਟ ਹੁੰਦਾ ਹੈ। ਕਿਉਂਕਿ ਸਰਕਾਰ ਦੁਆਰਾ ਨਿਰਧਾਰਿਤ ਵਸਤੂ ਦੀ ਕੀਮਤ ਸੰਤੁਲਿਤ ਮੁੱਲ ਤੋਂ ਘੱਟ ਹੁੰਦੀ ਹੈ, ਇਹ ਵਸਤੂ ਦੀ ਵਾਧੂ ਮੰਗ ਪੈਦਾ ਕਰ ਸਕਦੀ ਹੈ ਜਿਸਦਾ ਮਤਲਬ ਹੈ ਕਿ ਖਰੀਦਦਾਰ ਉਸ ਤੋਂ

ਵੱਧ ਖਰੀਦਣ ਲਈ ਤਿਆਰ ਹਨ ਜੋ ਵੇਚਣ ਵਾਲੇ ਵੇਚਣ ਲਈ ਤਿਆਰ ਹਨ। ਭਾਰਤ ਵਿੱਚ ਸਰਕਾਰ ਕੋਲ ਵਸਤਾਂ ਦੀ ਇੱਕ ਨਿਯੰਤਰਣ ਕੀਮਤ ਜਾਂ ਸੀਲਿੰਗ ਕੀਮਤ ਹੁੰਦੀ ਹੈ ਜਿਸਨੂੰ ਉਹ ਜਨਤਾ ਲਈ ਜ਼ਰੂਰੀ ਸਮਝਦੀ ਹੈ। ਉਦਾਹਰਨ ਲਈ ਕੁਝ ਵਸਤਾਂ ਜਿਵੇਂ ਕਿ ਕਣਕ, ਚਾਵਲ, ਖੰਡ, ਮਿੱਟੀ ਦਾ ਤੇਲ ਆਦਿ ਦੀ ਕੀਮਤ ਨਿਯੰਤਰਿਤ ਹੈ। ਵੱਧ ਤੋਂ ਵੱਧ ਕੀਮਤ 'ਤੇ ਵਸਤੂ ਦੀ ਮੰਗ ਕਾਰਨ ਸਰਕਾਰ ਰਾਸ਼ਨਿੰਗ ਪ੍ਰਣਾਲੀ ਦਾ ਸਹਾਰਾ ਲੈਂਦੀ ਹੈ। **ਰਾਸ਼ਨਿੰਗ ਪ੍ਰਣਾਲੀ ਦਾ ਅਰਥ ਹੈ ਪ੍ਰਤੀ ਇਕਾਈ ਯੂਨਿਟ ਸਮੇਂ ਦਾ ਕੋਟਾ ਤੈਅ ਕਰਨਾ**। ਵਸਤਾਂ ਦੀ ਵੱਧ ਤੋਂ ਵੱਧ ਮੰਗ ਵੱਧ ਕੀਮਤ 'ਤੇ ਹੋਣ ਕਾਰਨ ਕਾਲਾਬਾਜ਼ਾਰੀ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਬਲੈਕ ਮਾਰਕੀਟਿੰਗ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਵਿਕਰੇਤਾ ਗੈਰ-ਕਾਨੂੰਨੀ ਢੰਗ ਨਾਲ ਵਸਤੂ ਦੀ ਕੀਮਤ ਵਸੂਲਦਾ ਹੈ ਜੋ ਨਿਯੰਤਰਿਤ ਕੀਮਤ ਤੋਂ ਬਹੁਤ ਜ਼ਿਆਦਾ ਹੈ। ਕਾਲਾਬਾਜ਼ਾਰੀ ਦੀ ਸਮੱਸਿਆ ਨੂੰ ਦੋਹਰੀ ਕੀਮਤ ਨੀਤੀ ਰਾਹੀਂ ਹੱਲ ਕੀਤਾ ਜਾ ਸਕਦਾ ਹੈ ਜਿਸ ਬਾਰੇ ਇਸ ਪਾਠ ਦੇ ਅਗਲੇ ਹਿੱਸੇ ਵਿੱਚ ਚਰਚਾ ਕੀਤੀ ਜਾਵੇਗੀ।

## ਪਾਠ ਅਧੀਨ ਪ੍ਰਸ਼ਨ 13.1

1. ਸਰਕਾਰ ਕੁਝ ਵਸਤਾਂ ਦੀ ਕੀਮਤ ਸੰਤੁਲਿਤ ਕੀਮਤ ਤੋਂ ਹੇਠਾਂ ਕਿਉਂ ਤੈਅ ਕਰਦੀ ਹੈ?
2. ਸੰਤੁਲਨ ਕੀਮਤ ਤੋਂ ਹੇਠਾਂ ਕਿਸੇ ਵਸਤੂ ਦੀ ਕੀਮਤ ਨਿਰਧਾਰਤ ਕਰਨ ਵਿੱਚ ਆਈਆਂ ਸਮੱਸਿਆਵਾਂ ਦੇ ਨਾਮ ਦੱਸੋ।
3. ਰਾਸ਼ਨਿੰਗ ਪ੍ਰਣਾਲੀ ਦਾ ਕੀ ਅਰਥ ਹੈ?
4. ਬਲੈਕ ਮਾਰਕੀਟਿੰਗ ਤੋਂ ਤੁਹਾਡਾ ਕੀ ਮਤਲਬ ਹੈ।
5. ਕੀਮਤਾਂ ਕੰਟਰੋਲ ਕਾਰਨ ਹੋਣ ਵਾਲੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਸਰਕਾਰ ਵੱਲੋਂ ਕਿਹੜੀ ਨੀਤੀ ਅਪਣਾਈ ਜਾਂਦੀ ਹੈ?

## 13.3 ਸਮਰਥਨ ਮੁੱਲ

ਕਈ ਵਾਰ, ਉਤਪਾਦਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਜਿਣਸ ਦੀ ਘੱਟੋ ਘੱਟ ਕੀਮਤ ਨਿਰਧਾਰਤ ਕਰਦੀ ਹੈ ਜੋ ਉਤਪਾਦਕਾਂ ਨੂੰ ਅਦਾ ਕਰਨੀ ਪੈਂਦੀ ਹੈ। ਇਹ ਕੀਮਤ ਆਮ ਤੌਰ 'ਤੇ ਸੰਤੁਲਿਤ ਕੀਮਤ ਨਾਲੋਂ ਵੱਧ ਹੁੰਦੀ ਹੈ। ਇਹ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਉਤਪਾਦਕ ਸੰਤੁਲਿਤ ਮੁੱਲ 'ਤੇ ਉਤਪਾਦਨ ਦੀ ਲਾਗਤ ਨੂੰ ਵੀ ਪੂਰਾ ਨਹੀਂ ਕਰਦੇ। ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਇਸ ਕੀਮਤ ਨੂੰ ਸਮਰਥਨ ਮੁੱਲ ਕਿਹਾ ਜਾਂਦਾ ਹੈ। ਇਹ ਵਸਤੂ ਦੀ ਵਾਧੂ ਸਪਲਾਈ ਦੀ ਸਥਿਤੀ ਪੈਦਾ ਕਰ



ਸਕਦਾ ਹੈ। ਇਸਦਾ ਮਤਲਬ ਹੈ ਕਿ ਵਿਕਰੇਤਾ ਉਸ ਤੋਂ ਵੱਧ ਵੇਚਣ ਲਈ ਤਿਆਰ ਹਨ ਜੋ ਖਰੀਦਦਾਰ ਖਰੀਦਣ ਲਈ ਤਿਆਰ ਹਨ।

ਭਾਰਤ ਵਿੱਚ ਅਨਾਜ ਜਿਵੇਂ ਕਣਕ, ਚੌਲ ਆਦਿ ਦੀ ਘੱਟ ਕੀਮਤ ਕਿਸਾਨਾਂ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ। ਉਹ ਅਨਾਜ ਪੈਦਾ ਕਰਨ ਵਿੱਚ ਆਪਣੀ ਰੁਚੀ ਗੁਆ ਸਕਦੇ ਹਨ। ਇਸ ਨਾਲ ਅਨਾਜ ਦੀ ਭਾਰੀ ਕਮੀ ਹੋ ਸਕਦੀ ਹੈ। ਇਸ ਲਈ, ਆਮ ਤੌਰ 'ਤੇ ਖੇਤੀਬਾੜੀ ਉਤਪਾਦਾਂ ਦੇ ਮਾਮਲੇ ਵਿੱਚ ਸਮਰਥਨ ਮੁੱਲ ਦੀ ਪ੍ਰਣਾਲੀ ਦੀ ਪਾਲਣਾ ਕੀਤੀ ਜਾਂਦੀ ਹੈ। ਸਮਰਥਨ ਮੁੱਲ ਦੀ ਪ੍ਰਣਾਲੀ ਕਿਸਾਨਾਂ ਨੂੰ ਭਰੋਸਾ ਦਿਵਾਉਂਦੀ ਹੈ ਕਿ ਉਹ ਘੱਟੋ-ਘੱਟ ਇਸ ਕੀਮਤ 'ਤੇ ਆਪਣੇ ਉਤਪਾਦ ਵੇਚਣ ਦੇ ਯੋਗ ਹੋਣਗੇ।

ਸਮਰਥਨ ਮੁੱਲ 'ਤੇ ਜਿਣਸ ਦੀ ਜ਼ਿਆਦਾ ਸਪਲਾਈ ਹੋਣ ਦੀ ਸੂਰਤ ਵਿਚ ਸਰਕਾਰ ਜਿਣਸ ਦਾ ਬਫਰ ਸਟਾਕ ਬਣਾਉਣ ਲਈ ਜਿਣਸ ਦੀ ਕਿਸੇ ਵੀ ਮਾਤਰਾ ਨੂੰ ਖਰੀਦਣ ਲਈ ਤਿਆਰ ਹੈ।

## ਪਾਠ ਅਧੀਨ ਪ੍ਰਸ਼ਨ 13.2

1. ਸਮਰਥਨ ਮੁੱਲ ਕੀ ਹੈ?
2. ਸਰਕਾਰ ਕਿਸੇ ਵਸਤੂ ਦੀ ਕੀਮਤ ਸੰਤੁਲਿਤ ਮੁੱਲ ਤੋਂ ਵੱਧ ਕਿਉਂ ਤੈਅ ਕਰਦੀ ਹੈ?
3. ਮੰਨ ਲਓ ਕਿ ਕਿਸਾਨ ਆਪਣੀ ਕਣਕ ਦੀ ਕੁੱਲ ਪੈਦਾਵਾਰ ਉਸ ਕੀਮਤ 'ਤੇ ਵੇਚਣ ਤੋਂ ਅਸਮਰੱਥ ਹਨ ਜੋ ਸਰਕਾਰ ਦੁਆਰਾ ਨਿਰਧਾਰਿਤ ਸੰਤੁਲਿਤ ਮੁੱਲ ਤੋਂ ਵੱਧ ਹੈ ਤਾਂ ਸਰਕਾਰ ਦੁਆਰਾ ਕੀ ਨੀਤੀ ਅਪਣਾਈ ਜਾਂਦੀ ਹੈ?
4. ਭਾਰਤ ਵਿੱਚ ਸਮਰਥਨ ਮੁੱਲ ਵਾਲੀਆਂ ਦੋ ਵਸਤਾਂ ਦੇ ਨਾਮ ਦੱਸੋ?

## 13.4 ਸੰਕੇਤਕ (ਟੋਕਨ) ਕੀਮਤ

ਕੁਝ ਵਸਤਾਂ ਅਤੇ ਸੇਵਾਵਾਂ ਹਨ ਜੋ ਜੀਵਨ ਦੀ ਹੋਂਦ ਲਈ ਜ਼ਰੂਰੀ ਮੰਨੀਆਂ ਜਾਂਦੀਆਂ ਹਨ ਜਿਵੇਂ ਕਿ ਮੈਡੀਕਲ ਸੇਵਾਵਾਂ, ਸਿਹਤ ਸੇਵਾਵਾਂ ਅਤੇ ਸਿੱਖਿਆ ਸੇਵਾਵਾਂ। ਗਰੀਬ ਲੋਕ ਪ੍ਰਚੱਲਿਤ ਬਾਜ਼ਾਰੀ ਕੀਮਤਾਂ 'ਤੇ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਨ ਤੋਂ ਅਸਮਰੱਥ ਹਨ। ਇਸ ਲਈ, ਸਰਕਾਰੀ ਅਤੇ ਕੁਝ ਨਿੱਜੀ 'ਚੈਰੀਟੇਬਲ ਸੰਸਥਾਵਾਂ' ਇਹ ਸੇਵਾਵਾਂ ਉਸ ਕੀਮਤ 'ਤੇ ਪ੍ਰਦਾਨ ਕਰਦੀਆਂ ਹਨ ਜੋ ਉਨ੍ਹਾਂ ਦੀ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਤੋਂ ਵੀ ਬਹੁਤ ਘੱਟ ਹਨ। ਅਜਿਹੀ ਕੀਮਤ ਨੂੰ ਇਹਨਾਂ ਵਸਤਾਂ ਅਤੇ ਸੇਵਾਵਾਂ ਲਈ ਸੰਕੇਤਕ ਕੀਮਤ ਕਿਹਾ ਜਾਂਦਾ ਹੈ। ਸਰਕਾਰੀ ਸਕੂਲਾਂ ਵਿੱਚ



ਨੋਟ

ਲਈ ਜਾਂਦੀ ਟਿਊਸ਼ਨ ਫੀਸ ਸਰਕਾਰ ਵੱਲੋਂ ਪ੍ਰਤੀ ਵਿਦਿਆਰਥੀ ਖਰਚੇ ਜਾਣ ਵਾਲੇ ਖਰਚੇ ਤੋਂ ਬਹੁਤ ਘੱਟ ਹੈ।

ਇਹਨਾਂ ਸੇਵਾਵਾਂ ਦੀ ਗਲਤ ਵਰਤੋਂ ਨੂੰ ਰੋਕਣ ਲਈ ਸੰਕੇਤਕ ਕੀਮਤ ਵਸੂਲੀ ਜਾਂਦੀ ਹੈ। ਨਹੀਂ ਤਾਂ ਇਹ ਸੇਵਾਵਾਂ ਮੁਫ਼ਤ ਵੀ ਉਪਲੱਬਧ ਕਰਵਾਈਆਂ ਜਾ ਸਕਦੀਆਂ ਹਨ। ਜੇਕਰ ਇਹ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਕੁਝ ਲੋਕ ਮੁਫਤ ਆਸਰਾ ਅਤੇ ਮੁਫ਼ਤ ਭੋਜਨ ਪ੍ਰਾਪਤ ਕਰਨ ਲਈ ਲੰਬੇ ਸਮੇਂ ਲਈ ਹਸਪਤਾਲ ਵਿੱਚ ਰਹਿਣ ਦੀ ਕੋਸ਼ਿਸ਼ ਕਰ ਸਕਦੇ ਹਨ।

## 13.5 ਦੋਹਰੀ ਕੀਮਤ

ਜਿਵੇਂ ਕਿ ਇਸ ਪਾਠ ਵਿੱਚ ਪਹਿਲਾਂ ਦੱਸਿਆ ਗਿਆ ਹੈ ਕਿ ਕੀਮਤ ਨਿਯੰਤਰਣ ਵਸਤੂ ਦੀ ਘਾਟ ਦਾ ਕਾਰਨ ਬਣ ਸਕਦਾ ਹੈ ਕਿਉਂਕਿ ਵਿਕਰੇਤਾ ਸਰਕਾਰ ਦੁਆਰਾ ਨਿਰਧਾਰਤ ਕੀਮਤ 'ਤੇ ਵਸਤੂ ਦੀ ਲੋੜੀਂਦੀ ਮਾਤਰਾ ਦੀ ਸਪਲਾਈ ਕਰਨ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਕੀਮਤ ਸੰਤੁਲਿਤ ਕੀਮਤ ਤੋਂ ਘੱਟ ਹੁੰਦੀ ਹੈ। ਇਸ ਨਾਲ ਵਸਤਾਂ ਦੀ ਕਾਲਾਬਾਜ਼ਾਰੀ ਵੀ ਹੋ ਸਕਦੀ ਹੈ। ਇਸ ਸਥਿਤੀ ਤੋਂ ਬਚਣ ਲਈ ਸਰਕਾਰ ਦੋਹਰੀ ਕੀਮਤ ਦੀ ਨੀਤੀ ਅਪਣਾਉਂਦੀ ਹੈ, ਇਸ ਨੀਤੀ ਤਹਿਤ ਵਸਤੂ ਦੇ ਉਤਪਾਦਨ ਦਾ ਕੁਝ ਹਿੱਸਾ ਵਾਜਬ ਕੀਮਤ ਵਾਲੀਆਂ ਦੁਕਾਨਾਂ ਰਾਹੀਂ ਨਿਯੰਤਰਿਤ ਕੀਮਤ 'ਤੇ ਵੇਚਿਆ ਜਾਂਦਾ ਹੈ ਅਤੇ ਬਾਕੀ ਹਿੱਸਾ ਮੌਜੂਦਾ ਬਾਜ਼ਾਰੀ ਭਾਅ 'ਤੇ ਵੇਚਿਆ ਜਾਂਦਾ ਹੈ ਜੋ ਕਿ ਮੰਗ ਅਤੇ ਸਪਲਾਈ ਦੀਆਂ ਸ਼ਕਤੀਆਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਇਸ ਮਾਰਕੀਟ ਕੀਮਤ 'ਤੇ ਵਸਤੂ ਦੀ ਕੋਈ ਵੀ ਮਾਤਰਾ ਖਰੀਦੀ ਜਾ ਸਕਦੀ ਹੈ। ਉਦਾਹਰਨ ਲਈ ਸਰਕਾਰ ਕਣਕ, ਚਾਵਲ ਅਤੇ ਖੰਡ ਬੀਪੀਐੱਲ (ਗਰੀਬੀ ਰੇਖਾ ਤੋਂ ਹੇਠਾਂ) ਕਾਰਡ ਧਾਰਕਾਂ ਨੂੰ ਵਾਜਬ ਕੀਮਤ ਵਾਲੀਆਂ ਦੁਕਾਨਾਂ ਰਾਹੀਂ ਨਿਯੰਤਰਿਤ ਕੀਮਤ 'ਤੇ ਵੇਚਦੀ ਹੈ ਅਤੇ ਉਤਪਾਦਕਾਂ ਨੂੰ ਵੀ ਖੁੱਲ੍ਹੇ ਬਾਜ਼ਾਰ ਵਿੱਚ ਸੰਤੁਲਿਤ ਮੁੱਲ 'ਤੇ ਆਪਣੀ ਬਾਕੀ ਦੀ ਪੈਦਾਵਾਰ ਵੇਚਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

## ਪਾਠ ਅਧੀਨ ਪ੍ਰਸ਼ਨ 13.3

1. ਸੰਕੇਤਕ ਕੀਮਤ ਕੀ ਹੈ?
2. ਦੋਹਰੀ ਕੀਮਤ ਤੋਂ ਕੀ ਭਾਵ ਹੈ?
3. ਸਰਕਾਰ ਕੁਝ ਵਸਤਾਂ ਮੁਫ਼ਤ ਕਿਉਂ ਨਹੀਂ ਦਿੰਦੀ? ਇਹ ਉਹਨਾਂ ਲਈ ਸੰਕੇਤਕ ਕੀਮਤ ਕਿਉਂ ਲੈਂਦੀ ਹੈ?

4. ਸਹੀ ਉੱਤਰ 'ਤੇ ਨਿਸ਼ਾਨ ਲਗਾਓ (√)

(ੳ) ਸੰਕੇਤਕ ਕੀਮਤ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਕੀਮਤ ਹੈ ਜੋ ਉਤਪਾਦਨ ਦੀ ਪ੍ਰਤੀ ਇਕਾਈ ਲਾਗਤ ਤੋਂ ਵੱਧ ਹੈ।

(ਅ) ਸੰਕੇਤਕ ਕੀਮਤ ਉਹ ਕੀਮਤ ਹੈ ਜੋ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਤੋਂ ਬਹੁਤ ਘੱਟ ਹੈ।

(ੲ) ਸੰਕੇਤਕ ਕੀਮਤ ਉਹ ਕੀਮਤ ਹੈ ਜੋ ਅਮੀਰ ਵਿਅਕਤੀਆਂ ਤੋਂ ਵਸੂਲੀ ਜਾਂਦੀ ਹੈ

(ਸ) ਸੰਕੇਤਕ ਕੀਮਤ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਦੇ ਬਰਾਬਰ ਹੈ।

## 13.6 ਮਾਰਕੀਟ ਕੀਮਤ 'ਤੇ ਟੈਕਸਾਂ ਅਤੇ ਸਬਸਿਡੀਆਂ ਦਾ ਪ੍ਰਭਾਵ

ਸਰਕਾਰ ਵਸਤਾਂ ਦੇ ਉਤਪਾਦਨ ਅਤੇ ਵਿਕਰੀ 'ਤੇ ਅਤੇ ਕੱਚੇ ਮਾਲ ਆਦਿ ਦੀ ਦਰਾਮਦ 'ਤੇ ਕ੍ਰਮਵਾਰ ਐਕਸਾਈਜ਼ ਡਿਊਟੀ, ਵਿਕਰੀ ਟੈਕਸ ਅਤੇ ਆਯਾਤ ਡਿਊਟੀ ਦੇ ਰੂਪ ਵਿੱਚ ਕਈ ਤਰ੍ਹਾਂ ਦੇ ਟੈਕਸ ਲਗਾਉਂਦੀ ਹੈ। ਇਨ੍ਹਾਂ ਵਸਤਾਂ ਦੇ ਉਤਪਾਦਕਾਂ, ਵਿਕਰੇਤਾਵਾਂ ਅਤੇ ਦਰਾਮਦਕਾਰਾਂ ਦੁਆਰਾ ਸਰਕਾਰ ਨੂੰ ਇਹ ਟੈਕਸ ਅਦਾ ਕੀਤੇ ਜਾਂਦੇ ਹਨ। ਇਹਨਾਂ ਵਸਤਾਂ ਦੇ ਉਤਪਾਦਕ, ਵਿਕਰੇਤਾ ਅਤੇ ਦਰਾਮਦਕਾਰ ਇਹਨਾਂ ਵਸਤਾਂ ਦੇ ਖਰੀਦਦਾਰਾਂ ਤੋਂ ਇਹਨਾਂ ਦੀ ਵਸੂਲੀ ਕਰਦੇ ਹਨ। ਇਸ ਲਈ ਇਹ ਟੈਕਸ ਵਸਤਾਂ ਦੀ ਮਾਰਕੀਟ ਕੀਮਤ ਨੂੰ ਵਧਾਉਂਦੇ ਹਨ। ਜੇਕਰ ਸਰਕਾਰ ਇਨ੍ਹਾਂ ਟੈਕਸਾਂ ਦੀ ਦਰ ਵਿੱਚ ਵਾਧਾ ਕਰਦੀ ਹੈ ਤਾਂ ਵਸਤਾਂ ਦੀ ਬਾਜ਼ਾਰੀ ਕੀਮਤ ਵੀ ਵਧ ਜਾਵੇਗੀ।

ਦੂਜੇ ਪਾਸੇ ਸਰਕਾਰ ਉਤਪਾਦਕਾਂ ਨੂੰ ਕੁਝ ਵਸਤਾਂ ਨੂੰ ਘੱਟ ਕੀਮਤ 'ਤੇ ਵੇਚਣ ਲਈ ਸਬਸਿਡੀ ਦਿੰਦੀ ਹੈ ਤਾਂ ਜੋ ਆਮ ਲੋਕਾਂ ਨੂੰ ਵਸਤੂ ਵਾਜਬ ਕੀਮਤ 'ਤੇ ਉਪਲੱਬਧ ਕਰਵਾਈ ਜਾ ਸਕੇ। ਇਸ ਤਰ੍ਹਾਂ ਸਬਸਿਡੀ ਵਿੱਚ ਵਾਧਾ ਹੋਣ ਨਾਲ ਵਸਤਾਂ ਦੀ ਮਾਰਕੀਟ ਕੀਮਤ ਵਿੱਚ ਕਮੀ ਆਉਂਦੀ ਹੈ। ਉਦਾਹਰਣ ਵਜੋਂ, ਸਰਕਾਰ ਮਿੱਟੀ ਦੇ ਤੇਲ, ਰਸੋਈ ਗੈਸ ਆਦਿ 'ਤੇ ਸਬਸਿਡੀ ਦਿੰਦੀ ਹੈ।

## 13.7 ਜਨਤਕ ਵੰਡ ਪ੍ਰਣਾਲੀ (PDS)

ਗ਼ਰੀਬ ਲੋਕ ਬਾਜ਼ਾਰੀ ਭਾਅ 'ਤੇ ਜ਼ਰੂਰੀ ਵਸਤਾਂ ਵੀ ਨਹੀਂ ਖ਼ਰੀਦ ਸਕਦੇ। ਇਹਨਾਂ ਲੋਕਾਂ ਦੀ ਮਦਦ ਕਰਨ ਲਈ, ਭਾਰਤ ਵਿੱਚ ਅਪਣਾਏ ਗਏ ਤਰੀਕਿਆਂ ਵਿੱਚੋਂ ਇੱਕ ਜਨਤਕ ਵੰਡ ਪ੍ਰਣਾਲੀ ਹੈ, ਇਸ ਪ੍ਰਣਾਲੀ ਅਧੀਨ ਜ਼ਰੂਰੀ ਵਸਤਾਂ ਜਿਵੇਂ ਕਣਕ, ਚਾਵਲ, ਖੰਡ ਆਦਿ ਆਮ ਲੋਕਾਂ ਨੂੰ ਰਾਸ਼ਨ ਦੀਆਂ ਦੁਕਾਨਾਂ ਕਹੀਆਂ ਜਾਣ ਵਾਲੀਆਂ ਉਚਿਤ ਕੀਮਤ ਦੀਆਂ ਦੁਕਾਨਾਂ ਰਾਹੀਂ ਸਸਤੇ





ਰੇਟਾਂ 'ਤੇ ਉਪਲੱਬਧ ਕਰਵਾਈਆਂ ਜਾਂਦੀਆਂ ਹਨ। ਇਹ ਵਸਤਾਂ ਰਾਸ਼ਨ ਕਾਰਡ ਨਾਮਕ ਪਛਾਣ ਪੱਤਰ ਰਾਹੀਂ ਵੇਚੀਆਂ ਜਾਂਦੀਆਂ ਹਨ। ਭਾਰਤ ਵਿੱਚ ਜਨਤਕ ਵੰਡ ਪ੍ਰਣਾਲੀ ਦੇ ਜ਼ਰੂਰੀ ਤੱਤ ਨਿਮਨਲਿਖਤ ਹਨ।

1. **ਸਬਸਿਡੀ**: ਸਰਕਾਰ ਜਨਤਕ ਵੰਡ ਪ੍ਰਣਾਲੀ ਰਾਹੀਂ ਵੇਚੀਆਂ ਜਾਣ ਵਾਲੀਆਂ ਵਸਤਾਂ 'ਤੇ ਸਬਸਿਡੀਆਂ ਦਿੰਦੀ ਹੈ। ਇਸ ਲਈ, ਇਸ ਪ੍ਰਣਾਲੀ ਅਧੀਨ ਵੇਚੀਆਂ ਜਾਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਮੁਕਾਬਲਤਨ ਘੱਟ ਹਨ।

2. **ਨਿਸ਼ਚਿਤ ਮਾਤਰਾ (ਰਾਸ਼ਨਿੰਗ)**: ਸਰਕਾਰ ਕਿਸੇ ਵਿਅਕਤੀ ਦੀ ਘੱਟੋ-ਘੱਟ ਲੋੜ ਦੇ ਆਧਾਰ 'ਤੇ ਪ੍ਰਤੀ ਇਕਾਈ ਸਮੇਂ ਦੀ ਮਾਤਰਾ (ਕੋਟਾ) ਨਿਰਧਾਰਤ ਕਰਦੀ ਹੈ। ਹਰੇਕ ਪਰਿਵਾਰ ਨੂੰ ਪਰਿਵਾਰ ਵਿੱਚ ਵਿਅਕਤੀਆਂ ਦੀ ਗਿਣਤੀ ਦਾ ਜ਼ਿਕਰ ਕਰਨ ਵਾਲਾ ਇੱਕ ਕਾਰਡ ਜਾਰੀ ਕੀਤਾ ਜਾਂਦਾ ਹੈ। ਹਰ ਪਰਿਵਾਰ ਉਚਿਤ ਦਰ ਵਾਲੀਆਂ ਦੁਕਾਨਾਂ ਤੋਂ ਪਰਿਵਾਰ ਵਿੱਚ ਵਿਅਕਤੀਆਂ ਦੀ ਗਿਣਤੀ ਦੇ ਅਨੁਸਾਰ ਵਸਤੂ ਦੀ ਨਿਸ਼ਚਿਤ ਮਾਤਰਾ ਖਰੀਦ ਸਕਦਾ ਹੈ।

3. **ਉਚਿਤ ਦਰ ਵਾਲੀਆਂ ਦੁਕਾਨਾਂ (FPS)**: ਸਰਕਾਰ ਇਹਨਾਂ ਵਸਤਾਂ ਨੂੰ ਰਾਸ਼ਨ ਦੀਆਂ ਦੁਕਾਨਾਂ ਵਜੋਂ ਜਾਣੀਆਂ ਜਾਂਦੀਆਂ ਉਚਿਤ ਕੀਮਤ ਦੀਆਂ ਦੁਕਾਨਾਂ ਰਾਹੀਂ ਵੇਚਦੀ ਹੈ। ਇਹ ਦੁਕਾਨਾਂ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਖੁੱਲ੍ਹੀਆਂ ਹਨ। ਸਰਕਾਰ ਹਰ ਦੁਕਾਨ ਨਾਲ ਰਜਿਸਟਰਡ ਰਾਸ਼ਨ ਕਾਰਡਾਂ ਦੀ ਗਿਣਤੀ ਦੇ ਹਿਸਾਬ ਨਾਲ ਇਨ੍ਹਾਂ ਦੁਕਾਨਾਂ ਦੇ ਮਾਲਕਾਂ ਨੂੰ ਇਹ ਵਸਤਾਂ ਸਪਲਾਈ ਕਰਦੀ ਹੈ। ਇਨ੍ਹਾਂ ਦੁਕਾਨਾਂ ਦੇ ਮਾਲਕ ਨੂੰ ਉਨ੍ਹਾਂ ਦੀ ਕੁੱਲ ਵਿਕਰੀ 'ਤੇ ਕਮਿਸ਼ਨ ਦਿੱਤਾ ਜਾਂਦਾ ਹੈ।

## ਪਾਠ ਅਧੀਨ ਪ੍ਰਸ਼ਨ 13.4

1. ਜਨਤਕ ਵੰਡ ਪ੍ਰਣਾਲੀ ਦੇ ਤਿੰਨ ਤੱਤਾਂ ਦੇ ਨਾਮ ਦੱਸੋ।
2. ਟੈਕਸ ਵਿੱਚ ਵਾਧਾ ਕਿਸੇ ਵਸਤੂ ਦੀ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?
3. ਸਬਸਿਡੀ ਵਿੱਚ ਵਾਧਾ ਕਿਸੇ ਵਸਤੂ ਦੀ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?
4. 'ਰਾਸ਼ਨਿੰਗ' ਸ਼ਬਦ ਦਾ ਕੀ ਅਰਥ ਹੈ?
5. ਉਚਿੱਤ ਦਰ ਵਾਲੀਆਂ ਦੁਕਾਨਾਂ ਨੂੰ ਕਿਸ ਆਧਾਰ 'ਤੇ ਸਾਮਾਨ ਦਾ ਕੋਟਾ ਵੰਡਿਆ ਜਾਂਦਾ ਹੈ?
6. ਹੇਠ ਲਿਖਿਆਂ ਦਾ ਪੂਰਾ ਰੂਪ ਲਿਖੋ
   (i) ਬੀ.ਪੀ.ਐੱਲ.
   (ii) ਐੱਫ.ਪੀ.ਐੱਸ.
   (iii) ਪੀ.ਡੀ.ਐੱਸ.





## ਤੁਸੀਂ ਕੀ ਸਿੱਖਿਆ

- ਪ੍ਰਸ਼ਾਸਿਤ ਕੀਮਤਾਂ ਉਹ ਕੀਮਤਾਂ ਹੁੰਦੀਆਂ ਹਨ ਜੋ ਸਰਕਾਰ ਦੁਆਰਾ ਖਪਤਕਾਰਾਂ ਜਾਂ ਉਤਪਾਦਕਾਂ ਦੇ ਹਿੱਤਾਂ ਦੀ ਰੱਖਿਆ ਲਈ ਸੰਤੁਲਿਤ ਕੀਮਤ ਤੋਂ ਹੇਠਾਂ ਜਾਂ ਉੱਪਰ ਨਿਰਧਾਰਤ ਕੀਤੀਆਂ ਜਾਂਦੀਆਂ ਹਨ।
- ਨਿਯੰਤਰਤ ਕੀਮਤ ਉਹ ਕੀਮਤ ਹੈ ਜੋ ਸਰਕਾਰ ਦੁਆਰਾ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਸੰਤੁਲਿਤ ਕੀਮਤ ਤੋਂ ਹੇਠਾਂ ਨਿਰਧਾਰਤ ਕੀਤੀ ਜਾਂਦੀ ਹੈ।
- ਸਮਰਥਨ ਮੁੱਲ ਉਹ ਕੀਮਤ ਹੈ ਜੋ ਸਰਕਾਰ ਦੁਆਰਾ ਉਤਪਾਦਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੰਤੁਲਿਤ ਮੁੱਲ ਤੋਂ ਉੱਪਰ ਨਿਰਧਾਰਤ ਕੀਤੀ ਜਾਂਦੀ ਹੈ।
- ਸੰਕੇਤਕ ਕੀਮਤ ਉਹ ਕੀਮਤ ਹੈ ਜੋ ਸਰਕਾਰੀ/ਨਿੱਜੀ ਚੈਰੀਟੇਬਲ ਸੰਸਥਾਵਾਂ ਦੁਆਰਾ ਵਸਤੂ ਦੇ ਉਤਪਾਦਨ ਦੀ ਪ੍ਰਤੀ ਯੂਨਿਟ ਲਾਗਤ ਤੋਂ ਬਹੁਤ ਘੱਟ ਨਿਰਧਾਰਤ ਕੀਤੀ ਜਾਂਦੀ ਹੈ।
- ਦੋਹਰੀ ਕੀਮਤ ਪ੍ਰਣਾਲੀ ਤਹਿਤ, ਕੁੱਲ ਆਉਟਪੁੱਟ ਦਾ ਇੱਕ ਹਿੱਸਾ ਵਾਜਬ ਕੀਮਤ ਦੀ ਦੁਕਾਨ ਦੁਆਰਾ ਨਿਯੰਤਰਿਤ ਕੀਮਤ 'ਤੇ ਵੇਚਿਆ ਜਾਂਦਾ ਹੈ। ਬਾਕੀ ਬਚੀ ਆਉਟਪੁੱਟ ਨੂੰ ਸਰਕਾਰ ਦੇ ਦਖਲ ਦੇ ਬਿਨਾਂ ਪ੍ਰਚਲਿੱਤ ਮਾਰਕੀਟ ਕੀਮਤ 'ਤੇ ਖੁੱਲ੍ਹੇ ਬਾਜ਼ਾਰ ਵਿੱਚ ਵੇਚਿਆ ਜਾਂਦਾ ਹੈ ਜੋ ਮੰਗ ਅਤੇ ਸਪਲਾਈ ਦੀਆਂ ਤਾਕਤਾਂ ਦੁਆਰਾ ਬਿਨਾਂ ਕਿਸੇ ਦਖਲ ਦੇ ਨਿਰਧਾਰਤ ਕੀਤਾ ਜਾਂਦਾ ਹੈ।
- ਕਿਸੇ ਵਸਤੂ 'ਤੇ ਟੈਕਸ ਵਧਣ ਨਾਲ ਵਸਤੂ ਦੀ ਮਾਰਕੀਟ ਕੀਮਤ ਵਧ ਜਾਂਦੀ ਹੈ।
- ਕਿਸੇ ਵਸਤੂ 'ਤੇ ਦਿੱਤੀ ਜਾਂਦੀ ਸਬਸਿਡੀ ਵਸਤੂ ਦੀ ਮਾਰਕੀਟ ਕੀਮਤ ਨੂੰ ਘਟਾਉਂਦੀ ਹੈ।
- ਵਸਤਾਂ ਨੂੰ ਰਾਸ਼ਨ ਕਾਰਡਾਂ ਦੇ ਆਧਾਰ 'ਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਵੇਚਿਆ ਜਾਂਦਾ ਹੈ।

## ਪਾਠ ਦੇ ਅੰਤ ਦੇ ਪ੍ਰਸ਼ਨ

1. ਨਿਯੰਤਰਤ ਕੀਮਤ ਕੀ ਹੈ? ਇਹ ਖਪਤਕਾਰਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?
2. ਸਮਰਥਨ ਮੁੱਲ ਕੀ ਹੈ? ਇਹ ਉਤਪਾਦਕਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?



ਨੋਟ

3. ਸੰਕੇਤਕ ਕੀਮਤ ਕੀ ਹੈ? ਕਿਸੇ ਵਸਤੂ ਦੀ ਸੰਕੇਤਕ ਕੀਮਤ ਤੈਅ ਕਰਨ ਪਿੱਛੇ ਕੀ ਮਕਸਦ ਹੈ?

4. ਦੋਹਰੀ ਕੀਮਤ ਨੀਤੀ ਦੀ ਪ੍ਰਣਾਲੀ ਦੀ ਵਿਆਖਿਆ ਕਰੋ। ਇਹ ਗਰੀਬਾਂ ਦੀ ਕਿਵੇਂ ਮਦਦ ਕਰਦੀ ਹੈ?

5. ਟੈਕਸ ਅਤੇ ਸਬਸਿਡੀਆਂ ਕਿਸੇ ਵਸਤੂ ਦੀ ਮਾਰਕੀਟ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?

6. ਜਨਤਕ ਵੰਡ ਪ੍ਰਣਾਲੀ ਤੋਂ ਕੀ ਭਾਵ ਹੈ? ਇਸ ਦੇ ਜ਼ਰੂਰੀ ਤੱਤਾਂ ਨੂੰ ਸੰਖੇਪ ਵਿੱਚ ਸਮਝਾਓ।

## ਪਾਠ ਅਧੀਨ ਪ੍ਰਸ਼ਨਾਂ ਦੇ ਉੱਤਰ

### ਪਾਠ ਅਧੀਨ ਪ੍ਰਸ਼ਨ 13.1 ਦੇ ਉੱਤਰ

1. ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ।

2. (i) ਵਸਤੂ ਦੀ ਜ਼ਿਆਦਾ ਮੰਗ ਜਾਂ ਕਮੀ ਦੀ ਸਮੱਸਿਆ।

   (ii) ਕਾਲਾਬਾਜ਼ਾਰੀ ਦੀ ਸਮੱਸਿਆ

3. ਰਾਸ਼ਨਿੰਗ ਦਾ ਮਤਲਬ ਹੈ ਪ੍ਰਤੀ ਵਿਅਕਤੀ ਪ੍ਰਤੀ ਇਕਾਈ ਸਮੇਂ ਦਾ ਕੋਟਾ ਫਿਕਸ ਕਰਨਾ

4. ਬਲੈਕ ਮਾਰਕੀਟਿੰਗ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਵਿਕਰੇਤਾ ਗੈਰ-ਕਾਨੂੰਨੀ ਤੌਰ 'ਤੇ ਇੱਕ ਕੀਮਤ ਵਸੂਲਦਾ ਹੈ ਜੋ ਨਿਯੰਤਰਿਤ ਕੀਮਤ ਤੋਂ ਬਹੁਤ ਜ਼ਿਆਦਾ ਹੁੰਦੀ ਹੈ।

5. ਦੋਹਰੀ ਕੀਮਤ ਨੀਤੀ

### ਪਾਠ ਅਧੀਨ ਪ੍ਰਸ਼ਨ 13.2 ਦੇ ਉੱਤਰ

1. ਸਮਰਥਨ ਮੁੱਲ ਉਤਪਾਦਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਦੁਆਰਾ ਸੰਤੁਲਿਤ ਮੁੱਲ ਤੋਂ ਵੱਧ ਨਿਰਧਾਰਤ ਕੀਮਤ ਹੈ।
2. ਉਤਪਾਦਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨਾ।



ਨੋਟ

3. ਸਰਕਾਰ ਜਿਣਸ ਦਾ ਬਫਰ ਸਟਾਕ ਬਣਾਉਣ ਲਈ ਉਸ ਕੀਮਤ 'ਤੇ ਵਸਤੂ ਦੀ ਕਿਸੇ ਵੀ ਮਾਤਰਾ ਨੂੰ ਖਰੀਦਣ ਲਈ ਤਿਆਰ ਹੈ।
4. (i) ਕਣਕ
   (ii) ਚਾਵਲ

## ਪਾਠ ਅਧੀਨ ਪ੍ਰਸ਼ਨ 13.3 ਦੇ ਉੱਤਰ

1. ਸੰਕੇਤਕ ਕੀਮਤ ਉਹ ਕੀਮਤ ਹੈ ਜੋ ਸਰਕਾਰ ਅਤੇ ਕੁਝ ਨਿੱਜੀ ਚੈਰੀਟੇਬਲ ਸੰਸਥਾਵਾਂ ਦੁਆਰਾ ਵਸਤੂ ਦੀ ਪ੍ਰਤੀ ਯੂਨਿਟ ਉਤਪਾਦਨ ਦੀ ਲਾਗਤ ਤੋਂ ਬਹੁਤ ਘੱਟ ਨਿਰਧਾਰਤ ਕੀਤੀ ਜਾਂਦੀ ਹੈ।

2. ਦੋਹਰੀ ਕੀਮਤ ਇੱਕ ਨੀਤੀ ਹੈ ਜਿਸ ਵਿੱਚ ਕਿਸੇ ਵਸਤੂ ਦੇ ਉਤਪਾਦਨ ਦਾ ਇੱਕ ਹਿੱਸਾ ਉਚਿਤ ਮੁੱਲ ਦੀਆਂ ਦੁਕਾਨਾਂ ਦੁਆਰਾ ਨਿਯੰਤਰਿਤ ਕੀਮਤ 'ਤੇ ਵੇਚਿਆ ਜਾਂਦਾ ਹੈ ਅਤੇ ਬਾਕੀ ਹਿੱਸਾ ਮੰਗ ਅਤੇ ਸਪਲਾਈ ਦੀਆਂ ਤਾਕਤਾਂ ਵਿਚਕਾਰ।

3. ਸਰਕਾਰ ਇਹਨਾਂ ਵਸਤਾਂ ਦੀ ਦੁਰਵਰਤੋਂ ਤੋਂ ਬਚਣ ਲਈ ਕੁਝ ਵਸਤਾਂ ਦੀ ਮੁਫ਼ਤ ਸਪਲਾਈ ਨਹੀਂ ਕਰਦੀ ਹੈ।

4. (ਅ)

## ਪਾਠ ਅਧੀਨ ਪ੍ਰਸ਼ਨ 13.4 ਦੇ ਉੱਤਰ

1. (i) ਸਬਸਿਡੀ (ii) ਨਿਸ਼ਚਿਤ ਮਾਤਰਾ ਜਾਂ ਰਾਸ਼ਨਿੰਗ (iii) ਉਚਿੱਤ ਦਰ ਵਾਲੀਆਂ ਦੁਕਾਨਾਂ

2. ਵਸਤਾਂ ਦੀ ਕੀਮਤ ਵਧ ਜਾਂਦੀ ਹੈ।

3. ਵਸਤਾਂ ਦੀ ਕੀਮਤ ਘਟਦੀ ਹੈ।

4. ਰਾਸ਼ਨਿੰਗ ਦਾ ਮਤਲਬ ਹੈ ਪ੍ਰਤੀ ਵਿਅਕਤੀ ਪ੍ਰਤੀ ਇਕਾਈ ਸਮੇਂ ਦਾ ਕੋਟਾ ਫਿਕਸ ਕਰਨਾ।

5. ਦੁਕਾਨ ਦੇ ਨਾਲ ਰਜਿਸਟਰਡ ਰਾਸ਼ਨ ਕਾਰਡਾਂ ਦੇ ਆਧਾਰ 'ਤੇ

6. (i) ਬਿਲੋਅ ਪਾਵਰਟੀ ਲਾਈਨ (ਗਰੀਬੀ ਰੇਖਾ ਤੋਂ ਹੇਠਾਂ) (ii) ਫੇਅਰ ਪ੍ਰਾਈਸ ਸ਼ੌਪਸ (ਉਚਿੱਤ ਦਰ ਦੀਆਂ ਦੁਕਾਨਾਂ) (iii) ਪਬਲਿਕ ਡਿਸਟਰੀਬਿਊਸ਼ਨ ਸਿਸਟਮ (ਜਨਤਕ ਵੰਡ ਪ੍ਰਣਾਲੀ)



ਨੋਟ

**ਤੁਹਾਡੇ ਸੁਝਾਅ**

---------------------------------------------------------------------------------------------

---------------------------------------------------------------------------------------------

---------------------------------------------------------------------------------------------

ਕੀ ਤੁਸੀਂ ਅਰਥਸ਼ਾਸਤਰ ਦੇ ਅਧਿਐਨ ਲਈ ਕੋਈ ਹੋਰ ਪੁਸਤਕ ਪੜ੍ਹੀ ਹੈ? ਹਾਂ/ਨਹੀਂ

ਜੇਕਰ ਹਾਂ ਤਾਂ ਉਸ ਨੂੰ ਪੜ੍ਹਨ ਦਾ ਕਾਰਨ ਦਿਓ।

ਨਾਮ :--------------------------------------- ਵਿਸ਼ਾ: ---------------------

ਦਾਖਲਾ ਨੰਬਰ: --------------------------- ਪੁਸਤਕ ਸੰਖਿਆ: ---------------

ਪਤਾ: ----------------------------------------------------------------------

----------------------------------------------------------------------

ਡਾਕ ਟਿਕਟ

ਸਹਾਇਕ ਨਿਰਦੇਸ਼ਕ (ਅਕਾਦਮਿਕ)

ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ

ਏ- 24-25, ਇੰਡਸਟਰੀਅਲ ਏਰੀਆ

ਸੈਕਟਰ-62, ਨੋਇਡਾ (ਯੂਪੀ)

ਡਾਕ ਟਿਕਟ

**ISBN 978-98-86808-23-44 (Book 1-2)**

ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ

NOT FOR SALE

ਪਿਆਰੇ ਵਿਦਿਆਰਥੀਓ







ਆਪਣੀਆਂ ਪਾਠ ਪੁਸਤਕਾਂ ਦਾ ਅਧਿਐਨ ਕਰਕੇ ਤੁਹਾਨੂੰ ਚੰਗਾ ਲੱਗਿਆ ਹੋਵੇਗਾ। ਪਾਠ ਸਮੱਗਰੀ ਨੂੰ ਪ੍ਰਸੰਗਿਕ ਅਤੇ ਰੁਚੀ ਭਰਪੂਰ ਬਣਾਉਣ ਲਈ ਅਸੀਂ ਭਰਪੂਰ ਯਤਨ ਕੀਤਾ ਹੈ। ਵਿਸ਼ਾ ਸਮੱਗਰੀ ਤਿਆਰ ਕਰਨੀ ਦੋ ਪਾਸੜ ਪ੍ਰਕਿਰਿਆ ਹੈ। ਤੁਹਾਡੀ ਪ੍ਰਤੀਪੁਸ਼ਟੀ ਵਿਸ਼ਾ ਸਮੱਗਰੀ ਨੂੰ ਸੁਧਾਰਨ ਵਿੱਚ ਸਾਡੀ ਮਦਦ ਕਰੇਗੀ। ਆਪਣੇ ਸਮੇਂ ਵਿੱਚੋਂ ਕੁਝ ਮਿੰਟ ਲਾਜ਼ਮੀ ਕੱਢੋ ਅਤੇ ਪ੍ਰਤੀਪੁਸ਼ਟੀ ਫਾਰਮ ਨੂੰ ਭਰੋ ਤਾਂ ਜੋ ਇੱਕ ਰੁਚੀ ਭਰਪੂਰ ਅਤੇ ਉਪਯੋਗੀ ਸਮੱਗਰੀ ਤਿਆਰ ਕੀਤੀ ਜਾ ਸਕੇ।

ਧੰਨਵਾਦ।

ਕੋਆਰਡੀਨੇਟਰ

(ਅਰਥ ਸ਼ਾਸਤਰ)